
ਦਸੰਬਰ - 2022


ਅੰਕ - 211

# ਸ਼ਬਦ ਬੂੰਦ

ਹਰਿਆਣਾ ਸਰਕਾਰ



ਹਰਿਆਣਾ ਪੰਜਾਬੀ ਸਾਹਿਤ ਅਕਾਦਮੀ



# ਸੀ. ਆਰ. ਮੌਦਗਿਲ

## 11 ਜਨਵਰੀ 1939 - 04 ਦਸੰਬਰ 2022

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਡਾਇਰੈਕਟਰ ਸੀ. ਆਰ. ਮੌਦਗਿਲ ਮਿਤੀ 04 ਦਸੰਬਰ 2022 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਭਾਵ ਭਿੰਨੀ ਸ਼ਰਧਾਜਲੀ ਭੇਂਟ ਕੀਤੀ ਜਾਂਦੀ ਹੈ।

# ਮੁੱਖ ਸ਼ਬਦ



ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਸਾਹਿਤਕ ਪੱਤ੍ਰਿਕਾ 'ਸ਼ਬਦ ਬੂੰਦ' ਰਾਹੀਂ ਮਾਨਵਤਾ ਦੇ ਹਿਤ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਮਹਾਨ ਸ਼ਖ਼ਸੀਅਤਾਂ, ਯੋਧਿਆਂ, ਸੂਰਬੀਰਾਂ, ਸ਼ਹੀਦਾਂ ਬਾਰੇ ਪਾਠਕਾਂ ਨੂੰ ਜਾਣੂ ਕਰਵਾਉਣ ਲਈ ਨਿਰੰਤਰ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲੜੀ ਤਹਿਤ ਇਸ ਅੰਕ ਵਿੱਚ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ ਲਖ਼ਤੇ ਜ਼ਿਗਰ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ ਕੀਤਾ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੇ ਜਿੱਥੇ ਮਾਨਵਤਾ ਨੂੰ ਸੇਵਾ ਤੇ ਸਿਮਰਨ ਦੀ ਪ੍ਰੇਰਣਾ ਦਿੱਤੀ, ਉੱਥੇ ਨਾਲ ਹੀ ਜ਼ਬਰ-ਜ਼ੁਲਮ ਦੇ ਵਿਰੁੱਧ ਡਟਣ ਦਾ ਸਾਹਸ ਵੀ ਜਗਾਇਆ। ਗੁਰੂ ਸਾਹਿਬ ਨੇ ਮਨੁੱਖਤਾ ਦਾ ਕਲਿਆਣ ਕਰਨ ਲਈ ਹੱਕ, ਸੱਚ, ਨਿਆਂ ਦਾ ਹਲੀਮੀ ਰਾਜ ਸਥਾਪਤ ਕਰਨ ਦੀ ਨੀਂਹ ਰੱਖੀ ਅਤੇ ਮੁਗਲ ਹਕੂਮਤ ਦਾ ਵਿਰੋਧ ਕਰਦਿਆਂ ਬਾਬਰ ਨੂੰ ਜਾਬਰ ਕਿਹਾ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ 'ਤੇ ਚਲਦੇ ਹੋਏ ਜ਼ੁਲਮ ਤੇ ਅਨਿਆਂ ਵਿਰੁੱਧ (ਪੰਜਵੇਂ ਨਾਨਕ) ਗੁਰੂ ਅਰਜਨ ਸਾਹਿਬ ਨੇ ਲਾਹੌਰ ਅਤੇ (ਨੌਵੇਂ ਨਾਨਕ) ਗੁਰੂ ਤੇਗ਼ ਬਹਾਦਰ ਸਾਹਿਬ ਨੇ ਦਿੱਲੀ ਵਿੱਚ ਸ਼ਹਾਦਤ ਦਿੱਤੀ। ਦਸਵੇਂ ਨਾਨਕ, ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਨੂੰ ਧਰਮ ਯੁੱਧ ਲਈ ਤਿਆਰ ਕੀਤਾ ਅਤੇ ਜਰਨੈਲ ਬੰਦਾ ਸਿੰਘ ਬਹਾਦਰ ਨੇ ਗੁਰੂ ਨਾਨਕ ਸਾਹਿਬ ਦੇ ਹਲੀਮੀ ਰਾਜ ਦੀ ਸਥਾਪਤੀ ਨੂੰ ਅਮਲੀ ਰੂਪ ਵਿੱਚ ਲਾਗੂ ਕੀਤਾ।

ਹਲੀਮੀ ਰਾਜ ਦੀ ਸਥਾਪਤੀ ਦੇ ਇਤਿਹਾਸ ਵਿੱਚ ਪੋਹ (ਦਸੰਬਰ) ਦਾ ਮਹੀਨਾ 'ਸ਼ਹਾਦਤਾਂ ਦਾ ਮਹੀਨਾ' ਹੋਣ ਕਰਕੇ ਅਨੰਦਪੁਰ ਤੋਂ ਲੈ ਕੇ ਮਾਛੀਵਾੜੇ ਦੇ ਸਫ਼ਰ ਤੱਕ ਆਪਣਾ ਨਿਵੇਕਲਾ ਇਤਿਹਾਸ ਸਾਂਭੀ ਬੈਠਾ ਹੈ। ਇਸ ਸਮੇਂ ਦੌਰਾਨ ਗੁਰੂ ਗੋਬਿੰਦ ਸਿੰਘ ਦਾ ਅਨੰਦਪੁਰ ਦਾ ਕਿਲ੍ਹਾ ਛੱਡਣਾ, ਪਰਿਵਾਰ ਵਿਛੋੜੇ ਦੀ ਦਾਸਤਾਨ, ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦਿਆਂ ਦਾ ਚਮਕੌਰ ਦੀ ਜੰਗ ਵਿੱਚ ਸ਼ਹੀਦੀ ਪ੍ਰਾਪਤ ਕਰਨਾ, ਛੋਟੇ ਸਾਹਿਬਜ਼ਾਦਿਆਂ ਦਾ ਸਰਹਿੰਦ ਦੀਆਂ ਨੀਂਹਾਂ ਵਿੱਚ ਚਿਣੇ ਜਾਣਾ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸੂਰਬੀਰਾਂ ਦੀਆਂ ਸ਼ਹਾਦਤਾਂ ਦਾ ਇਤਿਹਾਸ ਸ਼ਾਮਲ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ 'ਛੋਟੀਆਂ ਜ਼ਿੰਦਾਂ ਵੱਡਾ ਸਾਕਾ' ਹੈ ਅਤੇ ਆਪਣੇ ਦਾਦਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਮੌਤ ਦਾ ਭੈ ਕਥਨ 'ਤੇ ਪਹਿਰਾ ਦਿੰਦੇ ਹੋਏ ਸ਼ਹਾਦਤ ਦਿੱਤੀ ਅਤੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ। ਸਾਹਿਬਜ਼ਾਦਿਆਂ ਦੀ ਦ੍ਰਿੜ੍ਹਤਾ ਅਤੇ ਸਾਹਸ ਨੇ ਜੋ ਸੁਨਹਿਰੀ ਇਤਿਹਾਸ ਸਿਰਜਿਆ, ਉਹ ਅੱਜ ਵੀ ਮਾਨਵਤਾ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਭਾਰਤ ਸਰਕਾਰ ਵੱਲੋਂ 26 ਦਸੰਬਰ ਦਾ ਦਿਨ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਕਰਦਿਆਂ ਹੋਇਆ ਇਸ ਦਿਨ ਨੂੰ 'ਵੀਰ ਬਾਲ ਦਿਵਸ' ਦੇ ਰੂਪ ਵਿੱਚ ਮਨਾਉਣ ਦਾ ਐਲਾਨ ਕੀਤਾ ਹੈ। 1708 ਵਿੱਚ ਸਾਹਿਬ-ਏ-ਕਮਾਲ, ਸਰਬੰਸਦਾਨੀ, ਮਹਾਨ ਰਾਜਨੀਤਿਕ ਤੇ ਧਾਰਮਿਕ ਆਗੂ ਗੁਰੂ ਗੋਬਿੰਦ ਸਿੰਘ ਜੀ ਨੇ ਜੋਤਿ-ਜੋਤ ਸਮਾਉਣ ਤੋਂ ਪਹਿਲਾਂ ਸਿੱਖ ਕੌਮ ਨੂੰ ਸ਼ਬਦ ਗੁਰੂ ਦੀ ਅਗਵਾਈ ਵਿੱਚ ਚੱਲਣ ਦਾ ਹੁਕਮ ਦੇ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਦਿੱਤੀ।

25 ਦਸੰਬਰ ਸਾਬਕਾ ਪ੍ਰਧਾਨ ਮੰਤਰੀ ਭਾਰਤ ਰਤਨ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਦੇ ਜਨਮ ਦਿਵਸ ਨੂੰ ਸਮਰਪਿਤ 'ਸੁਸ਼ਾਸਨ ਦਿਵਸ' ਵਜੋਂ ਮਨਾਇਆ ਜਾਂਦਾ ਹੈ ਅਤੇ ਇਸੇ ਹੀ ਦਿਨ ਨੂੰ ਦੁਨੀਆਂ ਵਿੱਚ ਕ੍ਰਿਸਮਿਸ ਦੇ ਰੂਪ ਵਿੱਚ ਵੀ ਯਾਦ ਕੀਤਾ ਜਾਂਦਾ ਹੈ। ਜਲਿਆਂਵਾਲੇ ਬਾਗ ਵਿੱਚ ਵਾਪਰੇ ਕਤਲੇਆਮ ਦੇ ਜ਼ਿੰਮੇਵਾਰ ਮਾਈਕਲ ਓਡਵਾਇਰ ਨੂੰ ਸਦਾ ਦੀ ਨੀਂਦ ਸੁਆਉਣ ਵਾਲੇ ਬਹਾਦਰ ਯੋਧੇ ਊਧਮ ਸਿੰਘ ਦਾ ਜਨਮ 26 ਦਸੰਬਰ 1899 ਨੂੰ ਹੋਇਆ। ਉਨ੍ਹਾਂ ਦੀ ਬੇਮਿਸਾਲ ਸੂਰਬੀਰਤਾ ਤੇ ਦੇਸ਼ ਭਗਤੀ ਸਦਾ ਸਾਡਾ ਰਾਹ ਰੁਸ਼ਨਾਉਂਦੇ ਰਹਿਣਗੇ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਮੌਕੇ ਉਨ੍ਹਾਂ ਨੂੰ ਨਿਮਰਤਾ ਸਹਿਤ ਸ਼ਰਧਾਂਜਲੀ ਭੇਂਟ ਕਰਦੀ ਹੈ।

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੂੰ ਪਾਠਕਾਂ ਦੇ ਪੱਤਰਾਂ/ਚਿੱਠੀਆਂ ਦੀ ਹਮੇਸ਼ਾ ਉਡੀਕ ਰਹਿੰਦੀ ਹੈ। 'ਸ਼ਬਦ ਬੂੰਦ' ਦੇ ਸੁਹਿਰਦ ਪਾਠਕ/ਵਿਦਵਾਨ/ਸਾਹਿਤਕਾਰ 'ਸੰਪਾਦਕ ਦੇ ਨਾਂ ਪੱਤਰ' ਕਾਲਮ ਲਈ ਆਪਣੇ ਬਹੁਮੁੱਲੇ ਵਿਚਾਰ ਜ਼ਰੂਰ ਭੇਜਣ ਤਾਂ ਜੋ ਉਹਨਾਂ ਨੂੰ ਸ਼ਬਦ ਬੂੰਦ ਵਿੱਚ ਪ੍ਰਕਾਸ਼ਿਤ ਕੀਤਾ ਜਾ ਸਕੇ।

ਗੁਰਵਿੰਦਰ ਸਿੰਘ
ਡਿਪਟੀ ਚੇਅਰਮੈਨ
74044-99999

# ਸੰਪਾਦਕੀ



ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਆਪਣੀ ਮਾਸਿਕ ਪਤ੍ਰਿਕਾ 'ਸ਼ਬਦ ਬੂੰਦ' ਰਾਹੀਂ ਸਿਰਫ ਹਰਿਆਣੇ ਵਿੱਚ ਹੀ ਨਹੀਂ ਸਗੋਂ ਹੋਰਨਾਂ ਸੂਬਿਆਂ ਅਤੇ ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਵੀ ਸ਼ਾਮਿਲ ਕਰਕੇ ਆਪਣੇ ਅੰਗ-ਸੰਗ ਤੋਰਿਆ ਹੈ। ਨਵੇਂ ਤੇ ਪੁਰਾਣੇ ਲੇਖਕ ਆਪਣੀਆਂ ਰਚਨਾਵਾਂ ਰਾਹੀਂ ਵੰਨ-ਸੁਵੰਨੇ ਰੰਗ ਪੇਸ਼ ਕਰਕੇ ਇਸ ਪਤ੍ਰਿਕਾ ਦੀ ਬਿਹਤਰੀ ਲਈ ਪ੍ਰਯਾਸਰਤ ਹਨ। ਅਦਾਰੇ ਵੱਲੋਂ ਬਹੁਤ ਸਾਰੇ ਉਭਰਦੇ ਲੇਖਕਾਂ ਨਾਲ ਸੰਪਰਕ ਕਰਕੇ ਉਨ੍ਹਾਂ ਦੀਆਂ ਲਿਖਤਾਂ ਨੂੰ ਯੋਗ ਥਾਂ ਦੇ ਕੇ ਉਤਸਾਹਿਤ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਵਿੱਚ ਉਤਸਾਹ ਭਰਨ ਦੇ ਨਾਲ ਨਾਲ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਖੜੋਤ ਦੂਰ ਹੋ ਕੇ ਹੋਰ ਪ੍ਰਪੱਕਤਾ ਆ ਸਕੇ। ਨਵੇਂ ਲੇਖਕਾਂ ਦੀਆਂ ਰਚਨਾਵਾਂ ਦੇਸ਼-ਵਿਦੇਸ਼ ਵਿੱਚ ਵਸਦੇ ਪਾਠਕਾਂ ਅੱਗੇ ਪੇਸ਼ ਕਰਦੇ ਹੋਏ ਸਕੂਨ ਭਰੀ ਤਸੱਲੀ ਦਾ ਅਹਿਸਾਸ ਹੁੰਦਾ ਹੈ।

ਆਮ ਲੋਕਾਈ ਨੂੰ ਇਕ ਨਰੋਆ, ਸੰਤੁਲਿਤ, ਮਨੁੱਖੀ-ਬਰਾਬਰੀ, ਸਾਂਝੀਵਾਲਤਾ, ਗੈਰਤ, ਗੌਰਵ ਅਤੇ ਅਣਖ-ਭਰਪੂਰ ਜੀਵਨ ਮੁਹੱਈਆ ਕਰਾਉਣ ਹਿੱਤ ਗੁਰੂ ਸਾਹਿਬਾਨਾਂ ਨੇ ਇਕ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਸ ਲੰਮੇ ਸੰਘਰਸ਼ ਦੌਰਾਨ ਗੁਰੂ ਪਰਿਵਾਰਾਂ, ਅਣਗਿਣਤ ਸਿੰਘਾਂ-ਸਿੰਘਣੀਆਂ ਨੂੰ ਤਸੀਹੇ ਝੱਲਣੇ ਪਏ ਅਤੇ ਸ਼ਹੀਦੀਆਂ ਦੇਣੀਆਂ ਪਈਆਂ। ਦਿਸੰਬਰ ਮਹੀਨੇ ਵਿੱਚ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਲੜਦੇ ਹੋਏ ਸ਼ਹੀਦ ਹੋ ਗਏ, ਉਨ੍ਹਾਂ ਤੋਂ ਬਾਅਦ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਸੂਬਾ ਸਰਹਿੰਦ ਵਲੋਂ ਜਿਉਂਦੇ-ਜੀਅ ਕੰਧਾਂ ਵਿਚ ਚਿਣਵਾ ਕੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਸ਼ਹੀਦੀ ਅਸਥਾਨਾਂ 'ਤੇ ਹਰੇਕ ਵਰ੍ਹੇ ਸਿੱਖ ਸੰਗਤਾਂ ਜੋੜ-ਮੇਲੇ 'ਤੇ ਇਕੱਤਰ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਂਟ ਕਰਦੀਆਂ ਹਨ।

25 ਦਿਸੰਬਰ ਨੂੰ ਸ੍ਰੀ ਅਟੱਲ ਬਿਹਾਰੀ ਵਾਜਪਾਈ ਜੀ ਦੇ ਜਨਮ ਦਿਨ ਦੀ ਯਾਦ ਵਿੱਚ ਭਾਰਤ ਸਰਕਾਰ ਵੱਲੋਂ 'ਸੁਸ਼ਾਸਨ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਆਪ ਨੇ ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਤਿੰਨ ਵਾਰ ਦੇਸ਼ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ। ਆਪ ਨੂੰ ਸਮੇਂ- ਸਮੇਂ ਤੇ 'ਪਦਮ ਭੂਸ਼ਨ' 'ਸਰਵੋਤਮ ਸੰਸਦੀ ਅਵਾਰਡ' 'ਭਾਰਤ ਰਤਨ ਪੁਰਸਕਾਰ' ਅਤੇ ਹੋਰ ਸਾਰੇ ਸਨਮਾਨਾਂ ਨਾਲ ਨਿਵਾਜਿਆ ਗਿਆ। 26 ਦਿਸੰਬਰ ਵਾਲੇ ਦਿਨ ਸ਼ਹੀਦ ਉਧਮ ਸਿੰਘ ਦਾ ਜਨਮ ਦਿਨ ਹੈ ਜਿਸਨੇ ਜਲ੍ਹਿਆਂਵਾਲੇ ਬਾਗ ਵਿੱਚ ਬਰਤਾਨਵੀ ਹਕੂਮਤ ਵੱਲੋਂ ਕੀਤੇ ਗਏ ਅਣਮਨੁੱਖੀ ਘਾਣ ਦਾ ਬਦਲਾ ਲੈਂਦੇ ਹੋਏ ਮਾਈਕਲ ਉਡਵਾਇਰ ਨੂੰ ਮੌਤ ਦੇ ਘਾਟ ਉਤਾਰਿਆ ਸੀ। ਭਾਰਤੀ ਜਨਤਾ ਦਾ ਸਿਰ ਉੱਚਾ ਕਰਨ ਵਾਲੇ ਇਸ ਯੋਧੇ ਦੇ ਕਾਰਨਾਮੇ ਨੂੰ ਹਮੇਸਾ ਯਾਦ ਰੱਖਿਆ ਜਾਵੇਗਾ। ਈਸਾਈ ਭਾਈਚਾਰੇ ਵੱਲੋਂ 25 ਦਿਸੰਬਰ ਨੂੰ ਆਪਣੇ ਗੁਰੂ ਈਸਾ ਮਸੀਹ ਦਾ ਜਨਮ ਦਿਨ ਬਹੁਤ ਉਤਸ਼ਾਹ ਤੇ ਖੁਸ਼ੀਆਂ ਨਾਲ ਮਨਾਇਆ ਜਾਂਦਾ ਹੈ। ਹਰੇਕ ਗੁਰੂ, ਪੈਗੰਬਰ, ਅਵਤਾਰ ਵੱਲੋਂ ਦਿੱਤੀਆਂ ਸਿੱਖਿਆਵਾਂ ਸਮੂਹ ਜਗਤ ਲਈ ਸਾਂਝੀਆਂ ਹੁੰਦੀਆਂ ਹਨ, ਸਾਨੂੰ ਉਨ੍ਹਾਂ ਦੀਆਂ ਸਿਖਿਆਵਾਂ ਤੇ ਚਲਕੇ ਆਪਣਾ ਜੀਵਨ ਸਾਰਥਕ ਤੇ ਉਚੇਰਾ ਕਰਨਾ ਚਾਹੀਦਾ ਹੈ।

ਪਾਠਕਾਂ ਦੇ ਸੁਝਾਅ ਤੇ ਪ੍ਰਸੰਸਾਮਈ ਅਸੀਸਾਂ ਸਾਨੂੰ ਹੋਰ ਨਿਸ਼ਠਾ ਨਾਲ ਕਾਰਜ ਕਰਨ ਲਈ ਉਤਸ਼ਾਹਤ ਕਰਦੀਆਂ ਹਨ। ਆਪ ਸਭ ਦੇ ਸੂਝਵਾਨ ਵਿਚਾਰਾਂ ਦੀ ਉਡੀਕ ਰਹੇਗੀ।

ਡਾਇਰੈਕਟਰ
89098-13333

ISSN 2456-544X

# ਸ਼ਬਦ ਬੂੰਦ



**ਦਸੰਬਰ, 2022**
ਅੰਕ-211, 20/-ਰੁਪਏ

ਪ੍ਰਧਾਨ ਸਰਪ੍ਰਸਤ ਤੇ ਚੇਅਰਮੈਨ
ਮਨੋਹਰ ਲਾਲ
ਮੁੱਖ ਮੰਤਰੀ, ਹਰਿਆਣਾ

ਪ੍ਰਧਾਨ ਸੰਪਾਦਕ
ਅਨੁਰਾਗ ਅਗਰਵਾਲ, ਆਈ.ਏ.ਐਸ.
ਕਾਰਜਕਾਰੀ ਉਪ ਚੇਅਰਮੈਨ, ਅਕਾਦਮੀ

ਪ੍ਰਬੰਧ ਸੰਪਾਦਕ
ਅਮਿਤ ਕੁਮਾਰ ਅਗਰਵਾਲ, ਆਈ.ਏ.ਐਸ.
ਡਾਇਰੈਕਟਰ ਜਨਰਲ, ਸੂਚਨਾ, ਲੋਕ ਸੰਪਰਕ ਤੇ
ਭਾਸ਼ਾ ਵਿਭਾਗ, ਹਰਿਆਣਾ



ਮੁੱਖ ਸੰਪਾਦਕ
ਗੁਰਵਿੰਦਰ ਸਿੰਘ ਧਮੀਜਾ
ਡਿਪਟੀ ਚੇਅਰਮੈਨ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸੰਪਾਦਕ
ਸੁਨੀਲ ਵਸ਼ਿਸ਼ਟ
ਡਾਇਰੈਕਟਰ
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ

ਸਹਿ ਸੰਪਾਦਕ
ਹਰਦਿਆਲ ਸਿੰਘ

ਸੰਪਾਦਕੀ ਬੋਰਡ
ਡਾ. ਰਤਨ ਸਿੰਘ ਢਿੱਲੋਂ, ਅੰਬਾਲਾ
ਡਾ. ਮਨਜੀਤ ਸਿੰਘ, ਦਿੱਲੀ
ਪ੍ਰੋ. ਰਵਿੰਦਰ ਕੁਮਾਰ, ਦਿੱਲੀ ਯੂਨੀਵਰਸਿਟੀ, ਦਿੱਲੀ
ਡਾ. ਪਰਮਜੀਤ ਕੌਰ ਸਿੱਧੂ, ਕੁਰੂਕਸ਼ੇਤਰ ਯੂਨੀਵਰਸਿਟੀ
ਸ. ਜਰਨੈਲ ਸਿੰਘ, ਯਮੁਨਾਨਗਰ, ਹਰਿਆਣਾ



ਪ੍ਰਕਾਸ਼ਕ :
ਹਰਿਆਣਾ ਪੰਜਾਬੀ ਸਾਹਿਤ ਅਕਾਦਮੀ
ਆਈ. ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ)
ਫ਼ੋਨ : 0172-2972071, 2577798
ਈ-ਮੇਲ : hpsaa55@gmail.com
ਵੈੱਬ-ਸਾਈਟ : haryanapunjabisahityaacademy.com

ਸੰਪਾਦਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ। ਕਿਸੇ ਪ੍ਰਕਾਰ ਦੀ 'ਸ਼ਬਦ ਬੂੰਦ', ਅਕਾਦਮੀ ਡਾਇਰੈਕਟਰ ਜਾਂ ਅਕਾਦਮੀ ਸੰਬੰਧੀ ਕਾਨੂੰਨੀ ਕਾਰਵਾਈ ਸਿਰਫ ਪੰਚਕੂਲਾ ਦੀ ਅਦਾਲਤ ਵਿੱਚ ਹੀ ਹੋ ਸਕਦੀ ਹੈ।



# ਤਤਕਰਾ


| ਲੜੀ ਨੰ. | ਲੇਖਕ | ਰਚਨਾ | ਪੰਨਾ ਨੰ. |
|---|---|---|---|
| 1. | ਰਘਵੀਰ ਸਿੰਘ | ਕਸਤੂਰੀ ਦੀ ਮਹਿਕ ਵਾਲਾ ਸੀ.ਆਰ. ਮੌਦਗਿਲ | 05 |
| 2. | ਡਾ. ਰਣਜੀਤ ਸਿੰਘ | ਨਾ ਬਰਾਬਰੀ ਅਤੇ ਜ਼ੁਲਮ ਨੂੰ ਮੇਟਣ ਵਾਲਾ ਯੁੱਗ ਪੁਰਸ਼ | 07 |
| 3. | ਮਨਜੀਤ ਅੰਬਾਲਵੀ | ਪੁੱਤ ਗੁਰੂ ਦਸ਼ਮੇਸ਼ ਦੇ | 11 |
| 4. | ਪ੍ਰੋ. ਨਵ ਸੰਗੀਤ ਸਿੰਘ | ਜ਼ੁਲਮ ਦੀ ਇੰਤਹਾ : ਸਾਕਾ ਸਰਹਿੰਦ | 12 |
| 5. | ਪ੍ਰੋ. ਨਰਿੰਦਰਪਾਲ ਸਿੰਘ | ਨਿੱਕੀਆਂ ਜਿੰਦਾਂ | 15 |
| 6. | ਜਗਤਾਰ ਸਿੰਘ ਰਾਜਾ | ਛੋਟੇ ਸਾਹਿਬਜ਼ਾਦਿਆਂ ਨੂੰ ਦਾਦੀ ਦੀ ਸਿੱਖਿਆ | 16 |
| 7. | ਹਰਜਿੰਦਰ ਸਿੰਘ ਸਾਈਂ | ਗੋਬਿੰਦ ਦੇ ਲਾਲ | 17 |
| 8. | ਹਰਭਜਨ ਸਿੰਘ ਰਾਜਾ | ਛੋਟੇ ਸਾਹਿਬਜ਼ਾਦਿਆਂ ਦੀ ਵਾਰ | 18 |
| 9. | ਲਖਵਿੰਦਰ ਸਿੰਘ ਬਾਜਵਾ | ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ | 19 |
| 10. | ਸੁਖਦੇਵ ਸਿੰਘ ਸ਼ਾਂਤ | ਆਓ ਉਨ੍ਹਾਂ ਦੀ ਗੱਲ ਕਰੀਏ | 20 |
| 11. | ਡਾ. ਸਾਹਿਬ ਸਿੰਘ ਅਰਸ਼ੀ | ਪੰਜਾਬੀ ਸਾਹਿਤ ਚਿੰਤਨ ਦਾ ਸਿਰਮੌਰ ਲੇਖਕ : ਭਾਈ ਵੀਰ ਸਿੰਘ | 21 |
| 12. | ਸੁਵਰਨ ਸਿੰਘ ਵਿਰਕ | ਹੀਰ ਕਾਵਿ ਵਿਚ ਨਵਾਂ ਨਾਮ : ਅਜੀਤ ਸਿੰਘ ਸੰਧੂ | 24 |
| 13. | ਅਸ਼ਵਨੀ ਕੁਮਾਰ | ਮਾਂ | 27 |
| 14. | ਗੁਰਪ੍ਰੀਤ ਕੌਰ ਸੈਣੀ | ਪੰਜਾਬੀ ਲੋਕ-ਸਾਹਿਤ ਵਿੱਚ ਘੋੜੀਆਂ ਤੇ ਸਿੱਠਣੀਆਂ | 28 |
| 15. | ਜਗਸੀਰ ਸਿੰਘ | ਬੋਲ ਮਰਦਾਨਿਆਂ ਨਾਵਲ ਵਿਚ ਮਰਦਾਨੇ ਤੇ ਬਾਬੇ ਨਾਨਕ ਦੇ ਸੰਬੰਧ | 30 |
| 16. | ਬਲਜਿੰਦਰ ਸਿੰਘ ਸੰਧੂ | ਰਿਸ਼ਤੇ ਤੇ ਅਸੀਂ | 35 |
| 17. | ਲਖਵੀਰ ਸਿੰਘ | ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ | 37 |
| 18. | ਰਮਨਪ੍ਰੀਤ ਕੌਰ | ਮਨਜੀਤ ਟਿਵਾਣਾ ਦੀ ਲੰਬੀ ਕਵਿਤਾ : ਸਾਵਿਤਰੀ | 44 |
| 19. | ਧਰਮਿੰਦਰ ਸ਼ਾਹਿਦ | ਗ਼ਜ਼ਲ | 48 |
| 20. | ਮੁਨੀਸ਼ ਭਾਟੀਆ | ਅੰਤਰਰਾਸ਼ਟਰੀ ਗੀਤਾ ਮਹੋਤਸਵ : ਵਿਸ਼ਵਾਸ ਅਤੇ ਲੋਕ ਸੰਸਕ੍ਰਿਤੀ ਦਾ ਅਨੋਖਾ ਸੰਗਮ | 49 |
| 21. | ਨਿਰੰਜਨ ਸਿੰਘ ਸੈਲਾਨੀ | ਸਾਂਗਲਾ ਵਾਦੀ | 51 |
| 22. | ਡਾ. ਸੰਜੀਵ ਕੁਮਾਰੀ | ਐਲੂਮੀਨੀਅਮ ਫੁਆਇਲ-ਸਿਹਤ ਲਈ ਕਿੰਨੀ ਖ਼ਤਰਨਾਕ | 54 |
| 23. | ਗੁੰਜਨ | ਕਵਿਤਾ | 55 |
| 24. | ਰਮੇਸ਼ ਰਜਪੁਰੇਵਾਲਾ | ਗੀਤ | 56 |
| 25. | ਗੁਰਦਿਆਲ ਸਿੰਘ ਮੌਜੀ | ਊਧਮ ਸਿੰਘ | 57 |
| 26. | ਜੱਸ ਵਰਮਾ | ਹਾਲਾਤ | 57 |
| 27. | ਇੰਦੂ ਗੁਪਤਾ | ਜਿਊਣ ਦੀ ਰੀਤ | 58 |
| 28. | ਗੁਰਦਾਸ ਸਿੰਘ ਪਾਲਣਾ | ਸਿੰਘਣੀ | 63 |
| 29. | ਚਰਨਜੀਤ ਕੌਰ | ਵੱਡਾ ਦਿਨ ਕ੍ਰਿਸਮਸ | 67 |
| 30. | ਦਲਜੀਤ ਰਾਏ ਕਾਲੀਆ | ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ : ਭਾਈ ਵੀਰ ਸਿੰਘ | 69 |
| 31. | ਓਮਕਾਰ ਸੂਦ ਬਹੋਨਾ | ਸ਼ਾਂਤਾ ਕਲਾਜ | 73 |
| 32. | ਬੀ.ਡੀ. ਕਾਲੀਆ | ਸ਼ਹੀਦ ਊਧਮ ਸਿੰਘ | 74 |
| 33. | ਸੰਪਾਦਕ ਦੇ ਨਾਂ ਪੱਤਰ | | 75 |

# ਕਸਤੂਰੀ ਦੀ ਮਹਿਕ ਵਾਲਾ ਸੀ.ਆਰ. ਮੌਦਗਿਲ

ਰਘਵੀਰ ਸਿੰਘ



ਹਰੇਕ ਮਨੁੱਖ ਦੇ ਜੀਵਨ ਵਿੱਚ ਅਨੇਕਾਂ ਮੋੜਾਂ 'ਤੇ ਬਹੁਤ ਮਨੁੱਖਾਂ ਨਾਲ ਵਾਹ ਪੈਂਦਾ ਹੈ ਪਰ ਕੁਝ ਵਿਅਕਤਿਤਵ ਅਜਿਹੇ ਹੁੰਦੇ ਹਨ ਜਿਹੜੇ ਸਹਿਜੇ ਹੀ ਆਪਣੀ ਚੁੰਬਕੀ ਸ਼ਖ਼ਸੀਅਤ ਸਦਕਾ ਹੋਰਨਾਂ ਨੂੰ ਪ੍ਰਭਾਵਿਤ ਕਰਦੇ ਤੇ ਕੁਝ ਨਵੀਆਂ ਪੈੜਾਂ ਪਾ ਕੇ ਆਪਣੀ ਅਮਿੱਟ ਛਾਪ ਛੱਡ ਜਾਂਦੇ ਹਨ। ਅਜਿਹੇ ਹੀ ਵਿਅਕਤਿਤਵ ਦੇ ਮਾਲਕ ਸਨ ਸ੍ਰੀ ਸੀ. ਆਰ. ਮੌਦਗਿਲ। ਪਿਛਲੇ ਲਗਭਗ ਅੱਧੇ ਦਹਾਕੇ ਤੋਂ ਉਨ੍ਹਾਂ ਨਾਲ ਵਿਚਰਦਿਆਂ ਉਨ੍ਹਾਂ ਨੂੰ ਸੁਯੋਗ ਪ੍ਰਬੰਧਕ, ਜੀਵਨ ਨੂੰ ਸਹਿਜ ਨਾਲ ਜੀਉਣ ਵਾਲੇ ਤੇ ਮਿੱਠੇ ਸ਼ਬਦਾਂ ਦੇ ਹਾਰ ਪਰੋ ਕੇ ਕਿਸੇ ਨੂੰ ਵੀ ਆਪਣਾ ਬਣਾ ਲੈਣ ਵਾਲੇ ਅਤੇ ਵਧੀਆ ਯਾਦ ਸ਼ਕਤੀ ਦੇ ਮਾਲਕ ਵਜੋਂ ਜਾਣਿਆ ਹੈ। ਉਨ੍ਹਾਂ ਦੇ ਕਥਨ ਕਿ ਅੱਧੇ ਖ਼ਾਲੀ ਗਲਾਸ ਨੂੰ ਅੱਧਾ ਖ਼ਾਲੀ ਮੰਨਣ ਦੀ ਥਾਂ ਅੱਧਾ ਭਰਿਆ ਮੰਨਣਾ ਉਨ੍ਹਾਂ ਦੀ ਜ਼ਿੰਦਗੀ ਤੇ ਸਮਾਜ ਪ੍ਰਤੀ ਸਾਕਾਰਾਤਮਕ ਸੋਚ ਦਾ ਸੂਚਕ ਸੀ। ਉਨ੍ਹਾਂ ਦੇ ਘਰ ਗਿਆ ਕਿਸੇ ਬੇਲੋੜੀ ਬੰਦਸ ਦਾ ਨਾ ਹੋਣਾ ਤੇ ਬਗੈਰ ਕਿਸੇ ਉਚੇਚ ਦੇ ਪਰਿਵਾਰਿਕ ਮੈਂਬਰਾਂ ਦਾ ਘੁਲ ਮਿਲ ਜਾਣਾ ਇੱਕ ਸਕੂਨ ਭਰਿਆ ਅਹਿਸਾਸ ਦਿੰਦਾ ਸੀ।

ਉਨ੍ਹਾਂ ਦੀ ਮੁਢਲੀ ਸਿੱਖਿਆ ਸਮੁੱਚੇ ਮਾਲਵੇ ਵਿੱਚ ਰੂਹਾਨੀਅਤ ਦੇ ਨਾਲ-ਨਾਲ ਵਿਦਿਅਕ ਚਾਨਣ ਫੈਲਾਉਣ ਵਾਲੇ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਵੱਲੋਂ ਆਰੰਭ ਕੀਤੇ ਵਿਦਿਅਕ ਕੇਂਦਰ ਤੋਂ ਪ੍ਰਾਪਤ ਕੀਤੀ ਸੀ, ਉਸ ਮਹਾਨ ਆਤਮਾ ਦਾ ਸਤਿਕਾਰ ਪੂਰਕ ਜ਼ਿਕਰ ਮੌਦਗਿਲ ਜੀ ਦੇ ਬੋਲਾਂ ਵਿੱਚ ਅਕਸਰ ਸੁਣਿਆ ਜਾਂਦਾ ਸੀ। ਭਾਵੇਂ ਮੌਦਗਿਲ ਜੀ ਨੇ ਉਚੇਰੀ ਵਿਦਿਆ ਪ੍ਰਾਪਤ ਕਰਕੇ ਉਚੇਰੀਆਂ ਮੰਜ਼ਿਲਾਂ ਸਰ ਕਰਦੇ ਹੋਏ ਅੱਠ ਨੌਕਰੀਆਂ ਤੋਂ ਅਸਤੀਫੇ ਦੇ ਕੇ ਨੌਵੀਂ ਨੌਕਰੀ ਵਿਕਾਸ ਅਫ਼ਸਰ, ਭਾਸ਼ਾ ਵਿਭਾਗ ਤੋਂ ਫਿਰ ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਤੋਂ ਰਿਟਾਇਰ ਹੋ ਕੇ ਫਿਰ ਵਕਾਲਤ ਤੇ ਪੱਤਰਕਾਰੀ ਕਰਦਿਆਂ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਕਾਰਜ ਸੰਭਾਲਿਆ।

ਇਨ੍ਹਾਂ ਦੇ ਨਿਰਦੇਸ਼ਕ ਪਦ ਦੀ ਜ਼ਿੰਮੇਵਾਰੀ ਸੰਭਾਲਣ ਤੋਂ ਲਗਭਗ ਪੰਜ ਕੁ ਸਾਲਾਂ ਵਿੱਚ ਪੰਜਾਬੀ ਸਾਹਿਤ ਅਕਾਦਮੀ ਨੇ ਨਵੀਆਂ ਬੁਲੰਦੀਆਂ ਨੂੰ ਛੂਹਿਆ ਤੇ ਵਿਲੱਖਣ ਪਛਾਣ ਬਣਾਈ। ਉਨ੍ਹਾਂ ਦੇ ਦਾਨੇ ਸੁਭਾਅ ਤੇ ਸਿਆਣਪ ਸਦਕਾ ਨਿਰਦੇਸ਼ਕ ਪਦ ਦੀ ਕੁਰਸੀ ਨੂੰ ਬਹੁਤ ਵੱਡਾ ਮਾਣ ਸਤਿਕਾਰ ਮਿਲਿਆ। ਉਨ੍ਹਾਂ ਦੇ ਉਸ ਸਮੇਂ ਦੇ ਸਿੱਖਿਆ ਤੇ ਭਾਸ਼ਾ ਮੰਤਰੀ ਸ੍ਰੀ ਫੂਲ ਚੰਦ ਮੁਲਾਨਾ ਨਾਲ ਦੋਸਤੀ ਦੀ ਪੀਡੀ ਗੰਢ ਤੇ ਇਨ੍ਹਾਂ ਦੇ ਉਚੇਚੇ ਤੇ ਸਾਰਥਿਕ ਯਤਨਾਂ ਸਦਕਾ ਸੈਕਟਰ-14, ਪੰਚਕੂਲਾ ਵਿੱਚ ਅਕਾਦਮੀ ਭਵਨ ਦੀ ਨੀਂਹ ਰੱਖੀ ਗਈ ਤੇ ਨਿਸਚਿਤ ਸਮੇਂ ਵਿਚ ਹੀ ਭਵਨ ਬਣ ਕੇ ਤਿਆਰ ਹੋ ਗਿਆ। ਇਨ੍ਹਾਂ ਨੇ ਆਪਣੇ ਕਾਰਜਕਾਲ ਵਿੱਚ ਹੀ ਸਟਾਫ ਨੂੰ ਅਕਾਦਮੀ ਦੀ ਆਪਣੀ ਇਮਾਰਤ ਵਿੱਚ ਬੈਠਾਇਆ ਜੋ ਕਿ ਇਨ੍ਹਾਂ ਦੇ ਕਾਰਜਕਾਲ ਸਮੇਂ ਦਾ ਇੱਕ ਮੀਲ ਪੱਥਰ ਸਾਬਿਤ ਹੋਇਆ। ਅਕਾਦਮੀ ਦੇ ਪੂਰੇ ਸਟਾਫ ਵਲੋਂ ਹਰੇਕ ਸਾਲ ਆਪਸੀ ਵਿਚਾਰਾਂ ਸਮੇਂ ਇਹ ਕਹਿਣਾ ਕਿ ਇਸ ਡਾਇਰੈਕਟਰ ਨੂੰ ਅਗਲੇ ਸਾਲ ਲਈ ਵੀ ਨਿਰਦੇਸ਼ਕ ਪਦ ਲਈ ਸਰਕਾਰ ਵੱਲੋਂ ਮਨਜ਼ੂਰੀ ਮਿਲ ਜਾਵੇ ਤਾਂ ਅਗਲੇਰਾ ਸਾਲ ਵੀ ਵਧੀਆ, ਸਹਿਜ ਤੇ ਅਨੰਦਪੂਰਵਕ ਬੀਤੇਗਾ, ਇਸ ਗੱਲ ਦਾ ਲਖਾਇਕ ਹੈ ਕਿ ਸਾਰਾ ਸਟਾਫ ਇਨ੍ਹਾਂ ਦੀ ਅਗਵਾਈ ਦੀ ਕਦਰ ਕਰਦਾ ਤੇ ਇਹ ਸਟਾਫ ਦੀ ਭਾਵਨਾਵਾਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਸਨ। ਉਨ੍ਹਾਂ ਨਾਲ ਸਰਕਾਰ ਵੱਲੋਂ ਸੌਂਪੀ ਜਿੰਮੇਵਾਰੀ ਨਿਭਾਉਂਦਿਆਂ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਵਿਰੋਧ ਰੂਪੀ ਚਿੱਕੜ ਤੋਂ ਬਚੇ ਰਹਿ ਕੇ ਆਪਣਾ ਕਾਰਜ ਸਫ਼ਲਤਾ ਨਾਲ ਸਹਿਜੇ ਕਰੀ

ਜਾਣਾ ਉਨ੍ਹਾਂ ਦੀ ਸਿਆਣਪ ਅਤੇ ਸੂਝ ਕਰਕੇ ਸੀ। ਉਨ੍ਹਾਂ ਵੱਲੋ ਧਾਰਮਿਕ ਤਿੱਥ-ਤਿਉਹਾਰਾਂ ਨੂੰ ਉਤਸ਼ਾਹ ਨਾਲ ਮਨਾਉਣਾ ਤੇ ਮਾਤਾ ਨੈਣਾ ਦੇਵੀ ਵਿੱਚ ਅਥਾਹ ਸ਼ਰਧਾ ਸਦਕਾ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਸਹਿਜੇ ਹੀ ਪਾਰ ਕਰ ਜਾਂਦੇ ਸਨ। ਉਨ੍ਹਾਂ ਦੀ ਧਰਮ ਵਿੱਚ ਪਰਪੱਕ ਆਸਥਾ ਸੀ ਜਿਸ ਕਾਰਨ ਉਨ੍ਹਾਂ ਦੀ ਕਿਸੇ ਵੀ ਗੱਲ ਵਿੱਚ ਪ੍ਰਮਾਤਮਾ ਦੀ ਕ੍ਰਿਪਾ ਦਾ ਜ਼ਿਕਰ ਸਹਿਜੇ ਹੀ ਆ ਜਾਂਦਾ ਸੀ।

ਉਨ੍ਹਾਂ ਦੀ ਸਾਹਿਤਕ ਸੂਝ ਦਾ ਅੰਦਾਜਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਸੌ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਿੱਚ ਪਾਈਆਂ ਅਤੇ ਬਹੁਤ ਸਾਰੀਆਂ ਪੁਸਤਕਾਂ ਦੇ ਅਨੁਵਾਦ ਦੇ ਨਾਲ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਮਹੀਨਾਵਾਰ ਪੱਤ੍ਰਿਕਾ 'ਸ਼ਬਦ ਬੂੰਦ' ਦੀ ਸੰਪਾਦਨਾ ਵੀ ਕੀਤੀ। ਉਨ੍ਹਾਂ ਦੀਆਂ ਲਿਖਤਾਂ ਵਿੱਚ ਪੇਂਡੂ ਜਨ-ਜੀਵਨ ਦੀਆਂ ਸਿੱਧ-ਪੱਧਰੀਆਂ ਪ੍ਰੰਤੂ ਗੂੜ੍ਹ ਗਿਆਨ ਦੀ ਗੱਲਾਂ ਆਪਣੀ ਹੋਂਦ ਸਹਿਜੇ ਹੀ ਦਰਜ ਕਰਵਾ ਜਾਂਦੀਆਂ ਸਨ, ਜਿਸ ਤੋਂ ਉਸਦਾ ਆਪਣੀ ਜੰਮਣ-ਭੋਇ ਪ੍ਰਤੀ ਮੋਹ ਤੇ ਹੇਰਵਾ ਸਪੱਸ਼ਟ ਹੁੰਦਾ ਸੀ।

ਮੌਦਗਿਲ ਜੀ ਬਾਰੇ ਛਪੇ 'ਪੌਣੀ ਸਦੀ ਦੀ ਮਹਿਕ' ਨਾਮਕ ਅਭਿਨੰਦਨ ਗ੍ਰੰਥ ਵਿੱਚ ਬਹੁਤ ਸਾਰੇ ਲੇਖਕਾਂ, ਚਿੰਤਕਾਂ, ਬੁੱਧੀਜੀਵੀਆਂ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਉਨ੍ਹਾਂ ਨੂੰ ਆਪਣੀ ਆਪਣੀ ਸੋਚ ਦ੍ਰਿਸ਼ਟੀ ਅਨੁਸਾਰ ਦਰਵੇਸ਼ ਸਾਹਿਤਕਾਰ, ਕਰਮਸ਼ੀਲ ਸ਼ਖ਼ਸੀਅਤ, ਸਹਿਜ ਚਿੱਤ ਵਾਲਾ ਮਿਹਨਤਕਸ਼ ਇਨਸਾਨ, ਪਦਵੀ ਦਾ ਫਰਜ਼ ਸਨਾਸ਼ ਪਹਿਰੇਦਾਰ, ਕਰਮਯੋਗੀ ਆਦਿਕ ਨਾਮਾਂ ਨਾਲ ਸੰਬੋਧਿਤ ਕੀਤਾ ਹੈ, ਪਰ ਉਹ ਆਪਣੀ ਸਵੈ-ਪਰਿਭਾਸ਼ਾ ਦਿੰਦਿਆਂ ਕਿੰਨਾ ਸੋਹਣਾ ਲਿਖਦਾ ਹੈ:

ਮੈਂ ਜੀਵਿਆ ਹਾਂ ਉਮਰ ਭਰ,
ਆਕਾਸ਼ ਦੇ ਬੱਦਲ ਵਾਂਗ,
ਬੱਦਲ ਜਿਸ ਨੂੰ ਹਰ ਇੱਕ ਨੇ,
ਆਪਣੇ ਆਪਣੇ ਅਰਥ ਦਿੱਤੇ ਨੇ
ਕਿਸੇ ਨੇ ਹਾਥੀ, ਕਿਸੇ ਨੇ ਸ਼ੇਰ,
ਅਤੇ ਕਿਸੇ ਨੇ ਲੂੰਬੜੀ ਜਾਂ ਬਿੱਲੀ ਵੀ ਕਿਹਾ।
ਦਿੱਤੇ ਗਏ ਅਰਥ ਮੈਂ ਅਰਥ ਵਿਹੂਣੇ ਸਮਝਦਾਂ,
ਕਿਉਂਕਿ ਅਰਥ ਅਕਾਰ ਦੇ ਨਹੀਂ,
ਵਿਅਕਤੀ ਦੇ ਆਪਣੇ ਚਿੰਤਨ ਦੇ ਹੁੰਦੇ ਹਨ।

................

ਕਿਸੇ ਨੂੰ ਵਰ੍ਹਦਾ ਮੇਘਲਾ, ਮਾਹੀ ਯਾਦ
ਕਰਵਾਉਂਦਾ ਹੈ, ਕਿਸੇ ਲਈ ਫਿਸਲਣ ਹੈ
ਅਤੇ ਕਿਸੇ ਲਈ ਆਫਤ।
ਮੈਂ ਤਾਂ ਇਸ ਸਭ ਕੁਝ ਤੋਂ ਉਪਰ ਉਠ ਕੇ
ਜੀਵਿਆ ਹਾਂ ਅਕਾਸ਼ ਦੇ ਬੱਦਲ ਵਾਂਗ।


ਜਿਵੇਂ ਕਿਸੇ ਸੇਧ ਦੇਣ ਵਾਲੀ ਕਿਤਾਬ ਨੂੰ ਵਾਚਿਆਂ ਕੁਝ ਨਵਾਂ ਤੇ ਸੇਧ ਦੇਣ ਵਾਲਾ ਹੀ ਮਿਲਦਾ ਹੈ, ਇਸੇ ਤਰ੍ਹਾਂ ਇਹਨਾਂ ਦੀ ਜ਼ਿੰਦਗੀ ਦੇ ਪਹਿਲੂਆਂ ਨੂੰ ਸਮਝਿਆ ਤੇ ਜਾਣਿਆ ਬਹੁਤ ਕੁਝ ਨਵਾਂ ਤੇ ਸੇਧ ਦੇਣ ਵਾਲਾ ਮਿਲਦਾ ਸੀ ਪਰ ਅਫਸੋਸ ਇਹ ਕਰਮਯੋਗੀ ਸਾਹਿਤਕਾਰ ਤੇ ਨਿੱਘ ਭਰਿਆ ਇਨਸਾਨ ਮਹਿਕਾਂ ਖਿਲਾਰਦਾ, ਸੇਧ ਦਿੰਦਾ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ 4 ਦਸੰਬਰ, 2022 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਉਹਨਾਂ ਨੂੰ ਸ਼ਰਧਾਪੂਰਵਕ ਸ਼ਰਧਾਜਲੀ ਭੇਂਟ ਕਰਦੀ ਹੈ।

#1186, ਸੈਕਟਰ-19
ਪੰਚਕੂਲਾ।
98768-32343

**ਸੋਚ ਜਿੰਨੀ ਮਰਜ਼ੀ ਵੱਡੀ ਹੋਵੇ ਜੇ**
**ਉਹ ਅਮਲ ਵਿਚ ਨਾ ਲਿਆਂਦੀ ਜਾ ਸਕਦੀ ਹੋਵੇ**
**ਤਾਂ ਉਸਦਾ ਕੋਈ ਫਾਇਦਾ ਨਹੀਂ।**
**(ਥਾਮਸ ਕਾਰਲਾਈਲ)**

# ਨਾ ਬਰਾਬਰੀ ਅਤੇ ਜ਼ੁਲਮ ਨੂੰ ਮੇਟਣ ਵਾਲਾ ਯੁੱਗ ਪੁਰਸ਼

ਡਾ. ਰਣਜੀਤ ਸਿੰਘ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੰਸਾਰ ਦੀ ਪਹਿਲੀ ਅਜਿਹੀ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਇਨਕਲਾਬ ਸਿਰਜਿਆ। ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਸਿਰਜਣਾ ਕਰਕੇ ਸੰਸਾਰ ਵਿਚ ਮਨੁੱਖੀ ਵਿਤਕਰੇ ਮਿਟਾ ਸਭਨਾਂ ਨੂੰ ਬਰਾਬਰੀ ਬਖ਼ਸ਼ੀ। ਉਨ੍ਹਾਂ ਨੇ ਆਪਣੇ ਕਥਨ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਨੂੰ ਅਮਲੀ ਰੂਪ ਦਿੱਤਾ। ਧਰਮ, ਜਾਤ, ਰੰਗ, ਨਸਲ, ਅਮੀਰੀ ਆਦਿ ਕਾਰਨ ਪਏ ਮਨੁੱਖੀ ਵਿਤਕਰਿਆਂ ਨੂੰ ਇਕੋ ਝਟਕੇ ਨਾਲ ਤੋੜ ਸਭਨਾਂ ਨੂੰ ਇਕੋ ਨਾਮ ਅਤੇ ਸਰੂਪ ਦੀ ਬਖਸ਼ਿਸ਼ ਕੀਤੀ। ਜਿਹੜੇ ਲੋਕ ਆਪਣੇ ਆਪ ਨੂੰ ਨਿਮਾਣੇ, ਨਿਤਾਣੇ ਅਤੇ ਲਿਤਾੜੇ ਹੋਏ ਸਮਝ ਨਰਕ ਦਾ ਜੀਵਨ ਜੀ ਰਹੇ ਸਨ, ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਸੱਚ ਤੇ ਹੱਕ ਦੀ ਲੜਾਈ ਲਈ ਤਿਆਰ ਕੀਤਾ। ਉਹ ਲੋਕ ਜਿਹੜੇ ਸਿਰ ਨੀਵਾਂ ਕਰਕੇ ਜੀਵਨ ਜੀ ਰਹੇ ਸਨ ਉਨ੍ਹਾਂ ਨੂੰ ਅਣਖ ਨਾਲ ਜਿਊਣ ਦੀ ਹਿੰਮਤ ਬਖ਼ਸ਼ੀ। ਉਨ੍ਹਾਂ ਲੋਕਾਂ ਨੇ ਜਿਹੜੇ ਹਮੇਸ਼ਾਂ ਆਪਣੇ ਆਪ ਨੂੰ ਨਿਤਾਣੇ ਸਮਝਦੇ ਸਨ, ਗੁਰੂ ਜੀ ਦੀ ਅਗਵਾਈ ਹੇਠ ਜਦੋਂ ਹਥਿਆਰ ਚੁੱਕੇ ਤਾਂ ਵੱਡੇ-ਵੱਡੇ ਜਰਨੈਲਾਂ ਦੇ ਛੱਕੇ ਛੁਡਾ ਦਿੱਤੇ। ਇਸ ਤਰ੍ਹਾਂ ਗੁਰੂ ਜੀ ਨੇ ਸੰਸਾਰ ਅੰਦਰ ਸਹੀ ਅਰਥਾਂ ਵਿਚ ਸਮਾਜਵਾਦ ਦੀ ਨੀਂਹ ਰੱਖੀ।

ਗੁਰੂ ਜੀ ਨੇ ਲੋਕਾਂ ਨੂੰ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਬਰਾਬਰੀ ਦਿੱਤੀ। ਇਸ ਚਮਤਕਾਰ ਨੇ ਸਾਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਕ ਪਾਸੇ ਗੁਰੂ ਜੀ ਦੀ ਫ਼ੌਜ ਵਿਚ ਕਿਰਤੀ ਸਨ, ਦੂਜੇ ਪਾਸੇ ਵੇਲੇ ਦੇ ਬਾਦਸ਼ਾਹ ਦੀਆਂ ਫ਼ੌਜਾਂ ਸਨ। ਗੁਰੂ ਜੀ ਨੇ ਕਿਰਤੀ ਕਾਮਿਆਂ ਵਿਚ ਅਜਿਹੀ ਦਲੇਰੀ ਭਰੀ ਕਿ ਉਹ ਚਿੜੀਆਂ ਤੋਂ ਬਹਾਦਰ ਬਣੇ ਅਤੇ ਬਾਜ ਰੂਪੀ ਸ਼ਾਹੀ ਫ਼ੌਜ ਨੂੰ ਮਾਤ ਦਿੱਤੀ। ਗੁਰੂ ਜੀ ਨੇ ਆਪਣੇ ਫ਼ੌਜੀਆਂ ਵਿਚ ਅਜਿਹੇ ਇਖਲਾਕ ਨੂੰ ਭਰਿਆ ਕਿ ਉਹ ਸੰਤ ਸਿਪਾਹੀ ਬਣ ਗਏ। ਇਹ ਸੰਤ ਸਿਪਾਹੀ ਮਜ਼ਲੂਮਾਂ ਦੇ ਰੱਖਿਅਕ ਬਣੇ। ਗੁਰੂ ਜੀ ਦੇ ਸਿੰਘ ਸਜੇ ਇਹ ਕਿਰਤੀ ਲੋਕ ਇਕ ਦਿਨ ਬਾਦਸ਼ਹ ਬਣ ਗਏ। ਜਿਸ ਸੂਬੇ ਉੱਤੇ ਸਦੀਆਂ ਤੋਂ ਵਿਦੇਸ਼ੀਆਂ ਦੇ ਹਮਲੇ ਹੁੰਦੇ ਰਹੇ ਸਨ, ਮੁੜ ਕਿਸੇ ਦੀ ਇਸ ਪਾਸੇ ਵੇਖਣ ਦੀ ਹਿੰਮਤ ਨਹੀਂ ਪਈ। ਗੁਰੂ ਜੀ ਨੇ ਸਖਸ਼ੀ ਰਾਜ ਨੂੰ ਖ਼ਤਮ ਕਰਕੇ ਪੰਚਾਇਤੀ ਰਾਜ ਦੀ ਜੁਗਤ ਸੰਸਾਰ ਨੂੰ ਦਿੱਤੀ। ਉਨ੍ਹਾਂ ਸਾਰੇ ਫੈਸਲੇ ਸੰਗਤ ਦੇ ਸਾਹਮਣੇ ਪੰਜ ਪਿਆਰਿਆਂ ਰਾਹੀਂ ਕਰਵਾਏ। ਇਥੋਂ ਤੀਕ ਕਿ ਆਪਣੇ ਆਪ ਨੂੰ ਵੀ ਆਪਣੇ ਸਿੰਘਾਂ ਦੇ ਬਰਾਬਰ ਖੜਾ ਕੀਤਾ। ਇਸ ਰਾਜਨੀਤਕ ਇਨਕਲਾਬ ਦੇ ਨਾਲੋਂ-ਨਾਲ ਉਨ੍ਹਾਂ ਨੇ ਸਮਾਜਿਕ ਇਨਕਲਾਬ ਵੀ ਲਿਆਂਦਾ।

ਸਮਾਜ ਵਿਚ ਧਰਮ, ਜਾਤ, ਕਿੱਤਾ, ਅਮੀਰੀ ਆਦਿ ਦੇ ਆਧਾਰ ਉੱਤੇ ਪਈਆਂ ਵੰਡੀਆਂ ਨੂੰ ਮੇਟ ਸਭਨਾਂ ਨੂੰ ਬਰਾਬਰੀ ਬਖਸ਼ੀ। ਉਨ੍ਹਾਂ ਮਨੁੱਖਾਂ ਦਾ ਕਿਰਦਾਰ ਉਸ ਦੇ ਜਨਮ ਦੀ ਥਾਂ ਉਸ ਦੇ ਕਰਮ ਅਨੁਸਾਰ ਮਿੱਥਿਆ। ਉਨ੍ਹਾਂ ਰਹਿਤ ਨੂੰ ਪ੍ਰਧਾਨਗੀ ਦਿੱਤੀ। ਉਹ ਸਖ਼ਸ਼ ਹੀ ਵੱਡਾ ਹੈ ਜਿਹੜਾ ਰਹਿਤ ਵਿਚ ਰਹਿੰਦਾ ਹੈ ਭਾਵ ਉੱਚੇ ਅਤੇ ਸੁੱਚੇ ਕਿਰਦਾਰ ਦਾ ਮਾਲਿਕ ਹੈ। ਗੁਰੂ ਸਾਹਿਬ ਸਮੇਂ ਵੀ ਔਰਤ ਨੂੰ ਸਮਾਜ ਵਿਚ ਬਰਾਬਰੀ ਨਹੀਂ ਸੀ। ਕੁੜੀ ਦੇ ਜਨਮ ਲੈਂਦਿਆਂ ਹੀ ਉਸ ਨੂੰ ਮਾਰਨ ਦਾ ਯਤਨ ਕੀਤਾ ਜਾਂਦਾ ਸੀ। ਗੁਰੂ ਜੀ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਉਨ੍ਹਾਂ ਹੁਕਮ ਜਾਰੀ ਕੀਤਾ ਕਿ ਜਿਹੜਾ ਕੁੜੀ ਦੀ ਹੱਤਿਆ ਕਰਦਾ ਹੈ ਉਹ ਮੇਰਾ ਸਿੰਘ ਨਹੀਂ ਹੋ ਸਕਦਾ। ਇਥੋਂ ਤੱਕ ਕਿ ਉਨ੍ਹਾਂ ਆਪਣੇ ਸਿੰਘਾਂ ਨੂੰ ਆਦੇਸ਼ ਦਿੱਤਾ ਕਿ ਕੁੜੀ ਮਾਰਨ ਵਾਲੇ ਨਾਲ ਕਿਸੇ ਕਿਸਮ ਦਾ ਕੋਈ ਸੰਬੰਧ ਨਾ ਰੱਖਿਆ ਜਾਵੇ। ਇਸੇ ਤਰ੍ਹਾਂ ਹੀ ਗੁਰੂ ਜੀ

ਨੇ ਸਭਿਆਚਾਰਕ ਇਨਕਲਾਬ ਲਿਆਉਂਦਾ।

ਸ਼ਹਾਦਤ ਦੀ ਪਰੰਪਰਾ ਨੂੰ ਸਿੱਖ ਧਰਮ ਵਿਚ ਪ੍ਰਪੱਕ ਕਰਦਿਆਂ ਹੋਇਆਂ ਆਪ ਨੇ ਧਰਮ ਦੀ ਖ਼ਾਤਰ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ। ਉਨ੍ਹਾਂ ਆਪਣੇ ਸਿੱਖਾਂ ਦੇ ਮਨਾਂ ਵਿਚੋਂ ਮੌਤ ਦੇ ਡਰ ਨੂੰ ਦੂਰ ਕਰਕੇ ਉਨ੍ਹਾਂ ਨੂੰ ਭੈ ਰਹਿਤ ਕੀਤਾ। ਆਪ ਕੇਵਲ ਨੌਂ ਵਰ੍ਹਿਆਂ ਦੇ ਸਨ ਜਦੋਂ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸੰਸਾਰ ਵਿਚ ਧਰਮ ਦੀ ਸੁਤੰਤਰਤਾ ਖ਼ਾਤਿਰ ਕੁਰਬਾਨੀ ਦੇਣ ਦਿੱਲੀ ਵੱਲ ਤੋਰਿਆ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਨੇ ਗੁਰੂ ਜੀ ਦੇ ਪੈਰੋਕਾਰਾਂ ਵਿਚ ਸੰਤ ਸਿਪਾਹੀ ਬਣਨ ਦੀ ਯੋਗਤਾ ਭਰ ਦਿੱਤੀ। ਹੁਣ ਉਹ ਕੇਵਲ ਆਪਣੇ ਹੱਕਾਂ ਦੀ ਲੜਾਈ ਹੀ ਨਹੀਂ ਸਨ ਲੜ ਸਕਦੇ ਸਗੋਂ ਨਿਮਾਣਿਆਂ ਦਾ ਮਾਣ ਅਤੇ ਨਿਤਾਣਿਆਂ ਦਾ ਤਾਣ ਬਣ ਸਕਦੇ ਸਨ। ਸਦੀਆਂ ਦੇ ਸਤਾਏ, ਦੱਬੇ, ਕੁਚਲੇ ਅਤੇ ਲਿਤਾੜੇ ਹੋਏ ਲੋਕਾਂ ਵਿਚ ਨਵੀਂ ਚੇਤਨਾ ਜਾਗੀ। ਇਸ ਨਵੀਂ ਚੇਤਨਾ ਦੀ ਪਹਿਲੀ ਪਰਖ ਪਾਉਂਟਾ ਸਾਹਿਬ ਨੇੜੇ ਭੰਗਾਣੀ ਦੇ ਯੁੱਧ ਵਿਚ ਹੋਈ। ਸਾਰੇ ਪਹਾੜੀ ਰਾਜਿਆਂ ਦੀ ਫ਼ੌਜ ਇਕ ਪਾਸੇ ਅਤੇ ਦੂਜੇ ਪਾਸੇ ਕਿਰਤੀਆਂ ਨੇ ਆਪਣੇ ਹੱਥਾਂ ਵਿਚ ਹਥਿਆਰ ਫੜ ਸ਼ਾਹੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਕਰਾਰੀ ਹਾਰ ਦਿੱਤੀ। ਦਸਮੇਸ਼ ਪਿਤਾ ਨੇ ਹਲੀਮੀ ਦਾ ਸਬੂਤ ਦਿੰਦਿਆਂ ਹੋਇਆਂ ਇਸ ਨੂੰ ਵਾਹਿਗੁਰੂ ਦੀ ਜਿੱਤ ਭਾਵ ਸੱਚ ਦੀ ਜਿੱਤ ਆਖਿਆ। ਇਸ ਜਾਗੀ ਚੇਤਨਾ ਨੂੰ ਸਥਾਈ ਰੂਪ ਦੇਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਣਾ ਕੀਤੀ। ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਜੀ ਨੇ ਨੰਗੀ ਤਲਵਾਰ ਹੱਥ ਵਿਚ ਲੈ ਕੇ ਇਕ ਅਜਿਹੇ ਸਿੱਖ ਦੀ ਮੰਗ ਕੀਤੀ ਜਿਹੜਾ ਆਪਣਾ ਸੀਸ ਗੁਰੂ ਜੀ ਨੂੰ ਭੇਟ ਕਰ ਸਕੇ। ਇੰਞ ਉਨ੍ਹਾਂ ਪੰਜ ਮਰਜੀਵੜਿਆਂ ਦੀ ਚੋਣ ਕੀਤੀ, ਜਿਨ੍ਹਾਂ ਨੂੰ ਅੰਮ੍ਰਿਤ ਛਕਾ ਪੰਜ ਪਿਆਰਿਆਂ ਦਾ ਰੂਪ ਦਿੱਤਾ। ਇਹ ਪੰਜ ਪਿਆਰੇ ਸਾਰੇ ਦੇਸ਼ ਅਤੇ ਸਾਰੀਆਂ ਜਾਤਾਂ ਦੀ ਪ੍ਰਤੀਨਿਧਤਾ ਕਰਦੇ ਸਨ।

ਗੁਰੂ ਜੀ ਨੇ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਮਾਣ ਬਖਸ਼ਦੇ ਹੋਇਆਂ ਇਨ੍ਹਾਂ ਤੋਂ ਆਪ ਅੰਮ੍ਰਿਤ ਲਈ ਬੇਨਤੀ ਕੀਤੀ। ਇੰਞ ਇਨ੍ਹਾਂ ਪੰਜਾਂ ਪਿਆਰਿਆਂ ਨੇ ਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ ਗੁਰੂ ਚੇਲੇ ਵਿਚਲੇ ਫਰਕ ਨੂੰ ਮੇਟ ਦਿੱਤਾ। ਸਿੱਖਾਂ ਨੂੰ ਇਤਨਾ ਵੱਡਾ ਮਾਣ ਪ੍ਰਾਪਤ ਹੋਇਆ ਕਿ ਉਹ ਆਪਣੇ ਗੁਰੂ ਲਈ ਸਭ ਕੁਝ ਨਿਛਾਵਰ ਕਰਨ ਲਈ ਤਿਆਰ ਹੋ ਗਏ। ਗੁਰੂ ਜੀ ਨੇ ਤਾਂ ਇਥੋਂ ਤੱਕ ਆਖ ਦਿੱਤਾ:

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,
ਨਹੀਂ ਮੈ ਸੋ ਗਰੀਬ ਕਰੋਰਿ ਪਰੇ॥

ਇਸ ਇਨਕਲਾਬੀ ਤਬਦੀਲੀ ਨੇ ਮੌਕੇ ਦੇ ਸ਼ਾਸ਼ਕਾਂ, ਧਾਰਮਿਕ ਅਤੇ ਸਮਾਜਿਕ ਆਗੂਆਂ ਨੂੰ ਭੈ-ਭੀਤ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਇਹ ਚੰਗਿਆੜੀ ਭਾਂਬੜ ਦਾ ਰੂਪ ਧਾਰ ਲਵੇ, ਸ਼ਾਸ਼ਕਾਂ ਨੇ ਇਸ ਨੂੰ ਬੁਝਾਉਣ ਦੇ ਲਈ ਭਾਰੀ ਫੌਜਾਂ ਨਾਲ ਦਸਮੇਸ਼ ਦੇ ਗੜ੍ਹ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਸ਼ਾਹੀ ਫੌਜਾਂ ਨੇ 1701 ਤੋਂ 1704 ਦੇ ਵਿਚਕਾਰ ਅਨੰਦਪੁਰ ਸਾਹਿਬ ਉੱਤੇ ਪੰਜ ਵਾਰ ਹਮਲਾ ਕੀਤਾ। ਚਾਰ ਲੜਾਈਆਂ ਵਿਚ ਸਿੰਘਾਂ ਨੇ ਵੈਰੀ ਦੇ ਦੰਦ ਖੱਟੇ ਕੀਤੇ। ਪੰਜਵੀਂ ਵਾਰ ਭਾਰੀ ਫੌਜ ਨਾਲ ਸ਼ਾਹੀ ਫੌਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾਇਆ। ਇਹ ਘੇਰਾ ਛੇ ਮਹੀਨੇ ਚਲਦਾ ਰਿਹਾ। ਸ਼ਾਹੀ ਫੌਜ ਨੇ ਗੁਰੂ ਜੀ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਉਹ ਲੜਾਈ ਬੰਦ ਕਰਕੇ ਅਨੰਦਪੁਰ ਸਾਹਿਬ ਨੂੰ ਛੱਡ ਜਾਣ ਤਾਂ ਘੇਰਾ ਚੁੱਕ ਲਿਆ ਜਾਵੇਗਾ। ਆਪਣੇ ਸਿੰਘਾਂ ਦਾ ਫੈਸਲਾ ਮੰਨਦੇ ਹੋਏ ਗੁਰੂ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਨਾਲ ਕੀਰਤਪੁਰ ਵੱਲ ਤੁਰ ਪਏ। ਦੁਸ਼ਮਣ ਆਪਣੇ ਵਾਇਦੇ ਤੋਂ ਮੁਕਰ ਗਏ ਤੇ ਉਨ੍ਹਾਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਉਦੋਂ ਅੰਮ੍ਰਿਤ ਵੇਲੇ ਨਿਤਨੇਮ ਕਰ ਰਹੇ ਸਨ। ਅੱਗੇ ਸਿਰਸਾ ਨਦੀ ਸੀ ਜਿਸ ਵਿਚ ਹੜ੍ਹ ਆਇਆ ਹੋਇਆ ਸੀ। ਵੈਰੀ ਨੂੰ ਰੋਕ ਕੇ ਰੱਖਣ ਲਈ ਸਿੰਘਾਂ ਦੇ ਛੋਟੇ ਜੱਥੇ ਬਣਾਏ ਗਏ ਤਾਂ ਜੋ ਗੁਰੂ ਜੀ ਨਿਤਨੇਮ ਪੂਰਾ ਕਰ ਲੈਣ। ਪਿੱਛੋਂ ਵੈਰੀ ਦਾ ਹਮਲਾ, ਅੱਗੇ ਹੜ੍ਹ, ਸਾਰੀ ਵਹੀਰ ਨਿਖੜ ਗਈ। ਗੁਰੂ ਜੀ ਦਾ ਸਾਰਾ ਪਰਿਵਾਰ ਵੀ ਵਿਛੜ ਗਿਆ। ਜਦੋਂ ਗੁਰੂ ਜੀ ਨੇ ਨਦੀ ਪਾਰ ਕੀਤੀ ਤਾਂ ਉਨ੍ਹਾਂ ਨਾਲ ਦੋ ਵੱਡੇ ਸਾਹਿਬਜ਼ਾਦੇ

ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਅਤੇ ਡੇਢ ਸੌ ਦੇ ਕਰੀਬ ਸਿੰਘ ਰਹਿ ਗਏ। ਗੁਰੂ ਜੀ ਜਦੋਂ ਰੋਪੜ ਪਹੁੰਚੇ ਤਾਂ ਉਨ੍ਹਾਂ ਉੱਤੇ ਮੁੜ ਹਮਲਾ ਹੋ ਗਿਆ। ਗੁਰੂ ਜੀ ਨੇ ਬਹਾਦਰੀ ਨਾਲ ਲੜ ਕੇ ਵੈਰੀ ਨੂੰ ਪਛਾੜਿਆ। ਇਥੋਂ ਚੱਲ ਕੇ ਗੁਰੂ ਜੀ ਚਮਕੌਰ ਸਾਹਿਬ ਪਹੁੰਚੇ। ਹੁਣ ਉਨ੍ਹਾਂ ਨਾਲ ਕੇਵਲ 40 ਸਿੰਘ ਹੀ ਰਹਿ ਗਏ, ਬਾਕੀ ਸ਼ਹੀਦੀਆਂ ਪਾ ਗਏ। ਉਸ ਦਿਨ ਸੱਤ ਪੋਹ ਸੀ ਤੇ ਕੜਾਕੇ ਦੀ ਠੰਡ ਪੈ ਰਹੀ ਸੀ। ਇੱਥੇ ਗੁਰੂ ਜੀ ਨੇ ਇਕ ਵੱਡੀ ਹਵੇਲੀ ਵਿਚ ਟਿਕਾਣਾ ਕੀਤਾ ਜਿਸ ਨੂੰ ਗੜ੍ਹੀ ਆਖਿਆ ਜਾਂਦਾ ਹੈ। ਸ਼ਾਹੀ ਫੌਜਾਂ ਪਿੱਛਾ ਕਰਦੀਆਂ ਇੱਥੇ ਵੀ ਪੁੱਜ ਗਈਆਂ ਅਤੇ ਗੜ੍ਹੀ ਨੂੰ ਘੇਰਾ ਪਾ ਲਿਆ। ਸਿੰਘਾਂ ਨੇ ਇਸ ਹਮਲੇ ਦਾ ਡੱਟ ਕੇ ਮੁਕਾਬਲਾ ਕੀਤਾ ਪਰ ਦੁਪਹਿਰ ਤੀਕ ਸਿੰਘਾਂ ਦੇ ਤੀਰ ਤੇ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਤਲਵਾਰਾਂ ਨਾਲ ਮੁਕਾਬਲਾ ਕਰਨ ਦਾ ਫੈਸਲਾ ਕੀਤਾ ਗਿਆ। ਪੰਜ-ਪੰਜ ਸਿੰਘਾਂ ਦੇ ਜੱਥੇ ਬਣਾਏ ਗਏ ਜਿਹਨਾਂ ਗੜ੍ਹੀ ਵਿਚੋਂ ਬਾਹਰ ਜਾ ਕੇ ਵੈਰੀ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀ ਪ੍ਰਾਪਤ ਕਰਨੀ ਸੀ। ਦੋ ਜੱਥਿਆਂ ਦੇ ਜੱਥੇਦਾਰ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਜੀ ਥਾਪੇ ਗਏ। ਬਾਬਾ ਅਜੀਤ ਸਿੰਘ ਦੀ ਉਸ ਵੇਲੇ ਉਮਰ 17 ਸਾਲ ਅਤੇ ਬਾਬਾ ਜੁਝਾਰ ਸਿੰਘ ਦੀ ਉਮਰ 15 ਸਾਲ ਸੀ। ਸਿੰਘਾਂ ਦਾ ਜੱਥਾ ਜੈਕਾਰੇ ਬੁਲਾਉਂਦਾ ਬਿਜਲੀ ਵਾਂਗ ਵੈਰੀ ਉੱਤੇ ਟੁੱਟ ਪੈਂਦਾ ਅਤੇ ਅਨੇਕਾਂ ਵੈਰੀਆਂ ਦੇ ਆਹੂ ਲਾਹੁੰਦਾ ਹੋਇਆ ਸ਼ਹੀਦੀ ਜਾਮ ਪੀ ਲੈਂਦਾ। ਵਾਰੀ ਆਉਣ 'ਤੇ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੂੰ ਅਸ਼ੀਰਵਾਦ ਦੇ ਕੇ ਸ਼ਹੀਦੀ ਦੇਣ ਲਈ ਤੋਰਿਆ। ਪੁੱਤਰ ਦੀ ਬਹਾਦਰੀ ਨੂੰ ਆਪ ਗੜ੍ਹੀ ਦੀ ਕੰਧ 'ਤੇ ਖੜ੍ਹੇ ਹੋ ਕੇ ਵੇਖ ਰਹੇ ਸਨ। ਜਦੋਂ ਸਾਹਿਬਜ਼ਾਦੇ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਆਪ ਨੇ ਰੋਸ ਪ੍ਰਗਟ ਕਰਨ ਦੀ ਥਾਂ ਰੱਬ ਦਾ ਸ਼ੁਕਰ ਕੀਤਾ ਅਤੇ ਛੋਟੇ ਸ਼ਾਹਿਬਜ਼ਾਦੇ ਨੂੰ ਯੁੱਧ ਵਿਚ ਭੇਜ ਦਿੱਤਾ। ਜਿਸ ਫੁਰਤੀ ਅਤੇ ਸਿਆਣਪ ਨਾਲ ਸਾਹਿਬਜ਼ਾਦੇ ਜੁਝਾਰ ਸਿੰਘ ਨੇ ਯੁੱਧ ਕੀਤਾ, ਉਸ ਨੇ ਵੈਰੀਆਂ ਨੂੰ ਵੀ ਦੰਗ ਕਰ ਦਿੱਤਾ। ਰਾਤ ਪੈਣ ਤੀਕ ਛੋਟੇ ਸਾਹਿਬਜ਼ਾਦੇ ਨੇ ਵੀ ਸ਼ਹੀਦੀ ਪ੍ਰਾਪਤ ਕਰ ਲਈ।

ਸੰਸਾਰ ਵਿਚ ਕੋਈ ਵੀ ਗੁਰੂ, ਰਹਿਬਰ, ਬਾਦਸ਼ਾਹ ਅਜਿਹਾ ਨਹੀਂ ਹੋਇਆ ਜਿਸ ਨੇ ਮਜਲੂਮਾਂ ਦੀ ਰਾਖੀ ਖਾਤਰ ਆਪਣੇ ਹੱਥੀਂ ਆਪਣੇ ਪਿਤਾ ਅਤੇ ਪੁੱਤਰਾਂ ਨੂੰ ਸ਼ਹੀਦ ਹੋਣ ਲਈ ਤੋਰਿਆ ਹੋਵੇ। ਰਾਤ ਨੂੰ ਖ਼ਾਲਸੇ ਦਾ ਹੁਕਮ ਮੰਨ ਕੇ ਗੁਰੂ ਜੀ ਤਿੰਨ ਸਿੰਘਾਂ ਦੇ ਨਾਲ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਗਏ। ਬਾਕੀ ਸਿੰਘਾਂ ਨੇ ਸ਼ਾਹੀ ਫੌਜਾਂ ਦਾ ਮੁਕਾਬਲਾ ਕਰਦਿਆਂ ਹੋਇਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਰਾਹ ਦੇ ਦੁੱਖਾਂ-ਤਕਲੀਫਾਂ ਨੂੰ ਝੱਲਦੇ ਹੋਏ ਖਿਦਰਾਣੇ ਦੀ ਢਾਬ, ਜਿਸ ਨੂੰ ਹੁਣ ਸ੍ਰੀ ਮੁਕਤਸਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਪੁੱਜੇ, ਉਦੋਂ ਤੀਕ ਵਿਛੜੇ ਕੁਝ ਸਾਥੀ ਅਤੇ ਇਲਾਕੇ ਦੀ ਸੰਗਤ ਉਨ੍ਹਾਂ ਦੇ ਨਾਲ ਹੋ ਗਈ। ਜ਼ਾਲਮ ਫੌਜ ਵੀ ਪਿੱਛਾ ਕਰਦੀ ਇੱਥੇ ਪੁੱਜ ਗਈ। ਘਮਸਾਣ ਦਾ ਯੁੱਧ ਹੋਇਆ। ਮਜ਼ਲੂਮ ਸਮਝੀਆਂ ਜਾਂਦੀਆਂ ਚਿੜੀਆਂ ਨੇ ਜ਼ਾਲਮ ਬਾਜਾਂ ਦਾ ਡੱਟ ਕੇ ਮੁਕਾਬਲਾ ਕੀਤਾ। ਮਰਜੀਵੜਿਆਂ ਦੀ ਇਸ ਥੋੜ੍ਹੀ ਜਿਹੀ ਗਿਣਤੀ ਨੇ ਸ਼ਾਹੀ ਫੌਜਾਂ ਨੂੰ ਪਿੱਛੇ ਮੁੜਨ ਲਈ ਮਜ਼ਬੂਰ ਕਰ ਦਿੱਤਾ।

ਇਸੇ ਯੁੱਧ ਵਿਚ ਉਨ੍ਹਾਂ ਚਾਲੀ ਸਿੰਘਾਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀ ਪ੍ਰਾਪਤ ਕੀਤੀ ਜਿਹੜੇ ਅਨੰਦਪੁਰ ਸਾਹਿਬ ਤੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ। ਘਰੋਂ ਔਰਤਾਂ ਤੋਂ ਪਈ ਫਿਟਕਾਰ ਨੇ ਉਨ੍ਹਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਉਹ ਗੁਰੂ ਜੀ ਲਈ ਆਪਾ ਵਾਰ ਗਏ। ਲੜਾਈ ਖ਼ਤਮ ਹੋਣ ਪਿੱਛੋਂ ਜਦੋਂ ਗੁਰੂ ਜੀ ਜ਼ਖਮੀ ਤੇ ਸ਼ਹੀਦ ਹੋਏ ਸਿੰਘਾਂ ਨੂੰ ਵੇਖ ਰਹੇ ਸਨ ਤਾਂ ਇਸ ਜਥੇ ਦੇ ਜਥੇਦਾਰ ਭਾਈ ਮਹਾਂ ਸਿੰਘ ਅਜੇ ਆਖ਼ਰੀ ਸਾਹ ਲੈ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਦਾ ਸਿਰ ਆਪਣੀ ਗੋਦੀ ਵਿਚ ਰੱਖਦਿਆਂ ਭਾਈ ਸਾਹਿਬ ਤੋਂ ਉਸ ਦੀ ਆਖਰੀ ਇੱਛਾ ਪੁੱਛੀ। ਭਾਈ ਮਹਾਂ ਸਿੰਘ ਜੀ ਨੇ ਰੁਕਦੇ ਸਾਹਾਂ ਨਾਲ ਬੇਨਤੀ ਕੀਤੀ, "ਹੇ ਸੱਚੇ ਪਾਤਸ਼ਾਹ ਸਾਡੀ ਭੁੱਲ ਬਖ਼ਸ਼ ਦੇਵੋ ਜੇਕਰ ਤੁਠੇ ਹੋ ਤਾਂ ਸਾਡਾ ਬੇਦਾਵਾ ਪਾੜ ਕੇ ਸਾਨੂੰ ਸਵੀਕਾਰ ਕਰੋ।" ਏਨੀਆਂ ਮੁਸੀਬਤਾਂ ਤੋਂ ਲੰਘਦਿਆਂ ਜਦੋਂ ਸਾਰਾ ਕੁਝ ਹੀ ਗਵਾਚ ਗਿਆ ਸੀ ਉਦੋਂ ਵੀ ਗੁਰੂ ਜੀ ਨੇ ਉਸ ਬੇਦਾਵੇ ਨੂੰ ਸਾਂਭ ਕੇ

ਰੱਖਿਆ। ਗੁਰੂ ਜੀ ਨੇ ਉਸ ਬੇਦਾਵੇ ਨੂੰ ਪਾੜਦੇ ਹੋਇਆਂ ਬਚਨ ਕੀਤੇ, "ਭਾਈ ਮਹਾਂ ਸਿੰਘ ਜੀ ਤੁਸੀਂ ਤੇ ਤੁਹਾਡੇ ਸਾਥੀ ਇਸ ਬੰਧਨ ਤੋਂ ਮੁਕਤ ਹੋਏ। ਤੁਸੀਂ ਮੇਰੇ ਮੁਕਤੇ ਹੋ।" ਇੰਝ ਇਹ ਚਾਲੀ ਸਿੰਘ ਹਮੇਸ਼ਾਂ ਲਈ ਅਮਰ ਹੋ ਗਏ। ਸਿੱਖ ਅਰਦਾਸ ਕਰਦੇ ਸਮੇਂ ਚਾਲੀ ਮੁਕਤਿਆਂ ਦਾ ਧਿਆਨ ਜ਼ਰੂਰ ਧਰਦੇ ਹਨ। ਇਸ ਔਖੇ ਸਮੇਂ ਗੁਰੂ ਜੀ ਦਾ ਸਾਥ ਕੇਵਲ ਉਨ੍ਹਾਂ ਦੇ ਸਿੰਘਾਂ ਨੇ ਹੀ ਨਹੀਂ ਦਿੱਤਾ ਸਗੋਂ ਇਲਾਕੇ ਦੇ ਹਿੰਦੂ ਤੇ ਮੁਸਲਮਾਨ ਵੀ ਆਪਾ ਵਾਰਨ ਲਈ ਗੁਰੂ ਜੀ ਨਾਲ ਆ ਜੁੜੇ ਸਨ। ਇਸ ਲੜਾਈ ਵਿਚ ਗੁਰੂ ਦੇ ਸਿੰਘਾਂ ਨੇ ਗੁਰੂ ਜੀ ਦੇ ਇਸ ਕਥਨ ਨੂੰ ਸੱਚ ਕਰ ਵਿਖਾਇਆ।

ਚਿੜੀਓਂ ਸੇ ਮੈਂ ਬਾਜ ਤੁੜਾਊਂ,
ਸਵਾ ਲਾਖ ਸੇ ਏਕ ਲੜਾਊਂ,
ਤਬੀ ਗੋਬਿੰਦ ਸਿੰਘ ਨਾਮ ਕਹਾਊਂ॥

ਖ਼ਾਲਸੇ ਦੀ ਇਸ ਫਤਹਿ ਨਾਲ ਸੰਗਤਾਂ ਦੇ ਹੌਂਸਲੇ ਬੁਲੰਦ ਹੋਏ। ਆਪਣੀ ਸ਼ਕਤੀ ਨੂੰ ਮੁੜ ਇਕੱਤਰ ਕਰਨ ਲਈ ਗੁਰੂ ਜੀ ਨੇ ਕੁਝ ਸਮੇਂ ਲਈ ਤਲਵੰਡੀ ਸਾਬੋ ਟਿਕਾਣਾ ਕੀਤਾ, ਜਿਸ ਨੂੰ ਹੁਣ ਦਮਦਮਾ ਸਾਹਿਬ ਆਖਿਆ ਜਾਂਦਾ ਹੈ।

ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਉਮਰ ਸੱਤ ਸਾਲ ਤੇ ਬਾਬਾ ਫਤਹਿ ਸਿੰਘ ਉਮਰ ਪੰਜ ਸਾਲ ਆਪਣੀ ਦਾਦੀ ਮਾਤਾ ਗੁਜਰੀ ਜੀ ਨਾਲ ਸਿਰਸਾ ਨਦੀ ਪਾਰ ਕਰਦੇ ਹੋਏ ਗੁਰੂ ਜੀ ਤੋਂ ਵਿਛੜ ਗਏ ਸਨ। ਉਨ੍ਹਾਂ ਨਾਲ ਕੇਵਲ ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਸੀ। ਉਹ ਇਨ੍ਹਾਂ ਨੂੰ ਮੋਰਿੰਡੇ ਲਾਗੇ ਪੈਂਦੇ ਆਪਣੇ ਪਿੰਡ ਸਹੇੜੀ ਲੈ ਗਿਆ। ਕੁਝ ਸ਼ਾਹੀ ਫੌਜ ਦਾ ਡਰ ਅਤੇ ਕੁਝ ਇਨਾਮ ਮਿਲਣ ਦਾ ਲਾਲਚ, ਉਸ ਦੀ ਨੀਅਤ ਵਿਗੜ ਗਈ। ਉਸ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫਤਾਰ ਕਰਵਾ ਦਿੱਤਾ। ਇਕ ਬਜ਼ੁਰਗ ਔਰਤ ਤੇ ਦੋ ਮਾਸੂਮ ਬੱਚੇ ਮੁਲਜ਼ਮਾਂ ਦੇ ਰੂਪ ਵਿਚ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਦੇ ਸਾਹਮਣੇ ਪੇਸ਼ ਕੀਤੇ ਗਏ। ਸੂਬੇਦਾਰ ਨੇ ਇਨ੍ਹਾਂ ਨੂੰ ਸਰਹਿੰਦ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ। ਇਨ੍ਹਾਂ ਭੁੱਖਿਆਂ ਭਾਣਿਆਂ, ਕੜਾਕੇ ਦੀ ਠੰਡ ਵਿਚ ਬੈਠੀਆਂ ਜਿੰਦਾਂ ਨੂੰ ਗੁਰੂ ਜੀ ਦੇ ਇਕ ਸਿੱਖ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਦੁੱਧ ਛਕਾਇਆ।

ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਧੰਨ ਹੈ ਉਹ ਦਾਦੀ ਮਾਂ ਜਿਸ ਆਪਣੇ ਲਾਡਲਿਆਂ ਨੂੰ ਹੱਥੀਂ ਠੰਡੇ ਬੁਰਜ ਤੋਂ ਜ਼ਾਲਮ ਦੇ ਜ਼ੁਲਮ ਸਹਿਣ ਲਈ ਭੇਜਿਆ। ਸਾਹਿਬਜ਼ਾਦੇ ਚੜ੍ਹਦੀ ਕਲਾ ਵਿਚ ਸਨ ਤੇ ਬੜੀ ਦਲੇਰੀ ਨਾਲ ਕਚਹਿਰੀ ਵਿਚ ਪੇਸ਼ ਹੋਏ। ਉਨ੍ਹਾਂ ਨੂੰ ਗੁਰੂ ਜੀ ਦੇ ਸ਼ਹੀਦ ਹੋਣ ਦੀ ਝੂਠੀ ਖ਼ਬਰ ਦਿੱਤੀ ਗਈ। ਇਸਲਾਮ ਕਬੂਲਣ ਲਈ ਡਰਾਇਆ ਤੇ ਧਮਕਾਇਆ ਗਿਆ। ਜਦੋਂ ਡਰ ਇਨ੍ਹਾਂ ਮਹਾਨ ਰੂਹਾਂ ਨੂੰ ਡਰਾ ਨਾ ਸਕਿਆ ਤਾਂ ਲਾਲਚ ਦਿੱਤੇ ਗਏ ਪਰ ਸਾਹਿਬਜ਼ਾਦੇ ਅਟੱਲ ਰਹੇ। ਇਸ ਤੋਂ ਵੱਡੀ ਸਿਰੜ ਤੇ ਸਿਦਕ ਦੀ ਕੋਈ ਹੋਰ ਮਿਸਾਲ ਨਹੀਂ ਹੋ ਸਕਦੀ। ਦੂਜੇ ਦਿਨ ਮੁੜ ਕਚਹਿਰੀ ਵਿਚ ਪੇਸ਼ ਹੋਣ ਲਈ ਬੱਚਿਆਂ ਨੂੰ ਠੰਡੇ ਬੁਰਜ ਵਿਚ ਭੇਜ ਦਿੱਤਾ ਗਿਆ। ਦੂਜੇ ਦਿਨ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਦੇ ਸਾਹਮਣੇ ਫਿਰ ਪੇਸ਼ ਕੀਤਾ ਗਿਆ। ਦੂਜੇ ਦਿਨ ਵੀ ਡਰ ਜ਼ੁਲਮ ਤੇ ਲਾਲਚ ਮਹਾਨ ਜਿੰਦਾਂ ਨੂੰ ਡੁਲਾ ਨਾ ਸਕਿਆ। ਇਸਲਾਮ ਅਨੁਸਾਰ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਪਿਤਾ ਦੀ ਥਾਂ ਸਜ਼ਾ ਨਹੀਂ ਦਿੱਤੀ ਜਾ ਸਕਦੀ ਪਰ ਸੂਬੇਦਾਰ ਵਜ਼ੀਰ ਖਾਨ ਨੇ ਦੀਵਾਨ ਸੁੱਚਾ ਨੰਦ ਦੇ ਉਕਸਾਉਣ ਉੱਤੇ ਬੱਚਿਆਂ ਨੂੰ ਜਿਉਂਦਿਆਂ ਨੀਹਾਂ ਵਿਚ ਚਿਣਨ ਦਾ ਹੁਕਮ ਦੇ ਦਿੱਤਾ।

ਸਾਹਿਬਜ਼ਾਦਿਆਂ ਨੇ ਡਰਨ ਦੀ ਥਾਂ ਗੱਜ ਕੇ ਫ਼ਤਹਿ ਦਾ ਜੈਕਾਰਾ ਬੁਲਾਇਆ। ਇਸੇ ਕਚਹਿਰੀ ਵਿਚ ਮਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਉਸ ਨੇ ਫੈਸਲੇ ਵਿਰੁੱਧ ਰੋਸ ਪ੍ਰਗਟ ਕੀਤਾ ਅਤੇ ਕਚਹਿਰੀ ਵਿਚੋਂ ਉੱਠ ਕੇ ਚਲਾ ਗਿਆ। ਗੁਰੂ ਜੀ ਦੇ ਸਿੰਘਾਂ ਨੇ ਨਵਾਬ ਦੇ ਇਸ ਸੱਚੇ ਸਟੈਂਡ ਦੀ ਇਵਜ਼ ਵਿਚ ਹਮੇਸ਼ਾਂ ਉਸ ਦੀ ਰਿਆਸਤ ਦੀ ਹਿਫ਼ਾਜ਼ਤ ਕੀਤੀ। ਵੰਡ ਵੇਲੇ ਜਦੋਂ ਮੁਸਲਮਾਨਾਂ ਨੂੰ ਪੰਜਾਬ ਛੱਡਣਾ ਪਿਆ ਸੀ ਉਦੋਂ ਵੀ ਮਲੇਰਕੋਟਲਾ ਦੇ ਸਾਰੇ ਵਾਸੀਆਂ ਦੀ ਰਾਖੀ ਕੀਤੀ ਗਈ ਤੇ ਉਹ ਪੂਰੀ ਆਨ ਤੇ ਸ਼ਾਨ ਨਾਲ ਰਹਿ ਰਹੇ ਹਨ।

ਸੂਬੇਦਾਰ ਨੂੰ ਉਮੀਦ ਸੀ ਕਿ ਸਜ਼ਾ ਸੁਣ ਕੇ ਬੱਚੇ ਡੋਲ ਜਾਣਗੇ ਅਤੇ ਇਸਲਾਮ ਕਬੂਲ ਕਰ ਲੈਣਗੇ ਪਰ ਬੱਚਿਆਂ ਦੇ ਮੁਖ ਉੱਤੇ ਇਕ ਇਲਾਹੀ ਨੂਰ ਸੀ, ਉਹ ਚੜ੍ਹਦੀ ਕਲਾ ਵਿਚ ਸਨ ਤੇ ਸ਼ਹੀਦੀ ਦਾ ਜਾਮ ਪੀਣ ਲਈ ਤਿਆਰ ਸਨ। ਸੂਬੇਦਾਰ ਸ਼ਾਇਦ ਭੁੱਲ ਗਿਆ ਸੀ ਕਿ ਅਜਿਹਾ ਕਰਕੇ ਉਹ ਆਪਣੀ ਕਬਰ ਹੀ ਨਹੀਂ ਬਣਾ ਰਿਹਾ, ਸਗੋਂ ਮੌਕੇ ਦੀ ਜ਼ਾਲਮ ਸਰਕਾਰ ਦੀਆਂ ਜੜ੍ਹਾਂ ਵੀ ਪੁੱਟ ਰਿਹਾ ਹੈ। ਜਦੋਂ ਕੰਧ ਛਾਤੀ ਤੀਕ ਪੁੱਜੀ ਬੱਚੇ ਬੇਹੋਸ ਹੋ ਗਏ। ਉਨ੍ਹਾਂ ਨੂੰ ਕੰਧ ਵਿਚੋਂ ਕੱਢ ਜ਼ਾਲਮ ਵਜ਼ੀਰ ਖ਼ਾਨ ਨੇ ਕਤਲ ਕਰਨ ਦਾ ਹੁਕਮ ਦੇ ਦਿੱਤਾ। ਇੰਞ ਦੋ ਮਾਸੂਮ ਜਿੰਦਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਉਹ ਭੁੱਲ ਗਿਆ ਕਿ ਸੱਚ ਨੂੰ ਕਦੇ ਕਤਲ ਨਹੀਂ ਕੀਤਾ ਜਾ ਸਕਦਾ ਉਹ ਸਗੋਂ ਹੋਰ ਲਿਸ਼ਕਦਾ ਹੈ। ਸੰਸਰ ਦੇ ਇਤਿਹਾਸ ਵਿਚ 13 ਪੋਹ ਦਾ ਦਿਨ ਕਾਲੇ ਅੱਖਰਾਂ ਵਿਚ ਲਿਖਿਆ ਗਿਆ ਹੈ। ਜਦੋਂ ਇਹ ਖ਼ਬਰ ਮਾਤਾ ਗੁਜਰੀ ਜੀ ਕੋਲ ਪੁੱਜੀ ਤਾਂ ਉਨ੍ਹਾਂ ਨੇ ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਤਿਆਗ ਦਿੱਤੇ। ਕੁਝ ਇਤਿਹਾਸਕਾਰ ਆਖਦੇ ਹਨ ਕਿ ਮਾਤਾ ਜੀ ਬੁਰਜ ਦੇ ਬਾਹਰ ਖੜ੍ਹੇ ਪੋਤਰਿਆਂ ਨੂੰ ਜਾਂਦੇ ਵੇਖ ਰਹੇ ਸਨ। ਜ਼ਾਲਮ ਸਿਪਾਹੀਆਂ ਨੇ ਉਨ੍ਹਾਂ ਨੂੰ ਬੁਰਜ ਤੋਂ ਧੱਕਾ ਦੇ ਦਿੱਤਾ। ਹੇਠ ਡਿੱਗਦਿਆਂ ਹੀ ਬਜ਼ੁਰਗ ਸਰੀਰ ਨੇ ਪ੍ਰਾਣ ਤਿਆਗ ਦਿੱਤੇ। ਗੁਰੂ ਜੀ ਹਾਲੇ ਰਾਏਕੋਟ ਹੀ ਸਨ ਜਦੋਂ ਉਨ੍ਹਾਂ ਨੂੰ ਇਹ ਖ਼ਬਰ ਮਿਲੀ। ਗੁਰੂ ਜੀ ਨੇ ਵਾਹਿਗੁਰੂ ਦਾ ਸ਼ੁਕਰ ਕੀਤਾ ਤੇ ਆਖਿਆ, "ਪਰਮਾਤਮਾ ਮੈਂ ਤੇਰੀ ਅਮਾਨਤ ਤੈਨੂੰ ਸੌਂਪ ਦਿੱਤੀ ਹੈ।

ਗੁਰੂ ਜੀ ਨੇ ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਯੁੱਗੋ-ਯੁੱਗ ਅਟੱਲ ਗਿਆਨ, ਚਾਨਣ ਦੇ ਮੁਨਾਰੇ ਨੂੰ ਲੋਕਾਈ ਦਾ ਰਾਹ ਦਸੇਰਾ ਬਣਾਇਆ। ਕੇਵਲ ਚਾਰ ਦਹਾਕਿਆਂ ਦੀ ਉਮਰ ਵਿਚ ਹੀ ਗੁਰੂ ਜੀ ਨੇ ਆਪਣਾ ਸਰਬੰਸ ਕੁਰਬਾਨ ਕਰਕੇ ਸੰਸਾਰ ਵਿਚੋਂ ਨਾ-ਬਰਾਬਰੀ ਅਤੇ ਜ਼ੁਲਮ ਦਾ ਅੰਤ ਕੀਤਾ।

ਮ.ਨੰ.3317, ਅਰਬਨ ਅਸਟੇਟ,
ਦੁਗਰੀ, ਫੇਜ਼-2, ਲੁਧਿਆਣਾ (ਪੰਜਾਬ)
94170-87328



## ਪੁੱਤ ਗੁਰੂ ਦਸ਼ਮੇਸ਼ ਦੇ

ਮਨਜੀਤ ਅੰਬਾਲਵੀ

ਜੋ ਮਹਿਕ ਹੁੰਦੀ ਹੈ ਫੁੱਲਾਂ ਵਿੱਚ,
ਉਹ ਕਦੇ ਨਾ ਹੁੰਦੀ ਖਾਰਾਂ ਵਿੱਚ।

ਅਸੀਂ ਸੂਰਜ ਬਣ ਕੇ ਚਮਕ ਰਹੇ,
ਸਰਹਿੰਦ ਦੀਆਂ ਦੀਵਾਰਾਂ ਵਿੱਚ।

ਸਾਡੇ ਨਾਂ ਦੇ ਮੇਲੇ ਨਿੱਤ ਲੱਗਦੇ,
ਸਾਨੂੰ ਗਾਉਂਦੇ ਢਾਡੀ ਵਾਰਾਂ ਵਿੱਚ।

ਅਸੀਂ ਜਿੱਤ ਦੇ ਰਾਹੀਂ ਚੱਲਦੇ ਹਾਂ,
ਨਾ ਜਰਾ ਭਰੋਸਾ ਹਾਰਾਂ ਵਿੱਚ।

ਅਸੀਂ ਕਣ-ਕਣ ਨੂੰ ਮਹਿਕਾ ਦਿੰਦੇ,
ਬਣ ਖਿੜਦੇ ਫੁੱਲ ਬਹਾਰਾਂ ਵਿੱਚ ।

ਅਸੀਂ ਪੁੱਤ ਗੁਰੂ ਦਸ਼ਮੇਸ਼ ਦੇ ਹਾਂ,
ਤੇ ਪੈਂਦੇ ਨਹੀਂ ਤਕਰਾਰਾਂ ਵਿੱਚ ।

'ਮਨਜੀਤ' ਵੀ ਸਿਰ ਝੁਕਾ ਲੈਂਦੀ,
ਜੈਕਾਰੇ ਸੁਣ ਦੀਵਾਰਾਂ ਵਿੱਚ।

43 ਏ, ਭਾਈ ਮਤੀ ਦਾਸ ਨਗਰ,
ਅੰਬਾਲਾ ਕੈਂਟ (ਹਰਿਆਣਾ)
94162-71625

# ਜ਼ੁਲਮ ਦੀ ਇੰਤਹਾ : ਸਾਕਾ ਸਰਹਿੰਦ

ਪ੍ਰੋ. ਨਵ ਸੰਗੀਤ ਸਿੰਘ



ਦੁਨੀਆਂ ਦਾ ਇਤਿਹਾਸ ਪੜ੍ਹੀਏ, ਤਾਂ ਪਤਾ ਲੱਗਦਾ ਹੈ ਕਿ ਜਿੰਨੇ ਸ਼ਹੀਦ ਸਿੱਖ ਧਰਮ ਵਿੱਚ ਹੋਏ ਹਨ, ਓਨੇ ਕਿਸੇ ਹੋਰ ਧਰਮ ਵਿੱਚ ਨਹੀਂ ਹੋਏ। ਸਿੱਖ ਧਰਮ ਦੀ ਬੁਨਿਆਦ ਹੀ ਸ਼ਹੀਦੀਆਂ 'ਤੇ ਰੱਖੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀਕਾਰਾਂ ਨੇ ਸੱਚੀ ਸੁੱਚੀ ਪ੍ਰੀਤ ਦਾ ਆਧਾਰ ਸ਼ਹੀਦੀ ਨੂੰ ਮੰਨਿਆ ਹੈ (ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰ ਤਲੀ ਗਲੀ ਮੇਰੀ ਆਉ॥) ਇਸ ਧਰਮ ਦੇ ਅਨੁਆਈਆਂ ਵਿਚ ਜੇਕਰ ਵੱਡੀ ਉਮਰ ਵਾਲੇ ਅਤੇ ਬਜ਼ੁਰਗਾਂ ਦੀਆਂ ਅਣਗਿਣਤ ਕੁਰਬਾਨੀਆਂ ਹਨ, ਉੱਥੇ ਛੋਟੇ ਅਤੇ ਮਾਸੂਮ ਬੱਚਿਆਂ ਨੇ ਵੀ ਹੱਕ-ਸੱਚ ਦੀ ਖ਼ਾਤਰ ਜੂਝ ਮਰਨ ਨੂੰ ਤਰਜੀਹ ਦਿੱਤੀ।

'ਸਾਕਾ ਸਰਹਿੰਦ' ਇਕ ਇਹੋ ਜਿਹੀ ਹੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਦਾਸਤਾਨ ਹੈ, ਜਿਸ ਵਿਚ ਨਿੱਕੀਆਂ ਅਤੇ ਮਾਸੂਮ ਜਿੰਦਾਂ ਨੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਕੇ ਸਿੱਖ ਧਰਮ ਦੀ ਨੀਂਹ ਪੱਕੀ ਕੀਤੀ।

ਦਸਮੇਸ਼ ਪਿਤਾ (1666-1708) ਅਨੰਦਪੁਰ ਦਾ ਕਿਲ੍ਹਾ ਖ਼ਾਲੀ ਕਰਨ ਪਿੱਛੋਂ ਜਦੋਂ ਸਰਸਾ ਨਦੀ ਤੋਂ ਪਾਰ ਹੋਏ, ਤਾਂ ਉਨ੍ਹਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ: ਵੱਡੇ ਸਾਹਿਬਜ਼ਾਦੇ ਆਪਣੇ ਗੁਰੂ-ਪਿਤਾ ਸਮੇਤ ਚਮਕੌਰ ਵੱਲ ਚਲੇ ਗਏ; ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਭਾਈ ਮਨੀ ਸਿੰਘ ਜੀ ਦੇ ਨਾਲ ਦਿੱਲੀ ਚਲੇ ਗਏ; ਜਦਕਿ ਦੁੱਧ-ਸ਼ੀਰ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ, ਜਿਨ੍ਹਾਂ ਦੀ ਉਮਰ ਸਿਰਫ਼ ਸੱਤ ਅਤੇ ਨੌਂ ਸਾਲ ਦੀ ਸੀ, ਆਪਣੀ ਬਜ਼ੁਰਗ ਦਾਦੀ ਮਾਤਾ ਗੁਜਰੀ ਜੀ ਨਾਲ ਸਰਹਿੰਦ ਵੱਲ ਚਲੇ ਗਏ।

ਪੋਹ ਦਾ ਸਾਰਾ ਹੀ ਮਹੀਨਾ ਸਿੱਖ ਸ਼ਹੀਦੀਆਂ ਦੀ ਦਿਲ- ਕੰਬਾਊ ਘਟਨਾ ਹੈ, ਜਿਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਚਮਕੌਰ ਦੀ ਕਰਬਲਾ ਅੰਦਰ ਸ਼ਹਾਦਤ ਦਾ ਜਾਮ ਪੀ ਗਏ। ਇੱਥੇ ਇੱਕ ਪਾਸੇ ਭੁੱਖੇ ਪਿਆਸੇ ਤੇ ਥਕਾਵਟ ਨਾਲ ਚੂਰ ਗਿਣਤੀ ਦੇ ਚਾਲੀ ਕੁ ਸਿੰਘ ਸਨ, ਜਦਕਿ ਦੂਜੇ ਪਾਸੇ ਦਸ ਲੱਖ ਦੀ ਮੁਗ਼ਲ ਫ਼ੌਜ ਸੀ। ਦੁਨੀਆਂ ਦੇ ਇਤਿਹਾਸ ਵਿੱਚ ਇਹੋ ਜਿਹੀ ਅਸਾਵੀਂ ਜੰਗ ਦਾ ਕਿਧਰੇ ਕੋਈ ਜ਼ਿਕਰ ਨਹੀਂ ਮਿਲਦਾ। ਇਹ ਵਾਕਿਆ 22 ਦਸੰਬਰ 1704 ਈ. ਦਾ ਹੈ। 'ਗੰਜਿ ਸ਼ਹੀਦਾਂ' ਦੇ ਕਰਤਾ ਅੱਲਾ ਯਾਰ ਖ਼ਾਂ ਜੋਗੀ ਨੇ ਇਸ ਪ੍ਰਸੰਗ ਨੂੰ ਇਉਂ ਚਿਤਰਿਆ ਹੈ:

ਬੱਸ ਏਕ ਹਿੰਦ ਮੇ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।

ਇਸ ਘਟਨਾ ਤੋਂ ਪੰਜ ਦਿਨ ਪਿੱਛੋਂ, 27 ਦਸੰਬਰ ਨੂੰ ਛੋਟੇ ਸਾਹਿਬਜ਼ਾਦੇ ਵਜ਼ੀਰ ਖਾਂ ਸੂਬਾ ਸਰਹਿੰਦ ਦੇ ਹੁਕਮ ਨਾਲ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤੇ ਗਏ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਾਕੇ ਨੂੰ ਇਤਿਹਾਸ ਵਿੱਚ 'ਸਾਕਾ ਸਰਹਿੰਦ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਾਕੇ ਨੂੰ ਪੜ੍ਹਨ-ਸੁਣਨ ਵਾਲਾ ਕੋਈ ਵੀ ਇਨਸਾਨ ਅੱਖਾਂ ਚੋਂ ਹੰਝੂ ਵਹਾਏ ਬਿਨਾਂ ਨਹੀਂ ਰਹਿ ਸਕਦਾ।

ਪਰਿਵਾਰ ਨਾਲੋਂ ਅੱਡ ਹੋਣ ਪਿੱਛੋਂ ਦਾਦੀ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦਾ ਪੁਰਾਣਾ ਰਸੋਈਆ ਗੰਗੂ ਆਪਣੇ ਪਿੰਡ ਖੇੜੀ ਲੈ ਗਿਆ।

ਪਹਿਲੀ ਰਾਤ ਤਿੰਨਾਂ ਨੇ ਕੁੰਮੇ ਮਾਸ਼ਕੀ ਤੇ ਘਰ ਬਿਤਾਈ। ਗੰਗੂ ਦੇ ਦਿਲ ਵਿੱਚ ਬੇਈਮਾਨੀ ਆ ਗਈ ਤੇ ਉਹਨੇ ਮਾਤਾ ਗੁਜਰੀ ਜੀ ਦੀ ਹੀਰੇ- ਜਵਾਹਰਾਂ ਦੀ ਥੈਲੀ ਚੁਰਾ ਲਈ। ਪਿੱਛੋਂ ਲੋਭ-ਲਾਲਚ ਵਿੱਚ ਅੰਨ੍ਹਾ ਹੋ ਕੇ ਉਹਨੇ ਤਿੰਨਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪਹਿਲਾਂ ਇਨ੍ਹਾਂ ਨੂੰ ਮੋਰਿੰਡਾ ਵਿਖੇ ਹਿਰਾਸਤ ਵਿਚ ਰੱਖਿਆ ਗਿਆ, ਪਿੱਛੋਂ ਜਲੂਸ ਦੀ ਸ਼ਕਲ ਵਿੱਚ ਸਰਹਿੰਦ ਪਹੁੰਚਾ ਦਿੱਤਾ ਗਿਆ।

ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਂ, ਜੋ ਚਮਕੌਰ ਦੀ ਜੰਗ 'ਚੋਂ ਨਿਰਾਸ਼ ਪਰਤਿਆ ਸੀ, ਨੇ ਤਿੰਨਾਂ ਜਣਿਆਂ ਨੂੰ ਠੰਢੇ ਬੁਰਜ ਵਿੱਚ ਕੈਦ ਕਰਵਾ ਦਿੱਤਾ ਤੇ ਆਸਪਾਸ ਸਖ਼ਤ ਪਹਿਰਾ ਲਾ ਦਿੱਤਾ। ਸਰਦੀਆਂ ਦੀਆਂ ਭਿਆਨਕ ਠੰਢੀਆਂ-ਯਖ਼ ਰਾਤਾਂ ਵਿਚ ਬਜ਼ੁਰਗ ਦਾਦੀ ਅਤੇ ਪੋਤਿਆਂ ਨੂੰ ਠੰਢ ਤੋਂ ਬਚਣ ਲਈ ਕੋਈ ਗਰਮ ਕੱਪੜੇ ਨਹੀਂ ਦਿੱਤੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਖਾਣ ਪੀਣ ਨੂੰ ਕੁਝ ਦਿੱਤਾ ਗਿਆ। ਵਜ਼ੀਰ ਖਾਂ ਦਾ ਖ਼ਿਆਲ ਸੀ ਕਿ ਠੰਢ ਅਤੇ ਭੁੱਖ ਦੇ ਪ੍ਰਕੋਪ ਤੋਂ ਆਤੁਰ ਹੋ ਕੇ ਬੱਚੇ ਇਸਲਾਮ ਧਰਮ ਕਬੂਲ ਕਰਨ ਲਈ ਹਾਂ ਕਰ ਦੇਣਗੇ। ਪਰ ਉਹ ਨਹੀਂ ਸੀ ਜਾਣਦਾ ਕਿ ਇਨ੍ਹਾਂ ਮਾਸੂਮਾਂ ਦੀਆਂ ਰਗਾਂ ਵਿਚ ਗੁਰੂ ਗੋਬਿੰਦ ਸਿੰਘ ਜਿਹੇ ਮਹਾਨ ਸੂਰਬੀਰ ਦਾ ਖ਼ੂਨ ਹੈ ਤੇ ਇਨ੍ਹਾਂ ਦਾ ਦਾਦਾ (ਗੁਰੂ ਤੇਗ ਬਹਾਦਰ) ਅਤੇ ਪੜਦਾਦਾ (ਗੁਰੂ ਅਰਜਨ ਦੇਵ) ਪਹਿਲਾਂ ਹੀ ਸ਼ਹੀਦੀ ਦੀ ਮਿਸਾਲ ਪ੍ਰਜਵੱਲਿਤ ਕਰ ਚੁੱਕੇ ਹਨ। ਗੁਰੂ ਗੋਬਿੰਦ ਸਿੰਘ ਦੇ ਇਕ ਸ਼ਰਧਾਲੂ ਮੋਤੀ ਰਾਮ ਮਹਿਰਾ ਨੇ ਪਹਿਰੇਦਾਰਾਂ ਨੂੰ ਧਨ ਅਤੇ ਗਹਿਣਿਆਂ ਦੀ ਰਿਸ਼ਵਤ ਦੇ ਕੇ ਬੱਚਿਆਂ ਅਤੇ ਮਾਤਾ ਜੀ ਲਈ ਦੁੱਧ ਦੀ ਸੇਵਾ ਕੀਤੀ।

ਵਜ਼ੀਰ ਖਾਂ ਦੇ ਦਰਬਾਰ ਵਿੱਚ ਤਿੰਨ ਦਿਨ ਬੱਚਿਆਂ ਨੂੰ ਪੇਸ਼ ਕੀਤਾ ਗਿਆ। ਪਹਿਲੇ ਦਿਨ ਵਜ਼ੀਰ ਖਾਂ ਦੇ ਇੱਕ ਟੋਡੀ ਸੁੱਚਾ ਨੰਦ ਨੇ ਮੁੱਖ ਦਰਵਾਜ਼ਾ ਬੰਦ ਕਰਕੇ ਛੋਟੀ ਖਿੜਕੀ ਖੋਲ੍ਹ ਦਿੱਤੀ, ਤਾਂ ਕਿ ਬੱਚੇ ਜਦੋਂ ਖਿੜਕੀ ਰਾਹੀਂ ਪ੍ਰਵੇਸ਼ ਕਰਨ ਤਾਂ ਸਿਰ ਝੁਕਾ ਕੇ ਅੰਦਰ ਆਉਣ। ਪਰ ਸਾਹਿਬਜ਼ਾਦੇ ਮੁਗਲਾਂ ਦੀ ਚਾਲ ਨੂੰ ਭਾਂਪ ਗਏ ਤੇ ਉਨ੍ਹਾਂ ਨੇ ਪਹਿਲਾਂ ਸਿਰ ਅੰਦਰ ਕਰਨ ਦੀ ਥਾਂ ਆਪਣੇ ਪੈਰ ਦੀ ਜੁੱਤੀ ਵਜ਼ੀਰ ਖਾਂ ਨੂੰ ਵਿਖਾਈ ਤੇ ਅੰਦਰ ਜਾਂਦਿਆਂ ਹੀ ਬੁਲੰਦ ਆਵਾਜ਼ ਵਿੱਚ 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ' ਦਾ ਨਾਅਰਾ ਲਗਾਇਆ, ਜਿਸ ਨੂੰ ਸੁਣਦਿਆਂ ਹੀ ਵਜ਼ੀਰ ਖਾਂ ਤੇ ਉਹਦੇ ਅਹਿਲਕਾਰਾਂ ਨੂੰ ਸੱਤੀਂ-ਕੱਪੜੀਂ ਅੱਗ ਲੱਗ ਗਈ। ਸੂਬੇਦਾਰ ਨੇ ਮਾਸੂਮਾਂ ਨੂੰ ਲਾਲਚ ਅਤੇ ਡਰਾਵੇ ਦੇ ਕੇ ਈਨ ਮੰਨਣ ਨੂੰ ਕਿਹਾ, ਪਰ ਇਹ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦੇ ਸਨ, ਜੋ ਸਿਰ ਕਟਾਉਣਾ ਤਾਂ ਜਾਣਦੇ ਸਨ, ਸਿਰ ਝੁਕਾਉਣਾ ਨਹੀਂ।

ਸੂਬੇ ਦੀ ਕਚਹਿਰੀ ਵਿੱਚ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਂ, ਦੀਵਾਨ ਸੁੱਚਾ ਨੰਦ ਅਤੇ ਕਾਜ਼ੀ ਮੌਜੂਦ ਸਨ। ਸੂਬੇ ਨੇ ਨਵਾਬ ਨੂੰ ਕਿਹਾ ਕਿ ਉਹ ਬੱਚਿਆਂ ਨੂੰ ਮਾਰ ਕੇ ਇਨ੍ਹਾਂ ਦੇ ਪਿਤਾ ਤੋਂ ਆਪਣੇ ਭਰਾ ਨਾਹਰ ਖ਼ਾਨ ਦੀ ਚਮਕੌਰ-ਜੰਗ ਵਿੱਚ ਹੋਈ ਮੌਤ ਦਾ ਬਦਲਾ ਲੈ ਲਵੇ। ਪਰ ਨਵਾਬ ਨੇ ਇਤਰਾਜ਼ ਕੀਤਾ "ਕਸੂਰ ਬਾਪ ਦਾ, ਸਜ਼ਾ ਮਾਸੂਮ ਬੱਚਿਆਂ ਨੂੰ- ਇਹ ਕਿੱਥੋਂ ਦਾ ਇਨਸਾਫ਼ ਹੈ?" ਨਵਾਬ ਨੇ ਮਾਸੂਮਾਂ ਦੇ ਹੱਕ ਵਿੱਚ 'ਹਾਅ ਦਾ ਨਾਅਰਾ' ਮਾਰਿਆ। ਦੀਵਾਨ ਸੁੱਚਾ ਨੰਦ ਦੇ ਉਕਸਾਉਣ ਤੇ ਕਾਜ਼ੀ ਨੇ ਫ਼ਤਵਾ ਦੇ ਕੇ ਬੱਚਿਆਂ ਨੂੰ ਜਿਊਂਦੇ ਜੀਅ ਕੰਧਾਂ ਵਿਚ ਚਿਣਨ ਦੀ ਗੱਲ ਕੀਤੀ ਤੇ ਵਜ਼ੀਰ ਖ਼ਾਨ ਨੇ ਇਸ ਦੀ ਪ੍ਰਵਾਨਗੀ ਦੇ ਦਿੱਤੀ।

ਜਦੋਂ ਤੀਜੇ ਦਿਨ ਵੀ ਬੱਚੇ ਆਪਣੇ ਧਰਮ 'ਤੇ ਅਡਿੱਗ ਰਹੇ ਤਾਂ ਸੂਬੇ ਨੇ ਉਪਰੋਕਤ ਹੁਕਮ ਦੀ ਤਾਮੀਲ ਕਰਨ ਨੂੰ

ਕਿਹਾ। ਖ਼ੂਨੀ ਦੀਵਾਰ ਜਦੋਂ ਸਾਹਿਬਜ਼ਾਦਿਆਂ ਦੀ ਗਰਦਨ ਤੱਕ ਪਹੁੰਚ ਗਈ ਤਾਂ ਸ਼ਾਸ਼ਲ ਬੇਗ- ਬਾਸ਼ਲ ਬੇਗ ਨਾਮੀਂ ਦੋ ਜੱਲਾਦਾਂ ਨੇ ਮਾਸੂਮਾਂ ਦੇ ਸੀਸ ਧੜ ਨਾਲੋਂ ਵੱਖ ਕਰ ਦਿੱਤੇ। ਠੰਢੇ ਬੁਰਜ ਵਿੱਚ ਕੈਦ ਬਜ਼ੁਰਗ ਮਾਤਾ ਗੁਜਰੀ ਜੀ ਨੂੰ ਜਦੋਂ ਇਹ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਪਰਮਾਤਮਾ ਦਾ ਸ਼ੁਕਰ ਕਰਦਿਆਂ ਆਪਣੇ ਪ੍ਰਾਣ ਵੀ ਤਿਆਗ ਦਿੱਤੇ।

ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਅੰਤਿਮ ਸਸਕਾਰ ਲਈ ਗੁਰੂ-ਘਰ ਦੇ ਅਨਿਨ ਸੇਵਕ ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਅਦਾ ਕਰਕੇ ਜ਼ਮੀਨ ਖ਼ਰੀਦੀ। ਜ਼ਿਕਰਯੋਗ ਹੈ ਕਿ ਸੰਸਾਰ ਦੇ ਇਤਿਹਾਸ ਵਿੱਚ ਇਹ ਸਭ ਤੋਂ ਮਹਿੰਗੀ ਜ਼ਮੀਨ ਹੈ। ਜਿਸ ਥਾਂ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦਾ ਅੰਤਿਮ ਸਸਕਾਰ ਹੋਇਆ, ਉੱਥੇ ਅੱਜਕੱਲ੍ਹ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਇਹ ਖ਼ਬਰ ਜਦੋਂ ਨੂਰਾ ਮਾਹੀ ਦੇ ਰਾਹੀਂ ਗੁਰੂ ਗੋਬਿੰਦ ਸਿੰਘ ਕੋਲ ਪਹੁੰਚੀ, ਤਾਂ ਉਨ੍ਹਾਂ ਨੇ ਕਾਹੀ ਦੇ ਬੂਟੇ ਨੂੰ ਜੜ੍ਹੋਂ ਪੁੱਟਦਿਆਂ ਫਰਮਾਇਆ," ਹੁਣ ਮੁਗ਼ਲ ਸਾਮਰਾਜ ਦੀ ਜੜ੍ਹ ਪੁੱਟੀ ਜਾ ਚੁੱਕੀ ਹੈ।" ਇਸ ਵਾਕਿਆ ਤੋਂ ਛੇ ਸਾਲ ਬਾਅਦ ਦਸਮੇਸ਼ ਪਿਤਾ ਤੋਂ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲੀਆ ਸਲਤਨਤ ਦੇ ਬਖ਼ੀਏ ਉਧੇੜ ਦਿੱਤੇ ਅਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਚੱਪੜਚਿੜੀ ਦੇ ਅਸਥਾਨ ਤੇ ਹੋਈ ਗਹਿਗੱਚ ਲੜਾਈ ਵਿੱਚ ਵਜ਼ੀਰ ਖਾਂ ਨੂੰ ਮਾਰ ਕੇ ਬਾਬਾ ਬੰਦਾ ਸਿੰਘ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈ ਲਿਆ।

ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਹਰ ਸਾਲ ਫ਼ਤਿਹਗੜ੍ਹ ਸਾਹਿਬ ਵਿਖੇ ਤਿੰਨ ਦਿਨ (11 ਤੋਂ 13 ਪੋਹ ਤੱਕ) ਸ਼ਹੀਦੀ ਜੋੜ-ਮੇਲ ਲੱਗਦਾ ਹੈ। ਇੱਥੇ ਨਿੱਕੀਆਂ ਮਾਸੂਮ ਜਿੰਦਾ ਦੀ ਲਾਸਾਨੀ ਤੇ ਬੇਨਜ਼ੀਰ ਕੁਰਬਾਨੀ ਨੂੰ ਨਤਮਸਤਕ ਹੋਣ ਲਈ ਸਿੱਖ ਸੰਗਤਾਂ ਦੂਰ ਦੁਰਾਡਿਓਂ ਵਹੀਰਾਂ ਘੱਤ ਕੇ ਆਉਂਦੀਆਂ ਹਨ।

ਹੈਰੀ ਬਵੇਜਾ ਵੱਲੋਂ ਬਣਾਈ ਫ਼ਿਲਮ 'ਚਾਰ ਸਾਹਿਬਜ਼ਾਦੇ' ਵਿੱਚ ਵੀ ਨਿੱਕੀਆਂ ਜਿੰਦਾ ਦੇ ਵੱਡੇ ਸਾਕੇ ਨੂੰ ਖ਼ੈਰਾਜੇ-ਅਕੀਦਤ ਭੇਟ ਕੀਤੀ ਗਈ ਹੈ। ਇੱਕ ਮੁਸਲਮਾਨ ਸ਼ਾਇਰ ਅੱਲ੍ਹਾ ਯਾਰ ਖ਼ਾਂ ਜੋਗੀ ਨੇ 1915 ਈ.ਵਿੱਚ ਲਿਖੀ ਆਪਣੀ ਇੱਕ ਲੰਮੀ ਕਵਿਤਾ 'ਸ਼ਹੀਦਾਨਿ ਵਫ਼ਾ' ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦਿੰਦਿਆਂ ਲਿਖਿਆ ਹੈ:

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ।
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪੇ ਉਠਾ ਚਲੇ।
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ।
ਗੱਦੀ ਤੋ ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਆਂ ਮੇਂ ਜ਼ਾਲਮੋ ਕਾ ਨਿਸ਼ਾਂ ਤੱਕ ਮਿਟਾਏਗੀ।

# ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302 (ਬਠਿੰਡਾ)
94176-92015.

**ਜਦੋਂ ਤਕ ਦੇਸ਼ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਸਾਂਝੀ ਯੋਗਤਾ ਨਹੀਂ ਉਪਜਦੀ ਸਾਡੀਆਂ ਆਪਣੀਆਂ ਸਮੱਸਿਆਵਾਂ ਵੀ ਹੱਲ ਨਹੀਂ ਹੋਣਗੀਆਂ।**

**ਨਰਿੰਦਰ ਸਿੰਘ ਕਪੂਰ**



# ਨਿੱਕੀਆਂ ਜਿੰਦਾਂ

ਪ੍ਰੋ. ਨਰਿੰਦਰਪਾਲ ਸਿੰਘ

ਨਿੱਕੀਆਂ ਜਿੰਦਾਂ
ਹਰ ਸਾਲ ਵੱਡੇ ਸਾਕੇ ਕਰਦੀਆਂ
ਸਾਡੇ ਜੰਮੇ ਹੋਏ ਖ਼ੂਨ ਨੂੰ
ਰਤਾ ਪੰਘਾਲ ਦੀਆਂ
ਨੀਂਹਾਂ ਵਿਚ ਚਿਣਨਾ
ਨਾਟਕੀ ਰੂਪਾਂਤਰਨ ਨਹੀਂ
ਇਹ ਤਾਂ ਨਵੀਂ ਇਮਾਰਤ ਦੀ
ਉਸਾਰੀ ਦਾ ਸੱਦਾ ਹੈ।
ਇਹ ਸ਼ਹਾਦਤ ਦੀ ਸਿਖਰ ਹੈ
ਇਹ ਸ਼ਹਾਦਤ ਦਾ ਮੁਜੱਸਮਾ ਹੈ
ਇਹ ਮਾਨਵਤਾ ਦਾ ਮੈਨੀ ਫੈਸਟੋ ਹੈ
ਇਹ ਅਟੁੱਟ ਸੰਦੀ ਹੈ
ਈਨ ਨ ਮੰਨਣ ਦੀ।
ਇਹ ਕੌਮੀ ਸੋਗ ਦਾ ਦਿਨ ਨਹੀਂ
ਨ ਇਹ ਰੁਦਨ ਦਾ ਵਰਤਾਰਾ
ਨਿੱਕੀਆਂ ਜਿੰਦਾ ਨੂੰ ਜ਼ਰੂਰ ਦੱਸਿਓ
ਮੋਬਾਇਲ ਗੇਮਾਂ ਤੋਂ ਜ਼ਰਾ ਵਕਤ ਕੱਢ ਕੇ
ਇਤਿਹਾਸ ਦੇ ਇਸ ਖ਼ੂਨੀ ਪੰਨੇ ਨੂੰ
ਆਪਣੇ ਵਡੇਰਿਆਂ ਤੋਂ
ਆਪਣੇ ਅਧਿਆਪਕਾਂ ਤੋਂ
ਰਹਿਬਰਾਂ ਤੋਂ
ਤਵੱਜੋ ਮੰਗਣਾ
ਇਤਿਹਾਸ ਦੇ ਇਸ ਸੁਨਹਿਰੇ ਪੰਨੇ ਨੂੰ
ਖੋਰਾ ਲਾ ਰਹੀਆਂ ਤਾਕਤਾਂ
ਤੁਹਾਨੂੰ ਲੰਗਰਾਂ ਤਕਰੀਰਾਂ ਦੇ ਭਵ ਸਾਗਰ ਵਿਚ
ਉਲਝਾਉਣਗੀਆਂ
ਸੁਲਝੀ ਤਾਣੀ ਤੇ ਪਾਰਦਰਸ਼ੀ ਸੱਚ ਨੂੰ
ਖੋਰਾ ਲਾਉਣਗੀਆਂ
ਇਹ ਸਾਡੀ ਕੌਮ ਦੀ ਸ਼ਹਾਦਤ ਦਾ ਕੋਹਿਨੂਰ ਹੈ
ਇਹ ਮਾਨਵਤਾ ਦਾ ਕੌਮੀ ਗੀਤ ਹੈ
ਇਹ ਜ਼ੁਲਮ ਦੀ ਸਿਖਰ
ਸਹਿਣਸ਼ੀਲਤਾ ਦੀ ਇੰਤਹਾ ਹੈ।
ਇਹ ਦਰਦ ਤੋਂ ਪਾਰ ਦਾ ਮਸਲਾ ਹੈ
ਇਸ ਦੀ ਕੁੱਖ ਵਿਚੋਂ ਨਵਾਂ ਕੁੱਝ ਜਨਮੇਗਾ
ਨੀਂਹ ਵਿਚ ਚਿਣੇ ਬਾਲਾਂ ਦੇ ਦਰਦ
ਦਾ ਅਹਿਸਾਸ
ਕਿਸੇ ਵਿਰਲੀ ਕੌਮ ਦੇ ਹਿੱਸੇ ਆਉਂਦਾ।

ਪੰਜਾਬੀ ਵਿਭਾਗ, ਗੁਰੂ ਨਾਨਕ ਖ਼ਾਲਸਾ ਕਾਲਜ
ਯਮੁਨਾਨਗਰ, ਹਰਿਆਣਾ
98963-19944

**ਤੁਹਾਡੇ ਵਲੋਂ ਕੀਤੀ ਹਰ ਨਵੀਂ ਸ਼ੁਰੂਆਤ ਨੂੰ
ਤਿੰਨ ਪੜਾਵਾਂ 'ਚੋਂ ਲੰਘਣਾ ਪੈਂਦਾ ਹੈ
ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ,
ਫਿਰ ਵਿਰੋਧ ਕਰਦੇ ਹਨ
ਅਤੇ ਫਿਰ ਮੰਨਣ ਲੱਗ ਪੈਂਦੇ ਹਨ।
(ਸੁਆਮੀ ਵਿਵੇਕਾ ਨੰਦ)**



## ਛੋਟੇ ਸਾਹਿਬਜ਼ਾਦਿਆਂ ਨੂੰ ਦਾਦੀ ਦੀ ਸਿੱਖਿਆ

**ਜਗਤਾਰ ਸਿੰਘ ਰਾਜਾ**

ਦਾਦੀ ਆਖਦੀ ਸੁਣ ਲਓ ਪੋਤਿਓ ਵੇ
ਮੇਰੀ ਗੱਲ ਨੂੰ ਸਿਰੇ ਚੜ੍ਹਾਇਓ ਬੱਚਾ।
ਤੁਸਾਂ ਵਿਚ ਕਚਹਿਰੀ ਦੇ ਹੈ ਜਾਣਾ
ਫ਼ਤਹਿ ਗੱਜਕੇ ਓਥੇ ਬੁਲਾਇਓ ਬੱਚਾ।
ਸੂਬੇ ਨਾਲ ਸੁਆਲ ਜੁਆਬ ਹੋਸਨ
ਚੰਗੇ ਨੰਬਰੀ ਪਾਸ ਹੋ ਜਾਇਓ ਬੱਚਾ।

ਵਾਰ ਵਾਰ ਨਹੀਂ ਆਵਣ ਜੱਗ ਉੱਤੇ
ਸਜਾ ਵੇਖਕੇ ਨਾ ਘਬਰਾਇਓ ਬੱਚਾ।
ਜੋਰਾਵਰ ਤੇ ਫ਼ਤਹਿ ਸਿੰਘ ਬਣ ਕੇ
ਜ਼ਿੰਦੜੀ ਦੇਸ਼ ਤੋਂ ਘੋਲ ਘੁਮਾਇਓ ਬੱਚਾ।
ਜੀਤਾ ਨਾਲ ਜੋ ਮੈਂ ਇਕਰਾਰ ਕੀਤਾ
ਦਿਲ ਵਿਚ ਓਸਦੇ ਤਾਈਂ ਵਸਾਇਓ ਬੱਚਾ।

ਉਮਰ ਤੁਸਾਂ ਦੀ ਹੈ ਭਾਵੇਂ ਬਹੁਤ ਛੋਟੀ
ਨਾਮ ਆਪਣਾ ਜੱਗ ’ਤੇ ਚਮਕਾਇਓ ਬੱਚਾ।
ਹੂਰਾਂ ਬੇਗਮਾਂ ਦੇ ਲਾਲਚ ਦੇਣਗੇ ਉਹ
ਨਾਂ ਆਪਣਾ ਮਨ ਡੁਲਾਇਓ ਬੱਚਾ।
ਅੰਮ੍ਰਿਤ ਪੀਤਾ ਹੈ ਤੁਸਾਂ ਖੰਡੇ ਦੀ ਧਾਰ ਵਾਲਾ
ਦਾਗ਼ ਏਸਦੇ ਤਾਈਂ ਨਾ ਲਾਇਓ ਬੱਚਾ।

ਦਾਦੀ ਮੈਂ ਸ਼ਹੀਦਾਂ ਦੀ ਤਾਂ ਬਣਸਾਂ
ਮੇਰੀ ਗੱਲ ਨਾ ਦਿਲੋਂ ਭੁਲਾਇਓ ਬੱਚਾ।
ਚੰਦ ਰੋਜ਼ ਦੀ ਜ਼ਿੰਦਗੀ ਜ਼ਾਲਮਾਂ ਦੀ
ਸਦਾ ਵਾਸਤੇ ਅਮਰ ਹੋ ਜਾਓ ਬੱਚਾ।
ਦਾਦੇ ਤੇਗ ਬਹਾਦਰ ਦੇ ਪੋਤਿਓ ਵੇ
ਅਰਸ਼ੀਂ ਜਾ ਕੇ ਸੀਸ ਝੁਕਾਓ ਬੱਚਾ।

ਨਿੱਘ ਮਾਤਾ ਦੀ ਗੋਦ ਦਾ ਮਾਨਿਓ ਜੇ
ਸ਼ਹੀਦ ਹੋ ਕੇ ਨਾਮ ਕਮਾਓ ਬੱਚਾ।
ਤੀਨ ਲੋਕ ਅੰਦਰ ਜੈ ਜੈ ਕਾਰ ਹੋਸੀ
ਸ਼ੋਭਾ ਵਿਚ ਜਹਾਨ ਦੇ ਪਾਓ ਬੱਚਾ।
ਇੱਟਾਂ ਉਸੇ ਹੀ ਬੇਰੀ ਨੂੰ ਪੈਂਦੀਆਂ ਨੇ
ਜਿਸ ਬੇਰੀ ਦੇ ਮਿੱਠੜੇ ਬੇਰ ਬੱਚਾ।

ਕੌਣ ਪੁੱਛਦਾ ਕਾਵਾਂ ਤੇ ਕੁੱਤਿਆਂ ਨੂੰ
ਕੈਦ ਪਿੰਜ਼ਰੇ ਬਾਜ਼ ਜਾਂ ਸ਼ੇਰ ਬੱਚਾ।
ਫੁੱਲ ਬਰਸਕੇ ਤੇ ਦੇਵ ਲੋਕ ਵਿਚੋਂ
ਲੱਗ ਜਾਣਗੇ ਢੇਰਾਂ ਦੇ ਢੇਰ ਬੱਚਾ।
ਨਾਮ ਤੁਸਾਂ ਦਾ ਚਮਕਦਾ ਸਦਾ ਰਹੇਸੀ
ਵਾਰ ਗਾਊ ਜਗਤਾਰ ਸਿੰਘ ਫੇਰ ਬੱਚਾ।

ਕੂਕਾ ਮਿੰਨੀ ਸਟੋਰ,
ਐਲਨਾਬਾਦ (ਹਰਿਆਣਾ)
98133-90061

**ਸ਼ਹੀਦ, ਮੌਤ ਦੇ ਅਰਥ ਬਦਲ ਦਿੰਦਾ ਹੈ।**

**ਨਰਿੰਦਰ ਸਿੰਘ ਕਪੂਰ**



## ਗੋਬਿੰਦ ਦੇ ਲਾਲ

ਹਰਜਿੰਦਰ ਸਿੰਘ ਸਾਈਂ

ਫ਼ਤਵਾ ਮੌਤ ਦਾ ਜਦੋਂ ਸੁਣਾਇਆ।
ਧਰਤੀ ਵੀ ਪਿੱਟ ਉੱਠੀ,
ਸੁਣਕੇ ਅੰਬਰ ਵੀ ਕੁਰਲਾਇਆ।
ਗੋਬਿੰਦ ਦਿਆਂ ਲਾਲਾਂ ਨੂੰ,
ਮੁਗ਼ਲਾਂ ਨੀਹਾਂ ਵਿਚ ਚਣਾਇਆ।

ਇੱਟਾਂ ਨੇ ਧਾਹ ਮਾਰੀ,
ਗਾਰਾ ਉੱਚੀ-ਉੱਚੀ ਰੋਵੇ।
ਰੋਵੇ ਕਾਂਡੀ ਤੇ ਤੇਸੀ,
ਅੰਗ ਜਦ ਦੋ ਵੀਰਾਂ ਦੇ ਛੋਹੇ।
ਪੰਛੀ ਕੁਰਲਾਉਣ ਲੱਗੇ,
ਨੇਰ੍ਹਾ ਸੂਰਜ ਮੂਹਰੇ ਆਇਆ।
ਗੋਬਿੰਦ ਦਿਆਂ ਲਾਲਾਂ ਨੂੰ....।

ਨਬਾਬ ਮਲੇਰਕੋਟਲੇ ਨੇ,
ਲਾਇਆ ਸੱਚ ਤੇ ਹੱਕ ਦਾ ਨਾਅਰਾ।
ਮੋਤੀ ਮਹਿਰਾ ਦੁੱਧ ਪਿਆ,
ਬਣਿਆ ਸਤਿਗੁਰੂ ਦਾ ਪਿਆਰਾ।
ਟੋਡਰ ਮੱਲ ਨੇ ਦੇਹ ਮੁਹਰਾਂ,
ਗੁਰੂ ਲਈ ਅਪਣਾ ਫ਼ਰਜ ਨਿਭਾਇਆ।
ਗੁਜਰੀ ਦੇ ਲਾਲਾਂ ਨੂੰ ....।

ਜਾ ਨੂਰੇ ਮਾਹੀ ਨੇ ਹਾਲ ਸੀ,
ਸਭ ਸਤਿਗੁਰੂ ਨੂੰ ਦੱਸਿਆ।
ਇਕ ਤੀਲਾ ਕਾਹੀ ਦਾ,
ਸਤਿਗੁਰੂ ਸਹਿਜ ਸੁਭਾਅ ਨਾਲ ਪੁੱਟਿਆ।
ਜੜ ਪੁਟੀ ਮੁਗਲਾਂ ਦੀ,
ਪਾਤਸ਼ਾਹ ਮੁੱਖ ਵਿਚੋਂ ਫਰਮਾਇਆ।
ਗੋਬਿੰਦ ਦਿਆਂ ਲਾਲਾਂ ਨੂੰ...

ਜਦੋਂ ਤਕ ਨੇ ਚੰਦ ਸੂਰਜ,
ਲੋਕੀ ਪਾਂਉਦੇ ਰਹਿਣਗੇ ਬਾਤਾਂ।
ਡੁੱਲ ਖ਼ੂਨ ਸ਼ਹੀਦਾਂ ਦਾ,
ਹੋਈਆਂ ਗਰਮ ਪੋਹ ਦੀਆਂ ਰਾਤਾਂ।
ਇਹਨਾਂ ਅਮਰ ਸ਼ਹੀਦਾਂ ਨੂੰ,
ਸਾਂਈ ਸਤਿ-ਸਤਿ ਸੀਸ ਨਿਵਾਇਆ।
ਗੋਬਿੰਦ ਦਿਆਂ ਬੱਚਿਆਂ ਨੂੰ,
ਜ਼ਾਲਮਾ ਨੀਹਾਂ ਵਿਚ ਚਿਣਾਇਆ।

ਪਿੰਡ ਤੇ ਡਾਕ-ਸੁਕੇਤੜੀ
ਤਹਿ ਤੇ ਜ਼ਿਲ੍ਹਾ-ਪੰਚਕੂਲਾ (ਹਰਿਆਣਾ)
98551-04436

**ਸਖ਼ਤ ਮਿਹਨਤ, ਇੱਛਾ ਸ਼ਕਤੀ ਅਤੇ ਸਮੱਰਪਣ,**
**ਜਿਸ ਇਨਸਾਨ 'ਚ ਇਹ ਤਿੰਨ ਚੀਜਾਂ ਹਨ,**
**ਉਹ ਜਮੀਨ ਤੋਂ ਉਠ ਕੇ ਅਸਮਾਨ ਛੋਹ ਸਕਦਾ ਹੈ।**
**(ਮਿਲਖਾ ਸਿੰਘ)**



## ਛੋਟੇ ਸਾਹਿਬਜ਼ਾਦਿਆਂ ਦੀ ਵਾਰ

ਹਰਭਜਨ ਸਿੰਘ ਰਾਜਾ

ਜਦ ਪਹੁੰਚੇ ਵਿਚ ਸਰਹਿੰਦ ਦੇ ਛੋਟੇ ਛੋਟੇ ਬਾਲ
ਸੀ ਸੂਰਜ ਵਾਂਗੂੰ ਉਹਨਾਂ ਦੇ ਮੁਖੜੇ ਉੱਤੇ ਜਲਾਲ।
ਦਸਮੇਸ਼ ਪਿਤਾ ਗੁਰੂ ਗੋਬਿੰਦ ਦੇ ਸੀ ਦੋਵੇਂ ਛੋਟੇ ਲਾਲ
ਜਾ ਫ਼ਤਹਿ ਬੁਲਾਈ ਉਹਨਾਂ ਨੇ ਸੀ ਹਿਰਦੇ ਬਹੁਤ ਵਿਸ਼ਾਲ।

ਸੁਣ ਫ਼ਤਹਿ ਉਹਨਾਂ ਦੀ ਹੋ ਗਿਆ ਸੀ ਸੂਬਾ ਲਾਲੋ ਲਾਲ
ਸੀ ਵੱਡੀ ਮਾਤਾ ਉਹਨਾਂ ਦੇ ਮਾਤਾ ਗੁਜਰੀ ਨਾਲ।
ਸੂਬੇ ਕਰੜਾ ਹੁਕਮ ਸੁਣਾ ਕੇ ਕਰ ਦਿੱਤਾ ਤੇਰਵਾਂ ਤਾਲ
ਕੀਤੀ ਸੂਬੇ ਉਹਨਾਂ ਨਾਲ ਜੋ ਨਹੀਂ ਮਿਲਣੀ ਕਿਤੋਂ ਮਿਸਾਲ।

ਜਾ ਠੰਡੇ ਬੁਰਜ ਵਿਚ ਤਾੜਿਆ ਤੇ ਰੁੱਤ ਸੀ ਉੱਤੋਂ ਸਿਆਲ
ਚੱਲੇ ਠੰਡੀ ਹਵਾ ਚੁਫੇਰਿਓਂ ਹੋਏ ਠੰਡ ਦੇ ਨਾਲ ਬੇਹਾਲ।
ਹੋਏ ਜਦੋਂ ਸਵੇਰੇ ਪੇਸ਼ ਸੀ ਉਹਨਾਂ ਕੀਤੀ ਬਹੁਤ ਕਮਾਲ
ਉਹਨਾਂ ਫਤੇ ਬੁਲਾਈ ਗੱਜ ਕੇ ਬੈਠਾ ਸੂਬਾ ਤੱਕੇ ਚੰਡਾਲ।

ਸੂਬਾ ਸੁਣ ਕੇ ਕਹਿੰਦਾ ਬੱਚਿਓ ਮੈਨੂੰ ਵਿਹਲ ਨਾ ਦੇਵੇ ਜ਼ਮੀਨ
ਤੁਸਾਂ ਉੱਚੀ ਫ਼ਤਹਿ ਬੁਲਾ ਕੇ ਮੇਰੀ ਕੀਤੀ ਬਹੁਤ ਤੌਹੀਨ।
ਮੇਰੀ ਗੱਲ ਸੁਣੋ ਕੰਨ ਖੋਲ੍ਹ ਕੇ ਤੇ ਇਸ ’ਤੇ ਕਰੋ ਯਕੀਨ
ਜੇ ਜਾਨ ਬਚਾਨੀ ਚਾਹੁੰਦੇ ਤੇ ਮੰਨ ਲਉ ਮੇਰੀ ਈਨ।

ਮੈਂ ਦੇਵਾਂ ਡੋਲੇ ਬੇਗ਼ਮਾ ਜੇ ਆ ਜਾਵੋ ਵਿਚ ਦੀਨ
ਲਉ ਰੁਤਬੇ ਮੂੰਹੋਂ ਮੰਗ ਕੇ ਤੇ ਸੁੱਖਾਂ ’ਚ ਹੋਵੋ ਲੀਨ।
ਅੱਗੋਂ ਬੋਲੇ ਦੋਵੇਂ ਸੂਰਮੇ ਸੀ ਹੋ ਕੇ ਬੜੇ ਦਲੇਰ
ਅਸੀਂ ਈਨ ਤੇਰੀ ਨਹੀਂ ਮੰਨਦੇ ਅਸੀ ਹਾਂ ਸ਼ੇਰਾਂ ਦੇ ਸ਼ੇਰ।

ਅਸਾਂ ਕੀਤਾ ਅੰਮ੍ਰਿਤ ਪਾਨ ਹੈ ਸਾਡੇ ਹਿਰਦੇ ਵਾਂਗ ਸੁਮੇਰ
ਸਾਡਾ ਪਿਤਾ ਵੀ ਬੱਬਰ ਸ਼ੇਰ ਹੈ ਜਿਸ ਵੈਰੀ ਮਾਰੇ ਘੇਰ।
ਅਸੀਂ ਮੌਤ ਵਿਆਹੁਣੀ ਹੱਸ ਕੇ ਨਹੀਂ ਆਉਣਾ ਜੱਗ ਤੇ ਫੇਰ
ਅਸਾਂ ਗੀਦੀ ਨਹੀਂ ਅਖਵਾਵਨਾ ਭਾਵੇਂ ਮਾਰ ਕੇ ਕਰਦੇ ਢੇਰ।

ਸੁਣ ਸੂਬਾ ਕੋਲੇ ਹੋ ਗਿਆ ਤੇ ਲੱਗਾ ਹੁਕਮ ਸੁਣਾਉਣ
ਫ਼ਤਵਾ ਕਾਜ਼ੀ ਕੋਲੋਂ ਲੁਆ ਕੇ ਲੱਗਾ ਨੀਹਾਂ ਵਿਚ ਚਿਨਾਉਣ।
ਸੂਬਾ ਕੰਧ ਉਸਰ ਦੀ ਵੇਖ ਕੇ ਸੀ ਲੱਗਾ ਚੁਫੇਰੇ ਭੌਨ
ਨਾ ਡੋਲੇ ਦੋਵੇਂ ਸੂਰਮੇ ਫ਼ਤਹਿ ਉੱਚੀ ਉੱਚੀ ਬੁਲਾਉਣ।

ਝੱਟ ਆਣ ਜਲਾਦਾਂ ਦੋਹਾਂ ਦੀ ਫਿਰ ਵੱਢ ਦਿੱਤੀ ਸੀ ਧੌਣ
ਤੱਕ ਜ਼ੁਲਮ ਵਜ਼ੀਦੇ ਖ਼ਾਨ ਦਾ ਲੋਕੀ ਮੂੰਹ ਵਿੱਚ ਉਂਗਲਾਂ ਪਾਉਣ।
ਨਾ ਉੱਚੀ ਸੀ ਕੋਈ ਬੋਲਦਾ ਪਏ ਕੰਨਾਂ ਨੂੰ ਹੱਥ ਲਾਉਣ
ਤੇਰਾ ਗਰਕੇ ਬੇੜਾ ਸੂਬਿਆ ਤੇ ਅੱਖੀਆਂ ਬਣੀਆਂ ਸਾਉਣ।

ਹੋਏ ਅਮਰ ਸ਼ਹੀਦੀ ਪਾ ਕੇ ਤੇ ਰੀਸ ਕਰੇ ਅੱਜ ਕੌਣ
ਰਾਜਾ ਕਵੀ ਕਵੀਸ਼ਰ ਲਿਖ ਕੇ ਫਿਰ ਵਾਰਾ ਲੱਗ ਪਏ ਰੋਣ।

ਐਲਨਾਬਾਦ,
ਜ਼ਿਲ੍ਹਾ-ਸਿਰਸਾ (ਹਰਿਆਣਾ)
94168-80763

**ਕਿਤਾਬਾਂ ਤੋਂ ਬਿਨਾਂ ਕੋਈ ਕੌਮ**
**ਉਸ ਆਦਮੀ ਵਰਗੀ ਹੈ ਜਿਸਦੀਆਂ**
**ਅੱਖਾਂ 'ਤੇ ਪੱਟੀ ਬੰਨ੍ਹੀ ਹੋਵੇ।**

**ਰਸੂਲ ਹਮਜਾਤੋਵ**



## ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਲਖਵਿੰਦਰ ਸਿੰਘ ਬਾਜਵਾ

ਸੂਬੇ ਆਖਿਆ ਮੰਨ ਲਓ ਈਨ ਮੇਰੀ,
ਸੁਖ ਝੋਲੀ ਜਹਾਨ ਦੇ ਪਾ ਦਿਆਂਗਾ।
ਡੋਲੇ ਬੇਗਮਾ ਦੇ ਰੁਤਬੇ ਰਾਜਿਆਂ ਦੇ,
ਢੇਰ ਦੌਲਤਾਂ ਦੇ ਅੱਗੇ ਲਾ ਦਿਆਂਗਾ।
ਚੰਗੇ ਰਹੋਗੇ ਭੋਗੋਗੇ ਬਾਦਸ਼ਾਹੀ,
ਸੋਹਣੇ ਸੋਨੇ ਦੇ ਮਹਿਲ ਪਵਾ ਦਿਆਂਗਾ।
ਜੇਕਰ ਗੱਲ ਮੇਰੀ ਤੁਸੀਂ ਨਾ ਮੰਨੀ,
ਜਿੰਦਾ ਨੀਹਾਂ ਦੇ ਵਿੱਚ ਚਿਣਵਾ ਦਿਆਂਗਾ ।
ਲਾਲਾਂ ਆਖਿਆ ਸੂਬੇ ਕਿਤਾਬ ਵਿੱਚੋਂ,
ਵਰਕਾ ਪਾੜ ਦੇ ਈਨ ਮਨਾਉਣ ਵਾਲਾ।
ਪੂਰਨ ਪੁਰਖ ਦਸ਼ਮੇਸ਼ ਦੇ ਅਸੀਂ ਜਾਏ,
ਤੂੰ ਕੌਣ ਹੈਂ ਸਾਨੂੰ ਸਮਝਾਉਣ ਵਾਲਾ।
ਅਸੀਂ ਪੜ੍ਹੇ ਹਾਂ ਉਹਦੇ ਸਕੂਲ ਅੰਦਰ,
ਜਿਹੜਾ ਸਿਰਾਂ ਦੀ ਫੀਸ ਲਗਾਉਣ ਵਾਲਾ।
ਲੋਭ ਲਾਲਚਾਂ ਦਾ ਨਹੀਓਂ ਸਬਕ ਦੇਂਦਾ,
ਜਿਹੜਾ ਅਣਖ ਦਾ ਪਾਠ ਪੜ੍ਹਾਉਣ ਵਾਲਾ।
ਅਸੀਂ ਨਾਲ ਤਲਵਾਰਾਂ ਦੇ ਧਰਤ ਉੱਤੇ,
ਗੈਰਤ ਅਣਖ ਦੇ ਪੂਰਨੇ ਪਾਏ ਹੋਏ ਨੇ।
ਅਸੀਂ ਖੇਡੇ ਤਲਵਾਰਾਂ ਦੀ ਛਾਂ ਥੱਲੇ,
ਗੀਤ ਸਦਾ ਅਜ਼ਾਦੀ ਦੇ ਗਾਏ ਹੋਏ ਨੇ।
ਅੰਮ੍ਰਿਤ ਓਸ ਤੋਂ ਖੰਡੇ ਦਾ ਅਸਾਂ ਛਕਿਆ,
ਜਿੰਨ੍ਹੇ ਚਿੜੀਆਂ ਤੋਂ ਬਾਜ ਤੁੜਾਏ ਹੋਏ ਨੇ।
ਓਸ ਕੌਮ ਦੇ ਅਸੀਂ ਹਾਂ ਸ਼ੇਰ ਦੂਲੇ,
ਨਾਲ ਮੌਤ ਦੇ ਜਿਹੜੇ ਵਿਆਹੇ ਹੋਏ ਨੇ।

ਵਿੱਚ ਰੋਹ ਦੇ ਆਣ ਕੇ ਕਹੇ ਸੂਬਾ,
ਨਾਮ ਦੁਨੀਆਂ ਦੇ ਉਤੋਂ ਮਿਟਾ ਦਿਆਂਗਾ।
ਤੁਸੀਂ ਫੁੱਲ ਗੁਲਾਬ ਦੇ ਜਿਹੇ ਬੱਚੇ,
ਭਾਰੇ ਪੱਥਰਾਂ ਹੇਠ ਦਬਾ ਦਿਆਂਗਾ।
ਝੱਖੜ ਕਹਿਰ ਦਾ ਝੁੱਲਿਆ ਜਦੋਂ ਮੇਰਾ,
ਸਿੱਖ ਪੰਥ ਦੀਆਂ ਜੜ੍ਹਾਂ ਹਿਲਾ ਦਿਆਂਗਾ।
ਗੋਬਿੰਦ ਸਿੰਘ ਦਾ ਸਿੱਖੀ ਮਹੱਲ ਢਾਹ ਕੇ,
ਉੱਤੇ ਕਿਲਾ ਇਸਲਾਮ ਬਣਾ ਦਿਆਂਗਾ।
ਬੱਚੇ ਆਖਦੇ ਅਸੀਂ ਮਹੱਲ ਸਿੱਖੀ,
ਹੇਠਾਂ ਲਾ ਕੇ ਸੀਸ ਉਸਾਰਨਾ ਏਂ।
ਤੇਰੇ ਜ਼ੁਲਮ ਦੀ ਮੱਚਦੀ ਲਾਟ ਤਾਈਂ,
ਖ਼ੂਨ ਜਿਸਮ ਦਾ ਪਾ ਕੇ ਠਾਰਨਾ ਏਂ।
ਰਹਿਣਾ ਨਹੀ ਹਕੂਮਤ ਦਾ ਜੋਰ ਆਖ਼ਰ,
ਸੱਚ ਜਿੱਤਣਾ ਤੇ ਝੂਠ ਹਾਰਨਾ ਏਂ।
ਤੇਰਾ ਪਾਪੀਆਂ ਵਿੱਚ ਸ਼ੁਮਾਰ ਹੋਣਾ,
ਸਾਨੂੰ ਲੋਕਾਂ ਸ਼ਹੀਦ ਪੁਕਾਰਨਾ ਏਂ।
ਸੂਬੇ ਸੱਦ ਕੇ ਆਖਿਆ ਸ਼ੇਰ ਖਾਂ ਨੂੰ,
ਭਾਈ ਤੇਰਾ ਗੋਬਿੰਦ ਨੇ ਮਾਰਿਆ ਏ।
ਬਦਲਾ ਓਸ ਦਾ ਲੈ ਤੂੰ ਮਾਰ ਬੱਚੇ,
ਟੁੱਟ ਜਾਵੇ ਗੋਬਿੰਦ ਹੰਕਾਰਿਆ ਏ।
ਸ਼ੀਰ ਖੋਰਾਂ ਤੇ ਜ਼ੁਲਮ ਕਮਾਉਣ ਪਾਪੀ,
ਨਾਹਰਾ ਹਾ ਦਾ ਸ਼ੇਰ ਖਾਂ ਮਾਰਿਆ ਏ।
ਸੱਪ ਮਾਰਨਾ ਰਾਖੀ ਸਪੋਲੀਆਂ ਦੀ,
ਸੁੱਚਾ ਨੰਦ ਨੇ ਫੇਰ ਪੁਕਾਰਿਆ ਏ।
ਸੂਬੇ ਸੱਦ ਕੇ ਕਾਜੀ ਲਗਵਾ ਫਤਵਾ,
ਨੀਹਾਂ ਵਿੱਚ ਨਿਰਦੋਸ਼ ਖਲ੍ਹਾਰ ਦਿੱਤੇ।
ਲੱਗੇ ਚਿਣਨ ਦੀਵਾਰ ਚੁਫੇਰ ਪਾਪੀ,
ਸ਼ਰਮ ਧਰਮ ਦੇ ਲੀੜੇ ਉਤਾਰ ਦਿੱਤੇ।
ਚੰਨ ਦੋ ਦਸ਼ਮੇਸ਼ ਦੇ ਲਾਹ ਅਰਸ਼ੋਂ,
ਰਾਹੂ ਕੇਤੂਆਂ ਦੇ ਅੱਗੇ ਡਾਰ ਦਿੱਤੇ।

ਸਾਹਿਬਜ਼ਾਦਿਆਂ ਨੀਹਾਂ ਵਿੱਚ ਲਾ ਆਪਾ,
ਉੱਚੇ ਸਿੱਖੀ ਮੀਨਾਰ ਉਸਾਰ ਦਿੱਤੇ।
ਜ਼ੁਲਮ ਵੇਖ ਇੱਟਾਂ ਸ਼ਰਮਸਾਰ ਹੋਈਆਂ,
ਪਹਿਲਾਂ ਲਾਲਾਂ ਤੋਂ ਕੰਧ ਬੇਸੁੱਧ ਹੋਈ।
ਭਾਰਾ ਵੇਖ ਕੇ ਜ਼ੁਲਮ ਨਾ ਸਹਿ ਸਕੀ,
ਇੱਟ ਇੱਟ ਉਹ ਖਿੱਲਰ ਅਵਰੁੱਧ ਹੋਈ।
ਉਹਨੂੰ ਡਿੱਗਣੋ ਰਾਜ ਨਾ ਰੋਕ ਸਕੇ,
ਏਨੀ ਵੇਖ ਅਣਹੋਣੀ ਕਰੁੱਧ ਹੋਈ।
ਵੇਖ ਇਹ ਕ੍ਰਿਸ਼ਮਾ ਪ੍ਰਤੱਖ ਅੱਖੀਂ,
ਸਿੱਧੀ ਫੇਰ ਨਾ ਵੈਰੀ ਦੀ ਬੁੱਧ ਹੋਈ।
ਚੁੱਕ ਲਾਲਾਂ ਨੂੰ ਲੈ ਗਏ ਬੁਰਜ ਠੰਡੇ,
ਰੁੱਖ ਸਿਤਮ ਤੱਕ ਤੱਕ ਹੰਝੂ ਕੇਰਦੇ ਨੇ।
ਤੜਕੇ ਫੇਰ ਕਚਹਿਰੀ ਵਿੱਚ ਪੇਸ਼ ਕੀਤੇ,
ਕਾਰੇ ਅਜੇ ਬਕਾਇਆ ਹਨੇਰ ਦੇ ਨੇ।
ਐਪਰ ਸਹਿ ਕੇ ਜ਼ੁਲਮ ਨਾ ਫੇਰ ਡੋਲੇ,
ਆਖਰ ਇਹ ਵੀ ਤਾਂ ਬੱਚੇ ਸ਼ੇਰ ਦੇ ਨੇ।
ਸੱਦ ਫੇਰ ਜਲਾਦਾਂ ਨੂੰ ਸੌਂਪ ਦਿੱਤੇ,
ਵੇਖੋ ਫੁੱਲ ਅੰਗਿਆਰਾਂ ਤੇ ਗੇਰਦੇ ਨੇ।
ਰੋਏ ਪੱਥਰ ਪਰ ਪੱਥਰ ਦਿਲ ਨਹੀ ਪਿਘਲੇ,
ਜੱਗੋਂ ਤੇਰ੍ਹਵੀਂ ਕਰ ਵਖਾਈ ਸੂਬੇ।
ਸਿਦਕ ਲਾਲਾਂ ਦਾ ਨਹੀ ਡੁਲਾ ਸਕੇ,
ਬੁਜ਼ਦਿਲੀ ਦੀ ਹੱਦ ਮੁਕਾਈ ਸੂਬੇ।
ਸਾਹਿਬਜਾਦੇ ਸ਼ਹੀਦ ਹੋ ਅਮਰ ਹੋ ਗਏ,
ਕਾਲਖ ਮੱਥੇ ਦੇ ਉਤੇ ਲਵਾਈ ਸੂਬੇ।
ਮਿਲੇ ਬਾਜਵਾ ਉੱਨੀ ਦੀ ਹੋ ਇੱਕੀ,
ਭਾਜੀ ਮੌਤ ਦੀ ਜਿਹੜੀ ਚੜ੍ਹਾਈ ਸੂਬੇ।

ਪਿੰਡ ਹਰੀਪੁਰਾ, ਜਗਜੀਤ ਨਗਰ,
ਜ਼ਿਲ੍ਹਾ-ਸਿਰਸਾ (ਹਰਿਆਣਾ)
94167-34506



## ਆਓ ਉਨ੍ਹਾਂ ਦੀ ਗੱਲ ਕਰੀਏ

ਸੁਖਦੇਵ ਸਿੰਘ ਸ਼ਾਂਤ

ਆਓ ਉਨ੍ਹਾਂ ਦੀ ਗੱਲ ਕਰੀਏ।
ਜੋ ਸੱਚ ਦੀ ਗੱਲ ਕਹਿੰਦੇ ਨੇ।
ਜੋ ਮਾਰੂਥਲ ’ਚ ਉੱਗ ਕੇ ਵੀ
ਕੋਈ ਹਰਿਆ ਬੂਟ ਰਹਿੰਦੇ ਨੇ।
ਇਤਿਹਾਸ ਦਾ ਮਾਣ ਬਣਦੇ ਨੇ
ਇਤਿਹਾਸ ਦੀ ਸ਼ਾਨ ਹੁੰਦੇ ਨੇ।
ਉਹ ਧਰਤ ਦਾ ਧੌਲ ਬਣਦੇ ਨੇ
ਉਹ ਧਰਤ ਦੀ ਜਾਨ ਹੁੰਦੇ ਨੇ।
ਦਰਬਾਰ ਜਦ ਝੂਠ ਦਾ ਲੱਗੇ
ਉਹ ਸੱਚ ਦੀ ਗੱਲ ਕਰਦੇ ਨੇ।
ਜ਼ੁਲਮ ਜਦ ਹੋਣ ਹੈ ਲੱਗਦਾ
ਉਹ ਨਿਆਂ ਦਾ ਪੱਖ ਭਰਦੇ ਨੇ।
‘ਹਾਅ’ਦਾ ਮਾਰਨਾ ਨਾਅਰਾ
ਕਿਤੇ ਕੋਈ ਘੱਟ ਨਹੀਂ ਹੁੰਦਾ।
ਸਦਾ ਲਈ ਜੜ੍ਹਾਂ ਦਾ ਵਰ
ਐਵੇਂ ਹੀ ਖੱਟ ਨਹੀਂ ਹੁੰਦਾ।
ਜਾਨ ਨੂੰ ਤਲੀ ’ਤੇ ਰੱਖ ਕੇ
ਕਹਿਰ ਦੇ ਬੁਰਜ ’ਚ ਜਾਂਦੇ ਨੇ।
ਅਰਸ਼ਾਂ ਦੇ ਫਰਿਸ਼ਤਿਆਂ ਨੂੰ
ਉਹ ਹੱਥੀਂ ਦੁੱਧ ਪਿਆਂਦੇ ਨੇ।
ਦਾਦੀ ਦੇ ਦਿਲ ਦੇ ਵਿਚੋਂ
ਉਹ ਅਸੀਸਾਂ ਖ਼ੂਬ ਪਾਂਦੇ ਨੇ।
ਉਹ ਹੀਰੇ ਨੇ ਉਹ ਮੋਤੀ ਨੇ।
ਉਹ ਅੱਜ ਵੀ ਜਾਣੇ ਜਾਂਦੇ ਨੇ।
ਉਹ ਵੀ ਧੰਨ ਨੇ ਜਿਹੜੇ
ਸਸਕਾਰ ਦਾ ਹੌਂਸਲਾ ਕਰਦੇ।
ਜਾਬਰ ਤਾਂ ਡਰਦੈ ਲਾਸ਼ਾਂ ਤੋਂ
ਉਹ ਲਾਸ਼ਾਂ ਨੂੰ ਸਿਜਦਾ ਕਰਦੇ।
ਹਵਾ ਦੇ ਨਾਲ ਨਹੀਂ ਉੱਡਦੇ
ਉਹ ਝੱਖੜਾਂ ’ਚ ਵਫ਼ਾ ਕਰਦੇ।
ਉਹ ਬੀਰ ਬਣਦੇ ਉਹ ਮੱਲ ਬਣਦੇ
ਉਹ ਫ਼ਰਜ਼ਾਂ ਨੂੰ ਅਦਾ ਕਰਦੇ।

ਏਵੋਨ, ਇੰਡੀਆਨਾ (ਯੂ. ਐਸ. ਏ)-46123
001-317-406-0002

# ਪੰਜਾਬੀ ਸਾਹਿਤ ਚਿੰਤਨ ਦਾ ਸਿਰਮੌਰ ਲੇਖਕ : ਭਾਈ ਵੀਰ ਸਿੰਘ

ਡਾ. ਸਾਹਿਬ ਸਿੰਘ ਅਰਸ਼ੀ



ਭਾਈ ਵੀਰ ਸਿੰਘ ਨੂੰ ਪੰਜਾਬੀ ਸਾਹਿਤ ਵਿਚ ਆਧੁਨਿਕ ਨਵੀਨ ਨਿੱਕੀ ਕਵਿਤਾ ਦਾ ਮੋਢੀ ਕਰਕੇ ਜਾਣਿਆ ਜਾਂਦਾ ਹੈ। ਆਪ ਦਾ ਜਨਮ 5 ਦਸੰਬਰ, 1872 ਈ. ਵਿਚ ਸ੍ਰ. ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਚ ਹੋਇਆ ਜੋ ਬ੍ਰਿਜ ਭਾਸ਼ਾ ਦੇ ਕਵੀ ਤੇ ਗੁਰਬਾਣੀ ਦੇ ਰਸੀਏ ਸਨ। ਮਹਾਨ ਵਿਦਵਾਨ ਡਾ. ਬਲਬੀਰ ਸਿੰਘ ਆਪ ਦੇ ਛੋਟੇ ਭਰਾ ਸਨ। ਆਪ ਨੂੰ ਬਚਪਨ ਵਿਚ ਨਾਨਾ ਹਜ਼ਾਰਾ ਸਿੰਘ ਪਾਸ ਰਹਿਣ ਦਾ ਮੌਕਾ ਮਿਲਿਆ ਜੋ ਸੰਪ੍ਰਦਾਇ ਗਿਆਨੀ ਤੇ ਫ਼ਾਰਸੀ ਦੇ ਵਿਦਵਾਨ ਸਾਹਿਤਕਾਰ ਸਨ ਜਿਨ੍ਹਾਂ ਤੋਂ ਆਪ ਨੂੰ ਸਾਹਿਤਕ ਚੇਟਕ ਲੱਗੀ। ਆਪ ਦਾ ਪਰਿਵਾਰਕ ਸੰਬੰਧ ਸਿੱਖ ਰਾਜ ਦੇ ਸਮੇਂ ਮੁਲਤਾਨ ਦੇ ਗਵਰਨਰ ਰਹੇ ਦੀਵਾਨ ਕੌੜਾ ਮੱਲ ਨਾਲ ਸੀ।

ਭਾ. ਵੀਰ ਸਿੰਘ ਦੀ ਸਾਹਿਤਕ ਪ੍ਰਤਿਭਾ ਨੂੰ ਵਾਚਿਆਂ ਇਹ ਸਪੱਸ਼ਟ ਹੈ ਕਿ ਆਪ ਨੇ ਨਿੱਕੀ ਕਵਿਤਾ ਦਾ ਮੁੱਢ ਬੰਨ੍ਹਿਆ ਅਤੇ ਨਿੱਕੀ ਸਰੋਦੀ ਕਵਿਤਾ ਨੂੰ ਆਪਣੇ ਢੰਗ ਨਾਲ ਅਪਣਾਇਆ ਅਤੇ ਪੰਜਾਬੀ ਸਾਹਿਤਕ ਖੇਤਰ ਵਿਚ ਬੋਹੜ ਵਾਂਗ ਛਾਏ ਰਹੇ। ਆਪ ਨੇ ਅਧਿਆਤਮਿਕ ਕਾਵਿ, ਰਹੱਸਵਾਦੀ ਕਾਵਿ ਤੇ ਕਿੱਸਾ ਕਾਵਿ ਨੂੰ ਸ਼ਾਮਿਲ ਕਰਕੇ ਇੱਕ ਨਵੀਨ ਧਾਰਾ ਦਾ ਆਰੰਭ ਕੀਤਾ। ਆਪ ਨੂੰ ਪੁਰਾਤਨ ਕਾਵਿ ਤੇ ਆਧੁਨਿਕ ਕਾਵਿ ਦਾ ਪੁੱਲ ਕਿਹਾ ਜਾ ਸਕਦਾ ਹੈ। ਡਾ. ਮੋਹਨ ਸਿੰਘ ਅਨੁਸਾਰ, "ਆਪ ਗੁਰਸਿੱਖੀ ਦੇ ਪੂਰੇ ਪ੍ਰਤੀਨਿਧ ਹਨ। ਆਪ ਦੀ ਦਾਰਸ਼ਨਿਕ ਕਵਿਤਾ ਨੇ ਪੰਜਾਬੀ ਦੀ ਪਤਾਕਾ ਨੂੰ ਅਤਿਅੰਤ ਉੱਚਾ ਕੀਤਾ ਹੈ।" ਆਪ ਨੇ ਤਿੰਨ ਦਰਜਨ ਤੋਂ ਵੀ ਵੱਧ ਰਚਨਾਵਾਂ ਸਾਹਿਤ ਨੂੰ ਦਿੱਤੀਆਂ ਜਿਨ੍ਹਾਂ ਵਿਚ ਮਹਾਂਕਾਵਿ, ਸੱਤ ਕਾਵਿ-ਸੰਗ੍ਰਹਿ, ਚਾਰ ਨਾਵਲ, ਇੱਕ ਨਾਟਕ, ਗੁਰੂਆਂ ਦੇ ਜੀਵਨ ਬਾਰੇ ਚਮਤਕਾਰ, ਬਾਲ ਪੁਸਤਕਾਂ ਆਦਿ ਸ਼ਾਮਿਲ ਹਨ।

ਆਪ ਦੀ ਨਿੱਕੀ ਕਵਿਤਾ ਦੀ ਬਣਤਰ ਰੂਪਕ ਪੱਖ ਤੋਂ ਪੰਜਾਬੀ ਵਿਚ ਤਜਰਬਿਆਂ ਦੇ ਯੁੱਗ ਦਾ ਆਰੰਭ ਹੀ ਕਿਹਾ ਜਾ ਸਕਦਾ ਹੈ। ਕਵਿਤਾ ਦੀ ਛੰਦਕ ਚਾਲ ਵਿਚ ਭਾਈ ਸਾਹਿਬ ਨੇ ਕਲਾਸਕੀ ਛੰਦ ਜਿਵੇਂ ਕਬਿੱਤ, ਦੋਹਰਾ, ਸੋਰਠਾ, ਸਿਰਖੰਡੀ ਤੇ ਬੈਂਤ ਛੰਦ ਦੀ ਵਰਤੋਂ ਕੀਤੀ ਹੈ। ਸੁਤੰਤਰ ਵਿਸ਼ੇ ਲੈ ਕੇ ਨਿੱਕੀ ਕਵਿਤਾ ਰਚਣ ਦਾ ਰਿਵਾਜ ਭਾਈ ਸਾਹਿਬ ਨੇ ਹੀ ਪਾਇਆ ਹੈ। ਪੰਜਾਬੀ ਕਵਿਤਾ ਨੂੰ ਗ੍ਰਾਮੀਣ ਪ੍ਰਭਾਵਾਂ ਤੋਂ ਦੂਰ ਲਿਜਾ ਕੇ ਸ਼ਹਿਰੀ ਸ਼ਿਸ਼ਟਾਚਾਰ ਸ਼ੈਲੀ ਦੀ ਵਰਤੋਂ ਕੀਤੀ ਹੈ। ਆਪਦਾ ਦ੍ਰਿਸ਼ਟੀਕੋਣ ਆਦਰਸ਼ਵਾਦੀ ਸੀ ਜਿਸ ਵਿਚ ਅਧਿਆਤਮਿਕ ਵਿਚਾਰਧਾਰਾ ਦੀ ਪ੍ਰਮੁੱਖਤਾ ਮੁੱਖ ਤੌਰ 'ਤੇ ਵੇਖੀ ਜਾ ਸਕਦੀ ਹੈ। ਆਪ ਦੀ ਕਵਿਤਾ ਨੂੰ ਵਾਚਿਆਂ ਸਪੱਸ਼ਟ ਹੁੰਦਾ ਹੈ ਕਿ ਆਪ ਸਿੱਖੀ ਆਦਰਸ਼ ਦੇ ਵਿਆਖਿਆਕਾਰ ਸਨ। ਇਸ ਅਵਸਥਾ ਨੂੰ ਆਪ ਨੇ ਖੇੜੇ ਦਾ ਨਾਂ ਦਿੱਤਾ ਹੈ। ਆਪ ਅਨੁਸਾਰ 'ਇੱਕ ਵਿਅਕਤੀ ਦੀ ਉੱਚਤਮ ਮਾਨਸਿਕ ਅਵਸਥਾ ਖੇੜੇ ਦੀ ਅਵਸਥਾ ਵਿਚ ਪੁੱਜ ਕੇ ਮਨੁੱਖੀ ਸਮਾਜ ਵਿਚ ਆਪਣੀ ਸੁਗੰਧੀ ਖਿੰਡਾਉਣਾ ਹੈ। ਆਪ ਦੀ ਨਿੱਕੀ ਕਵਿਤਾ ਵਿਚ ਖੇੜੇ ਦੀ ਪ੍ਰਧਾਨਤਾ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ। ਖੇੜਾ ਆਪ ਵਿਚ ਅਨੰਦ ਲੈਣ ਦੀ ਤਸੱਲੀ ਨਹੀਂ ਸਗੋਂ ਖੇੜਾ ਖਿੜ ਕੇ ਵੰਡੇ ਜਾਣ ਦਾ ਅਨੰਦ ਹੈ। ਆਪ ਅਨੁਸਾਰ:-

'ਦੇਣਾ' ਬਣਦਾ ਰੂਪ ਹੈ 'ਖੇੜੇ ਖਿੜ ਪਿਆ।'
'ਦੇਣਾ' ਰੰਗ ਅਨੂਪ ਹੈ ਚੜ੍ਹਦਾ ਮੁਸ਼ਕਿਆਂ।

(ਮਟਕ ਹੁਲਾਰੇ)

ਆਪ ਦੀ ਕਵਿਤਾ ਅੰਤਰਮੁਖੀ ਦ੍ਰਿਸ਼ਟੀਕੋਣ ਵਾਲੀ ਹੈ ਜੋ ਬਾਹਰਲੀ ਦੁਨੀਆਂ ਤੋਂ ਅਭਿੱਜ ਰਹੀ। ਆਪ ਦੀਆਂ

ਰਚਨਾਵਾਂ ਵਿਚ ਅਧਿਆਤਮਿਕ ਧਾਰਾ ਦੀ ਵਿਆਖਿਆ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਕਵੀ ਦੀ 'ਸਾਈਂ ਲਈ ਤੜਫ' ਅੰਤਾਂ ਦੀ ਹੈ। ਕਵੀ-ਆਤਮਾ ਵਿਚ ਰਹੱਸਵਾਦੀ ਜਗਿਆਸਾ ਮਿਲਾਪ ਦੀ ਤਾਂਘ ਨੂੰ ਹੋਰ ਤੀਬਰ ਕਰਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪ੍ਰਮਾਣ ਵੇਖੋ :-

ਤੂੰ ਸਮਰੱਥ ਸ਼ਕਤੀਆਂ ਵਾਲਾ। ਜੋ ਚਾਹੇਂ ਕਰ ਸਕੇਂ ਸੁਖਾਲਾ।
ਫਿਰ ਤੂੰ ਮਿਹਰਾਂ ਤਰਸਾਂ ਵਾਲਾ, ਕਰ ਛੇਤੀ ਮਿਲ ਵੇਲਾ ਊ।

ਇਹ ਰਚਨਾ ਭਾਈ ਵੀਰ ਸਿੰਘ ਦੇ ਰਹੱਸਵਾਦੀ ਅਨੁਭਵ ਦਾ ਸਿਖਰ ਕਿਹਾ ਜਾ ਸਕਦਾ ਹੈ। ਭਾਵੇਂ ਕਿਤੇ-ਕਿਤੇ ਸਮਾਜਿਕ ਵਿਸ਼ਿਆਂ ਨੂੰ ਵੀ ਸੰਕੇਤਕ ਢੰਗ ਨਾਲ ਛੋਹਿਆ ਹੈ ਜਿਵੇਂ 'ਗੰਗਾ ਰਾਮ', 'ਕੁਤਬ ਦੀ ਲਾਠ' ਆਦਿ ਪਰੰਤੂ ਆਪ ਦੀ ਪ੍ਰਬਲ ਤੇ ਸਥਾਈ ਰੁਚੀ ਅਧਿਆਤਮਵਾਦੀ ਹੀ ਰਹੀ ਹੈ। ਸਮੁੱਚੇ ਤੌਰ 'ਤੇ ਆਪ ਰਹੱਸਵਾਦੀ ਮੰਡਲ ਦੀਆਂ ਅਤਿ ਉੱਚੀਆਂ ਚੋਟੀਆਂ ਉੱਤੇ ਆਲੇ-ਦੁਆਲੇ ਤੋਂ ਅਭਿੱਜ ਪਰ ਮਸਤ ਹਾਲਤ ਵਿਚ ਸਹਿਜ ਟਿਕਾਓ ਵਿਚ ਹੀ ਵਿਚਰਦੇ ਰਹੇ। ਆਪ ਦੇ ਨਾਵਲ 'ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ' ਵਿਚ ਲੇਖਕ ਦਾ ਮੰਤਵ ਸਿੱਖ ਧਰਮ ਦੀ ਹੋਰ ਧਰਮਾਂ ਦੇ ਟਾਕਰੇ ਵਿਚ ਵਡਿਆਈ ਤੇ ਉੱਚਤਾ ਦਰਸਾਉਣਾ ਹੀ ਮੰਤਵ ਰਿਹਾ ਹੈ। ਕੇਵਲ ਇੱਕ ਆਦਰਸ਼ਕ ਸਿੱਖ ਦੇ ਨਿੱਤ-ਪ੍ਰਤੀ ਜੀਵਨ ਦੀ ਤਸਵੀਰ ਪੇਸ਼ ਕਰਕੇ ਉਸ ਦੇ ਦੁਆਲੇ ਸਿੱਖ ਧਰਮ ਦੀ ਵਿਆਖਿਆ ਤੇ ਦੂਜੇ ਧਰਮਾਂ ਉੱਤੇ ਇਸ ਦੀ ਸਰੇਸ਼ਟਤਾ ਨੂੰ ਦਰਸਾਇਆ ਹੈ। ਇਸ ਵਿਚ ਸਾਰੇ ਸੁਧਾਰਾਂ ਦਾ ਆਧਾਰ ਸਿੱਖ ਮੱਤ ਨੂੰ ਬਣਾ ਕੇ ਸਿੱਖੀ ਘੇਰੇ ਤੱਕ ਹੀ ਸੀਮਤ ਰੱਖਿਆ ਗਿਆ ਹੈ।

ਕਵੀ ਦੀ ਅੰਤਰ ਕਾਵਿ-ਦ੍ਰਿਸ਼ਟੀ ਕਿਸੇ ਅਦ੍ਰਿਸ਼ਟ ਸ਼ਕਤੀ ਦੀ ਭਾਲ ਵਿਚ ਲੁੱਛਦੀ ਪ੍ਰਤੀਤ ਹੁੰਦੀ ਹੈ ਜਿਸ ਨੂੰ ਪਾਉਣ ਲਈ ਉਹ ਯਤਨਸ਼ੀਲ ਹੈ। ਕਵੀ ਅਨੁਸਾਰ :-

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।

ਉਹ ਸੰਸਾਰਕ ਵਸਤੂਆਂ ਤੋਂ ਅਭਿੱਜ ਕਿਸੇ ਅਲਬੇਲੇਪਣ ਦੀ ਵਿਸਮਾਦੀ ਅਵਸਥਾ ਵਿਚ ਹੀ ਵਿਚਰਨਾ ਚਾਹੁੰਦਾ ਹੈ ਜਿੱਥੇ ਆਤਮਿਕ ਅਨੰਦ ਮਿਲ ਸਕੇ। ਇਸ ਇੱਛਾ ਦਾ ਪ੍ਰਗਟਾਵਾ ਵੇਖਣਯੋਗ ਹੈ:-

ਤੇਰਾ ਥਾਉਂ ਕਿਸੇ ਨਦੀ ਕਿਨਾਰੇ,
ਤੇਰਾ ਥਾਉਂ ਕਿਸੇ ਜੰਗਲ ਬੇਲੇ।
ਤੇਰੇ ਭਾਗਾਂ ਵਿਚ ਅਰਸ਼ਾਂ 'ਤੇ ਉੱਡਣਾ
ਤੇ ਗਾਂਦਿਆਂ ਫਿਰਨ ਇਕੱਲੇ।

ਕਵੀ ਨੂੰ ਉਸ ਰਹੱਸਮਈ ਦਾਤੇ ਦੀ ਲੋਚਾ ਹੈ ਜਿਸ ਨੇ ਅਨੰਤ ਸੰਸਾਰਕ ਖ਼ੁਸ਼ੀਆਂ ਪ੍ਰਦਾਨ ਕੀਤੀਆਂ ਹਨ। ਉਸ ਅਦਿੱਖ ਸ਼ਕਤੀ ਨੂੰ ਪਾਉਣ ਦੀ ਤੀਬਰ ਲੋਚਾ ਕਵੀ ਨੂੰ ਬਿਹਬਲ ਕਰ ਦਿੰਦੀ ਹੈ ਤੇ ਉਹ ਪੁਕਾਰ ਉੱਠਦਾ ਹੈ:-

ਹਾਏ ਦਾਤਾ ਦਿਸਿਆ ਨਾ, ਸਵਾਦ ਜਿਨ੍ਹੇ ਦਿੱਤਾ ਐਸਾ।
ਦੇਂਦਾ ਰਸ ਦਾਨ ਦਾਤਾ, ਆਪਾ ਕਿਉਂ ਲੁਕਾ ਗਿਆ।

ਆਪ ਅਨੁਸਾਰ ਇਸ਼ਕ ਹਕੀਕੀ ਦੇ ਰਾਹ ਪਏ ਮੁਰੀਦ ਨੂੰ ਆਪਣੇ ਮੁਰਸ਼ਦ ਨਾਲ ਵਸਲ ਪ੍ਰਾਪਤੀ ਤੱਕ ਚੈਨ ਨਹੀਂ ਮਿਲਦਾ। ਇਹ ਆਤਮਾ ਦੀ ਅਧਿਆਤਮਿਕ ਅਵਸਥਾ ਨੂੰ ਇਸ ਰਾਹ ਪਏ ਹੀ ਜਾਣ ਸਕਦੇ ਹਨ। ਆਪ ਅਨੁਸਾਰ : -

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ,
ਓਹ ਦਿਨੇ ਰਾਤ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ,
ਹੈ ਟੋਰ ਅਨੰਤ ਉਨ੍ਹਾਂ ਦੀ।
ਵਸਲੋਂ ਉਰੇ ਮੁਕਾਮ ਨਾ ਕੋਈ,
ਸੋ ਚਾਲ ਪਏ ਨਿੱਤ ਰਹਿੰਦੇ।

ਕਵੀ ਆਪਣੀ ਕਵਿਤਾ ਵਿਚ ਸਮੇਂ ਨੂੰ ਵੀ ਵੰਗਾਰਦਾ ਹੈ ਜੋ ਆਪਣੀ ਅਨੰਤ ਤੋਰ ਤੁਰਦਾ ਅਟਕਣ ਦਾ ਨਾਂ ਨਹੀਂ

ਲੈਂਦਾ। ਇਸ ਲਈ ਉਹ ਵਰਤਮਾਨ ਦੇ 'ਅੱਜ' ਨੂੰ ਮਾਣਨਾ ਚਾਹੁੰਦਾ ਹੈ: -

'ਕੱਲ੍ਹ' ਕੀ ਹੈ ਬੀਤ, ਵੱਸ ਤੋਂ ਦੂਰ ਨਸਾਈ
'ਭਲਕ' ਅਜੇ ਹੈ ਦੂਰ ਨਹੀਂ ਵਿਚ ਹੱਥਾਂ ਆਈ।
'ਅੱਜ' ਅਸਾਡੇ ਕੋਲ, ਵਿਚ ਪਰ ਫ਼ਿਕਰਾਂ ਲਾਈ।
'ਕੱਲ੍ਹ', 'ਭਲਕ' ਨੂੰ ਸੋਚ, 'ਅੱਜ' ਇਹ ਮੁਫ਼ਤ ਗੁਆਈ।

ਅਧਿਆਤਮਿਕ ਅਤੇ ਰਹੱਸਵਾਦੀ ਬਿਆਨ ਦੇ ਨਾਲ ਆਪ ਦੀ ਕਵਿਤਾ ਵਿਚ ਜੀਵਨ ਦੀਆਂ ਸੱਚਾਈਆਂ ਤੇ ਛਿੰਨਭੰਗ੍ਰਤਾ ਦਾ ਬਿਆਨ ਵੀ ਵੇਖਣ ਨੂੰ ਮਿਲਦਾ ਹੈ। 'ਗੁਲਾਬ ਦਾ ਫੁੱਲ' ਕਵਿਤਾ ਵਿਚ ਬਿਆਨ ਵੇਖੋ :-

ਡਾਲੀ ਨਾਲੋਂ ਤੋੜ ਨਾ ਸਾਨੂੰ ਅਸਾਂ ਹੱਟ ਮਹਿਕ ਦੀ ਲਾਈ।
ਲੱਖ ਗਾਹਕ ਜੇ ਸੁੰਘੇ ਆ ਕੇ, ਖ਼ਾਲੀ ਇੱਕ ਨਾ ਜਾਈ।
ਜੇ ਤੂੰ ਇੱਕ ਤੋੜ ਕੇ ਲੈ ਗਿਓਂ ਇੱਕ ਜੋਗਾ ਰਹਿ ਜਾਸਾਂ।
ਉਹ ਵੀ ਪਲਕ ਝਲਕ ਦਾ ਮੇਲਾ, ਰੂਪ ਮਹਿਕ ਨੱਸ ਜਾਈ।

ਇਸੇ ਪ੍ਰਕਾਰ 'ਕੇਲੇ ਦੇ ਗਲ ਲੱਗੀ ਵੇਲ' ਵਿਚ ਵੇਲ ਦੀ ਆਤਮ ਵੇਦਨਾ ਦਾ ਪ੍ਰਗਟਾਵਾ ਹੈ ਜਿਸ ਵਿਚ ਵੇਲ ਦਾ ਆਪਣੇ ਪਿਆਰੇ ਤੋਂ ਨਾ ਵਿਛੋੜਨ ਦਾ ਤਰਲਾ ਹੈ। ਭਾਈ ਸਾਹਿਬ ਦਾ ਕੁਦਰਤ-ਪਿਆਰ ਵੀ ਅਸੀਮ ਸੀ। ਆਪ ਕਸ਼ਮੀਰ ਪੁੱਜ ਕੇ ਉਸ ਸੁੰਦਰ ਘਾਟੀ ਨੂੰ ਵੇਖ ਕੇ ਆਨੰਦਤ ਹੁੰਦੇ ਕਹਿੰਦੇ ਹਨ:-

ਜਿਸ ਥਾਵੇਂ ਧਰਤੀ ਤੇ ਆ ਕੇ ਮੁੱਠੀ ਡਿੱਗੀ ਸਾਰੀ।
ਓਸ ਥਾਉਂ ਕਸ਼ਮੀਰ ਬਣ ਗਿਆ, ਟੁਕੜੀ ਜੱਗ ਤੋਂ ਨਿਆਰੀ।

ਕਸ਼ਮੀਰ ਦੇ ਸੁੰਦਰ ਕੁਦਰਤੀ ਨਜ਼ਾਰਿਆਂ ਤੋਂ ਪ੍ਰਭਾਵਿਤ ਕਵਿਤਾਵਾਂ 'ਮਟਕ ਹੁਲਾਰੇ' ਵਿਚ ਵੇਖੀਆਂ ਜਾ ਸਕਦੀਆਂ ਹਨ ਜਿਸ ਵਿਚ ਉੱਥੋਂ ਦੇ ਬਾਗਾਂ, ਝੀਲਾਂ, ਚਸ਼ਮਿਆਂ ਆਦਿ ਦਾ ਬਿਆਨ ਹੈ। ਕੁਦਰਤ ਦੀ ਹਰ ਸ਼ੈ ਵਿਚ ਆਪ ਨੂੰ ਕਾਦਰ ਦੀ ਝਲਕ ਪ੍ਰਤੀਤ ਹੁੰਦੀ ਹੈ। ਕਿਧਰੇ ਆਪ ਕੁਦਰਤ ਨੂੰ 'ਕੁਦਰਤ ਮੌਜਣ ਨਾਰ ਬਣ-ਬਣ ਬੈਠਦੀ' ਬਿਆਨਦੇ ਹਨ। ਆਪ ਦੀਆਂ ਕਵਿਤਾਵਾਂ ਵਿਚ ਕੁਦਰਤ ਦਾ ਵਿਸਮਾਦੀ ਰੂਪ ਵੇਖਣ ਨੂੰ ਮਿਲਦਾ ਹੈ ਜਿਸ ਕਰਕੇ ਆਪ ਦੀ ਕੁਦਰਤ ਦੇ ਕਵੀ ਵਰਡਜ਼ਵਰਥ ਨਾਲ ਵੀ ਤੁਲਨਾ ਕੀਤੀ ਜਾਂਦੀ ਹੈ ਪਰੰਤੂ ਆਪ ਦੀ ਕਵਿਤਾ ਦਾ ਪ੍ਰਗਟਾਵਾ ਵਰਡਜ਼ਵਰਥ ਅਤੇ ਰਾਬਰਟ ਫੋਰਸਟ ਤੋਂ ਵੀ ਵੱਖਰਾ ਹੋਣ ਕਰਕੇ ਇਸ ਦੀ ਨਿਵੇਕਲੀ ਪਛਾਣ ਹੈ। 'ਬਿਨਫਸੇ' ਦੇ ਫੁੱਲ ਵਾਂਗ ਆਪ ਦਾ ਜੀਵਨ ਮਹਿਕਾਂ ਭਰਿਆ ਸੀ ਜਿਸ ਦੀ ਖ਼ੁਸ਼ਬੂ ਸਭ ਪਾਸੇ ਰਹੀ। ਆਪ ਫੁੱਲ ਦੀ ਤਰ੍ਹਾਂ ਦੁਨੀਆ ਦੇ ਹੱਥਾਂ ਦੀ ਅਛੋਹ ਤੋਂ ਬਗੈਰ ਕਿਸੇ ਦੁਨਿਆਵੀ ਝੰਜਟ ਤੋਂ ਸੰਸਾਰ ਵਿਚ ਰਹਿੰਦਿਆਂ ਨਿਰਲੇਪ ਅਵਸਥਾ ਦੇ ਚਾਹਵਾਨ ਸਨ ਤੇ ਇੱਛਾ ਪ੍ਰਗਟਾਈ :-

ਮੇਰੀ ਛਿਪੀ ਰਹਿਣ ਦੀ ਚਾਹ ਤੇ ਛਿਪ ਟੁਰ ਜਾਣ ਦੀ।
ਹਾ, ਪੂਰੀ ਹੁੰਦੀ ਨਾਂਹ ਮੈਂ ਤਰਲੇ ਲੈ ਰਿਹਾ।

ਆਪ ਦੀ ਸਾਹਿਤਕ ਪ੍ਰਤਿਭਾ ਤੋਂ ਛੁਟ ਸਿੰਘ ਸਭਾ ਲਹਿਰ, ਖ਼ਾਲਸਾ ਟ੍ਰੈਸਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ, ਖ਼ਾਲਸਾ ਸਮਾਚਾਰ ਅਤੇ ਕਈ ਸੰਸਥਾਵਾਂ ਦੇ ਮੋਢੀ ਹੋਣ ਦੀ ਦੇਣ ਵੀ ਵਡਮੁੱਲੀ ਹੈ।


ਮਾਡਰਨ ਡੂਪਲੈਕਸ, ਟ੍ਰਾਈ ਸਿਟੀ,
ਮਨੀਮਾਜਰਾ
94633-27557

**ਖ਼ੁਦ ਨੂੰ ਅਤੇ ਦੂਸਰਿਆਂ ਨੂੰ ਸਮਝਣ ਵਾਸਤੇ ਕਿਤਾਬਾਂ ਦੀ ਜ਼ਰੂਰਤ ਹੈ।**

**ਰਸੂਲ ਹਮਜ਼ਾਤੋਵ**

# ਹੀਰ ਕਾਵਿ ਵਿਚ ਨਵਾਂ ਨਾਮ : ਅਜੀਤ ਸਿੰਘ ਸੰਧੂ

ਸੁਵਰਨ ਸਿੰਘ ਵਿਰਕ



ਪੰਜਾਬੀ ਸਾਹਿਤ ਵਿਚ ਸਭ ਤੋਂ ਮਕਬੂਲ ਕਿੱਸਾ, ਵਾਰਿਸ ਸ਼ਾਹ ਦੀ ਹੀਰ ਦਾ ਕਿੱਸਾ ਗਿਣਿਆ ਜਾਂਦਾ ਹੈ। ਹੀਰ ਉੱਤੇ ਹੱਥ ਅਜ਼ਮਾਉਣ ਵਾਲੇ ਕਵੀਆਂ ਦੀ ਮੱਧ ਕਾਲ ਵਿਚ ਤਾਂ ਲੰਮੀ ਚੌੜੀ ਸੂਚੀ ਮਿਲਦੀ ਹੀ ਹੈ, ਆਧੁਨਿਕ ਸਮੇਂ ਵਿਚ ਵੀ ਦਰਜਨਾਂ ਕਵੀਆਂ ਨੇ ਇਸ ’ਤੇ ਆਪਣੀ ਕਲਮ ਚਲਾਈ ਹੈ। ਹੀਰ ਦੇ ਕਿੱਸਿਆਂ ਦੇ ਨਾਮ ਇਸ ਤਰ੍ਹਾਂ ਦੇ ਮਿਲਦੇ ਹਨ, ਹੀਰ ਦਮੋਦਰ, ਹੀਰ ਅਹਿਮਦ ਗੁੱਜਰ, ਹੀਰ ਮੁਕਬਲ, ਹੀਰ ਵਾਰਸ, ਹੀਰ ਭਗਵਾਨ ਸਿੰਘ, ਹੀਰ ਸੂਬਾ ਸਿੰਘ ਜਾਂ ਹੀਰ ਕਾਬਲ ਵਿਰਕ ਆਦਿ। ਇਹ ਠੀਕ ਹੈ ਕਿ ਇਹਨਾਂ ਸਾਰੇ ਕਵੀਆਂ ਨੇ ਹੀਰ ਬਾਰੇ ਲਿਖ ਕੇ ਸ਼ੋਹਰਤ ਖੱਟੀ ਪਰ ਹੀਰ ਨਾ ਦਮੋਦਰ ਦੀ ਸੀ ਨਾ ਵਾਰਿਸ ਦੀ, ਹੀਰ ਤਾਂ ਧੀਦੋ ਰਾਂਝੇ ਦੀ ਸੀ। ਇਸੇ ਲਈ ਸਾਡੇ ਸਮੇਂ ਦੇ ਇਕ ਪ੍ਰਬੁੱਧ ਕਵੀ ਅਜੀਤ ਸਿੰਘ ਸੰਧੂ ਨੇ ਜਦੋਂ “ਧੀਦੋ ਦੀ ਹੀਰ” ਲਿਖੀ ਤਾਂ ਮੈਨੂੰ ਪਹਿਲੀ ਵਾਰ ਹੀਰ ਦੇ ਕਿੱਸੇ ਦਾ ਸਹੀ ਸਿਰਨਾਵਾਂ ਨਜ਼ਰ ਆਇਆ।

ਅਜੀਤ ਸਿੰਘ ਸੰਧੂ ਇਸ ਤੋਂ ਪਹਿਲਾਂ ਦੋ ਦਰਜਨ ਕਿਤਾਬਾਂ ਵਿਚ, ਗੀਤ-ਗ਼ਜ਼ਲਾਂ, ਲੋਕ-ਕਹਾਣੀਆਂ, ਕਹਾਣੀ-ਸੰਗ੍ਰਹਿ ਆਦਿ ਰਚ ਚੁੱਕਿਆ ਹੈ ਅਤੇ ਇਹ ਲੇਖਕ ਦੀ ਛੱਬੀਵੀਂ ਕਿਤਾਬ ਹੈ। ਇਤਨੀਆਂ ਕਿਤਾਬਾਂ ਦੇ ਲੇਖਕ ਦੀਆਂ ਰਚਨਾਵਾਂ ਵਿਚੋਂ ਜਿਹੋ-ਜਿਹੀ ਪੁਖ਼ਤਗੀ ਦਾ ਆਭਾਸ ਹੋਣਾ ਚਾਹੀਦਾ ਹੈ ਮੈਂ ਧੀਦੋ ਦੀ ਹੀਰ ਵਿਚੋਂ ਉਸ ਨੂੰ ਖੋਜਣ ਤੋਂ ਅਸਮਰੱਥ ਰਿਹਾ ਹਾਂ। ਇਕ ਤਾਂ ਉਹ ਨਿਰੋਲ ਵਾਰਸ ਸ਼ਾਹ ਨੂੰ ਆਧਾਰ ਬਣਾ ਕੇ ਰਚਨਾ ਕਰਦਾ ਹੈ। ਇਸ ਤਰ੍ਹਾਂ ਹੀਰ ਕਥਾ ਦੀ ਮੌਲਿਕਤਾ ਤੋਂ ਪਾਠਕ ਵਾਂਝਿਆਂ ਰਹਿ ਜਾਂਦਾ ਹੈ ਜਿਸ ਦੀ ਉਸਨੇ ਨਵੇਂ ਲੇਖਕ ਤੋਂ ਆਸ ਕੀਤੀ ਹੁੰਦੀ ਹੈ। ਫਿਰ ਵੀ ਕਵੀ ਦੇ ਇਸ਼ਕ ਦਾ ਵਰਣਨ ਭਾਵੇਂ ਰਵਾਇਤੀ ਸ਼ੈਲੀ ਵਿਚ ਹੈ ਪਰ ਇਹ ਰੋਚਕ ਵਰਣਨ ਹੈ ਅਤੇ ਮੁਹਾਵਰੇ ਵੀ ਘੜਦਾ ਹੈ:-

ਇਸ਼ਕ ਚੰਦਰਾ ਬੜੀ ਏ ਚੀਜ਼ ਕੁੱਤੀ,  
ਚਿੰਬੜ ਜਾਂਦੈ ਲਸੂੜੇ ਦੀ ਲੇਸ ਵਾਂਗਰ।  
ਅੱਗੇ ਪਿੱਛੇ ਦੀ ਬੰਦਾ ਨਾ ਸੋਚ ਸੱਕੇ,  
ਜਾਵੇ ਤੁੰਬਿਆ ਖੱਦਰ ਦੇ ਖੇਸ ਵਾਂਗਰ।  
ਇਸ਼ਕ ਛੱਡਦਾ ਨਹੀਂ ਉਹਦੇ ਕੁਝ ਪੱਲੇ,  
ਬੈਠਾ ਦਿੱਸਦਾ ਦੂਰੋਂ ਦਰਵੇਸ਼ ਵਾਂਗਰ।  
ਪੌੜੀ ਇਸ਼ਕ ਦੀ ਮਾਰ ਕੇ ਛਾਲ ਚੜ੍ਹਦਾ,  
ਉਲਟਾ ਡਿੱਗਦਾ ਚਤੁਰ ਨਰੇਸ਼ ਵਾਂਗਰ।

ਫਿਰ ਵੀ ਉਸਦਾ ਕੰਮ ਛੋਟਾ ਨਹੀਂ ਹੈ। ਆਰੰਭ ਵਿਚ ਹੀ ਉਹ ਇਸਦੀ ਮੌਲਿਕਤਾ ਦਾ ਦਾਅਵਾ ਨਾ ਕਰਦਾ ਇਹੋ ਕਹਿੰਦਾ ਹੈ-

“ਵੇਖੋ ਵਾਰਿਸ ਵੀ ਜੁੱਲੀਆਂ ਚੁੱਕ ਆਇਆ,  
ਆਪਣੇ ਇਸ਼ਕ ਦੀ ਕਥਾ ਸੁਨਾਉਣ ਖਾਤਰ।  
ਅੱਜ ਇਸ਼ਕ ਹੈ ਜਾਗਿਆ ‘ਜੀਤ ਤਾਈਂ’,  
ਕਥਾ ਹੀਰ ਦੀ ਅੱਜ ਦੁਹਰਾਣ ਖਾਤਰ।”

ਬਾਪੂ ਮੌਜੂ ਦੀ ਮੌਤ ਦੇ ਨਾਲ ਹੀ ਧੀਦੋ ਦੇ ਖੁਸ਼ੀਆਂ ਖੇੜੇ, ਸਰਾਪੇ ਜਾਂਦੇ ਹਨ। ਪਿੰਡ ਦੇ ਪੈਂਚ ਤੇ ਕਾਜ਼ੀ, ਵੱਢੀ ਖਾ ਕੇ ਉਹਨੂੰ ਮਾੜੀ ਪੈਲੀ ਦਿੰਦੇ ਹਨ ਜੋ ਨਿਆਂ ਨਹੀਂ ਦਿੰਦੀ। ਭਾਬੀਆਂ ਦੇ ਤਾਹਨੇ ਘਰੋਂ ਭਜਾਉਂਦੇ ਹਨ। ਰਾਤ ਕੱਟਣ ਲਈ ਰਸਤੇ ਵਿਚ ਆਈ ਮਸੀਤ ਦਾ ਮੁੱਲਾ ਲੜਦਾ-ਝਗੜਦਾ ਹੈ। ਅੱਗੇ ਦਰਿਆ ’ਤੇ ਪੈਂਦੀ ਬੇੜੀ ਵਾਲਾ ਮਲਾਹ ਵੀ ਉਹਦੇ ਸਿਰ ਦੇ ਵਾਲਾਂ ਨੂੰ ਆਉਂਦਾ ਪੈਸੇ ਤਲੀ ’ਤੇ ਧਰਨ ਦੀ ਰਟ ਲਾਉਂਦਾ ਹੈ। ਔਖਾ-ਸੌਖਾ ਹੀਰ ਦੇ ਪਿੰਡ ਝੰਗ ਸਿਆਲ ਪੁੱਜਦਾ ਹੈ ਤਖ਼ਤ ਹਜ਼ਾਰੇ ਤੋਂ ਚੱਲਿਆ ਹੋਇਆ। ਦਰਿਆ ਕਿਨਾਰੇ ਮਲਾਹਾਂ ਦੀ ਝੁੱਗੀ ਵਿਚ ਹੀਰ ਦੀ ਵਿਛੀ ਸੇਜ ’ਤੇ ਰਾਤ ਕੱਟਦਾ ਹੈ। ਓਪਰੇ ਆਏ ਗੱਭਰੂ ਦੀ ਸੋਅ ਸੁਣ ਕੇ ਹੀਰ ਮਾਰੋ-ਮਾਰ ਕਰਦੀ ਆਉਂਦੀ ਹੈ ਪਰ ਰਾਂਝੇ ਦੇ ਰੂਪ ਜਾਲ ਵਿਚ ਫਸ ਕੇ ਉਸਦੀ ਹੋ ਜਾਂਦੀ ਹੈ।

"ਇਹ ਪਲੰਘ ਤੇਰਾ ਨਾਲੇ ਹੀਰ ਤੇਰੀ,
ਜੱਗ ਜਿਊਣਿਆ ਤੈਥੋਂ ਘੁਮਾਈ ਹਾਂ ਮੈਂ।
ਮੰਦਾ ਤੁਸਾਂ ਨੂੰ ਅਸਾਂ ਬੋਲਿਆ ਨਹੀਂ,
ਤੇਰੇ ਪਿੱਛੇ ਤਾਂ ਹੋਈ ਸ਼ੁਦਾਈ ਹਾਂ ਮੈਂ।

ਆਪਣੇ ਪਿਤਾ ਪਾਸ ਸਿਫਾਰਸ਼ ਕਰਕੇ ਹੀਰ ਧੀਦੋ ਨੂੰ ਮੱਝੀਆਂ ਦਾ ਛੇੜੂ ਲੁਆ ਦਿੰਦੀ ਹੈ। ਦੋਹਾਂ ਵਿਚਾਲੇ ਪ੍ਰੇਮ ਦੀ ਪੀਂਘ ਹੁਲਾਰੇ ਚੜ੍ਹ ਜਾਂਦੀ ਹੈ। ਹੀਰ ਰੋਜ਼ ਬੇਲੇ ਵਿਚ ਚੂਰੀ ਕੁੱਟ ਕੇ ਰਾਂਝੇ ਲਈ ਭੱਤਾ ਲੈ ਕੇ ਜਾਂਦੀ ਹੈ। ਉਸਦਾ ਚਾਚਾ ਕੈਦੋਂ, ਪਿਤਾ ਪਾਸ ਹੀਰ ਦੇ ਰਾਂਝੇ ਨਾਲ ਇਸ਼ਕ ਕਰਨ ਦੀ ਚੁਗਲੀ ਕਰਦਾ ਹੈ। ਪਰ ਹੀਰ ਦਾ ਪਿਤਾ, ਚੂਚਕ, ਉਸ ਦੀ ਗੱਲ 'ਤੇ ਕੰਨ ਨਹੀਂ ਧਰਦਾ। ਅਖੀਰ ਕੈਦੋਂ, ਹੀਰ ਰਾਂਝੇ ਨੂੰ ਬੇਲੇ ਵਿਚ ਇਕੱਠਿਆਂ ਹੋਇਆਂ ਨੂੰ ਚੂਚਕ ਨੂੰ ਲਿਆ ਵਿਖਾਉਂਦਾ ਹੈ। ਹੀਰ ਇਹ ਬਹਾਨਾ ਲਾ ਕੇ ਬਚ ਜਾਂਦੀ ਹੈ ਕਿ ਮੱਝਾਂ ਦਾ ਛੇੜੂ, ਸਵੇਰ ਦਾ ਘਰੋਂ ਭੁੱਖਣ ਭਾਣਾ ਆਇਆ ਸੀ। ਰੱਬ ਤਰਸ ਮੈਂ ਉਹਦੀ ਰੋਟੀ ਦੇਣ ਆ ਗਈ ਸਾਂ। ਫਿਰ ਰਾਂਝੇ ਦੇ ਭਰਾ, ਚੂਚਕ ਨੂੰ ਖ਼ਤ ਲਿਖਦੇ ਹਨ ਕਿ ਸਾਡਾ ਮੁੰਡਾ ਧੀਦੋ ਵਾਪਿਸ ਭੇਜ ਦਿਉ। ਜੁਆਬ ਵਿਚ ਚੂਚਕ ਦੇ ਮੂੰਹੋਂ ਕਵੀ ਬਹੁਤ ਦਲੇਰ ਗੱਲਾਂ ਕਢਵਾਉਂਦਾ ਹੈ:-

"ਬਹਾਨਾ ਘੜਿਆ ਸੂੰ ਮੱਝਾਂ ਚਾਰਨੇ ਦਾ,
ਅਸਲ ਚਾਕ ਤਾਂ ਉਹ ਜੱਦੀ ਹੀਰ ਦਾ ਜੇ।
ਜਾਣ ਬੁੱਝ ਕੇ ਮੱਝੀ ਚਰਾਵਨੇ ਹਾਂ,
ਬੱਧਾ ਹੀਰ ਦੀ ਪ੍ਰੀਤ ਜ਼ੰਜੀਰ ਦਾ ਜੇ।
ਸਾਡੇ ਚਾਕ ਤੋਂ ਡਰਦਾ ਪਿੰਡ ਸਾਰਾ,
ਬਣਿਆ ਫਿਰਦਾ ਉਹ ਰਾਖਾ ਹੀਰ ਦਾ ਜੇ।
ਘਰੋਂ ਕੱਢਿਆ ਤੁਸੀਂ ਉਹਨੂੰ ਕਰ ਖੱਜਲ,
ਹੱਕ ਦਿੱਤਾ ਨਾ ਉਸ ਸੂਰਬੀਰ ਦਾ ਜੇ।
ਉਹਦੀ ਆਉਂਦਿਆਂ ਹੀਰ ਨਾਲ ਹੋਈ ਮਿਲਣੀ,
ਪਾਸਾ ਪਲਟਿਆ ਉਹਦੀ ਤਕਦੀਰ ਦਾ ਜੇ।
ਹੋਰ ਕਿਸੇ ਨਾਲ 'ਜੀਤ' ਨਾ ਗੱਲ ਕਰਦਾ,
ਹੀਰ ਧੀਦੋਂ ਦੀ ਤੇ ਧੀਦੋ ਹੀਰ ਦਾ ਜੇ।

ਵਿਚਲੀ ਗੱਲ ਨੂੰ ਸਮਝਦਾ ਹੋਇਆ 'ਚੂਚਕ' ਹੀਰ ਦੀ ਤੁਰਤ-ਫੁਰਤ ਸੈਦੇ ਖੇੜੇ ਨਾਲ ਮੰਗਣੀ ਕਰਕੇ, ਉਸ ਦੇ ਵਿਆਹ ਦੀ ਤਿਆਰੀ ਆਰੰਭ ਦਿੰਦਾ ਹੈ। ਹੀਰ ਵਿਆਹ ਲਈ ਰਜ਼ਾਮੰਦ ਨਹੀਂ। ਖੇੜਿਆਂ ਦੀ ਜੰਞ ਆ ਚੁੱਕੀ ਹੈ। ਕਾਜ਼ੀ ਨਾਲ ਹੀਰ ਲੰਬਾ ਬਹਿਸ ਮੁਬਾਹਿਸਾ ਕਰਦੀ ਹੈ। ਜਦੋਂ ਹੀਰ ਦਾ ਬਾਪ ਚੂਚਕ ਉਸਦਾ ਧੱਕੋ ਜੋਰੀ ਨਿਕਾਹ ਪੜ੍ਹਨ ਲਈ ਕਹਿੰਦਾ ਹੈ ਤਾਂ ਹੀਰ ਆਖਦੀ ਹੈ:-

"ਪੇਸ਼ ਗਈ ਨਾ ਲੱਗਾ ਏਂ ਕਰਨ ਧੱਕਾ,
ਜਬਰੀ ਪੜ੍ਹੇ ਨਾ ਹੋਣ ਨਿਕਾਹ ਮੀਆਂ।
ਪੱਲਾ ਇਸ਼ਕ ਦਾ ਧੁਰੋਂ ਹੀ ਫੜ ਆਈ,
ਰੱਬ ਕਰੇਗਾ ਤੈਨੂੰ ਤਬਾਹ ਮੀਆਂ।
ਰੂਹ ਚਾਕ ਦੀ ਰਲੀ ਵਿਚ ਰੂਹ ਮੇਰੀ,
ਇਸ ਤੱਥ ਦਾ ਰੱਬ ਗਵਾਹ ਮੀਆਂ।
ਜੇ ਫਿਰ ਵੀ ਤੂੰ ਨਹੀਂ ਇਤਬਾਰ ਕਰਦਾ,
ਇਸ ਵਕਤ ਹੈ 'ਜੀਤ' ਤਰਫ਼ਗਾਹ ਮੀਆਂ।

ਹੀਰ ਨੂੰ ਖੇੜੇ ਡੋਲੀ ਵਿਚ ਪਾ ਕੇ, ਲੈ ਜਾਂਦੇ ਹਨ। ਉੱਥੋਂ ਕੋਈ ਹੋਰ ਨਵੀਂ ਵਿਆਹੀ ਕੁੜੀ, ਝੰਘ ਸਿਆਲ ਜਾਂਦੀ ਹੈ, ਜਿਸ ਦੇ ਹੱਥ ਹੀਰ ਦਾ ਰਾਂਝੇ ਨੂੰ ਸੁਨੇਹਾ ਪੁੱਜਦਾ ਹੈ ਕਿ ਹੁਣ ਤਾਂ ਮਰੀ ਪਈ ਹਾਂ, ਇਕ ਵੇਰ ਆ ਕੇ ਮੂੰਹ ਵੇਖ ਜਾ। ਤਰਕੀਬ ਵੀ ਦੱਸਦੀ ਹੈ ਕਿ ਮੂੰਹ ਸਿਰ ਮੁਨਾ ਕੇ, ਸਿਰ 'ਤੇ ਸੁਆਹ ਮਲ ਕੇ ਆ ਜਾਵੀਂ। ਇਸ ਲਈ ਧੀਦੋ ਜੋਗ ਲੈਣ ਲਈ ਬਾਲ ਨਾਥ ਪਾਸ ਜਾਣ ਦੀ ਸੋਚਦਾ ਹੈ:-

"ਬੁੰਦੇ ਸੋਨੇ ਦੇ ਲਾਹੁਣ ਨੂੰ ਮਨ ਕੀਤਾ,
ਚਾਅ ਕੰਨਾਂ ਵਿਚ ਮੁੰਦਰਾਂ ਪਾਉਣ ਦਾ ਏ।
ਤਨ-ਮਨ ਤਿਆਗ ਤਿਆਰ ਹੋਇਆ,
ਜਿਸਮ ਜੋਗੀ ਦੀ ਹੱਟ ਵਿਕਾਉਣ ਦਾ ਏ।
ਚੰਗੇ ਗੁਰੂ ਦੀ ਸੇਵਾ ਟਹਿਲ ਕਰੀਏ,
ਆਪਾ ਵਾਰ ਕੇ ਵੇਲਾ ਸ਼ਹੁ ਪਾਉਣ ਦਾ ਏ।
ਇਨ੍ਹਾਂ ਆਸ਼ਕਾਂ ਦੇ ਜੀਤ ਕੀ ਕਹਿਣੇ,
ਡਰ ਭੋਰਾ ਨਾ ਜਿੰਦ ਗੁਆਉਣ ਦਾ ਏ।

ਤੇ ਜਦੋਂ ਬਾਲ ਨਾਥ ਨਵੇਂ ਆਏ ਜੋਗੀ ਨੂੰ ਉਸ ਦੀ ਪੁਕਾਰ ਸੁਣ ਕੇ, ਜੋਗ ਦੇਣ ਦੀ ਤਿਆਰੀ ਕਰਦਾ ਹੈ ਤਾਂ ਉਸਦੇ ਪੁਰਾਣੇ ਚੇਲੇ ਵਿੱਟਰ ਜਾਂਦੇ ਹਨ ਕਿ ਅਸੀਂ ਵਰ੍ਹਿਆਂ ਤੋਂ ਤੇਰੇ ਧੂਣੇ ਦੇ ਗੋਹੇ ਢੋ ਰਹੇ ਹਾਂ, ਸਾਨੂੰ ਜੋਗ ਨਹੀਂ ਮਿਲਿਆ ਤੇ

ਇਸ ਸੋਹਣੇ ਮੁੰਡੇ 'ਤੇ ਮੋਹਿਤ ਹੋ ਕੇ, ਇਹਨੂੰ ਹੁਣੇ ਆਉਂਦੇ ਨੂੰ ਜੋਗ ਦੇਣ ਲਈ ਤਿਆਰ ਹੋ ਗਏ ਹੋ। ਰਾਂਝਾ ਉਹਨਾਂ ਜੋਗੀਆਂ ਅੱਗੇ ਮਿੰਨਤ ਮਾਜਰਾ ਕਰਦਾ ਹੈ ਕਿ ਮੇਰਾ ਬਣਦਾ ਕੰਮ ਨਾ ਅਟਕਾਉ। ਜੋਗ ਮਿਲ ਗਿਆ ਤਾਂ ਚੇਲਿਆਂ ਦੇ ਈਰਖਾ ਕਰਨ 'ਤੇ ਧੀਦੋ ਉਹਨਾਂ ਦੀ ਗੱਲ ਸੁਣ ਕੇ ਉਹਨਾਂ ਨੂੰ ਸਮਝਾਉਂਦਾ ਹੈ:-

"ਸੇਵਾ ਕਰਦਿਆਂ ਅਸਾਂ ਦੇ ਘੁੰਡ ਮੁੜ ਗਏ
ਲੱਗੀ ਚੋਟ ਨਾ ਸਾਥੋਂ ਨਗਾਰਿਆਂ ਨੂੰ।
ਕੱਲ੍ਹ ਆਏ ਜੋ ਜੋਗ ਲੈ ਬਣੇ ਤੁਰਦੇ,
ਨਾਥ ਸੁਣਦਾ ਕਿਉਂ ਨਾ ਸਾਡੇ ਹਾੜਿਆਂ ਨੂੰ।
ਪਿੱਛੇ ਮੁੜ ਕੇ ਧੀਦੋ ਜਵਾਬ ਦਿੰਦਾ,
ਪਿਆਰ ਨਾਲ ਜੋ ਆਖਦਾ ਸਾਰਿਆਂ ਨੂੰ।
ਜੋਗ ਮਿਲਦਾ ਹੈ ਕਰਮਾਂ ਵਾਲਿਆਂ ਨੂੰ,
ਕਦੇ ਮਿਲੇ ਨਾ ਕਰਮਾਂ ਦੇ ਹਾਰਿਆਂ ਨੂੰ।
ਅਸੀਂ ਜੱਟ ਨਾ ਜੋਗ ਨੂੰ ਜਾਣਦੇ ਸਾਂ,
ਸਾਨੂੰ ਬਖਸ਼ਿਆ ਰੱਬ ਨਕਾਰਿਆ ਨੂੰ।
ਵੇਖੋ ਰੱਬ ਨੇ 'ਜੀਤ' 'ਤੇ ਮਿਹਰ ਕੀਤੀ,
ਜੋ ਹੈ ਮੰਨਦਾ ਉਹਦੇ ਇਸ਼ਾਰਿਆਂ ਨੂੰ।"

ਹੀਰ ਦੀ ਇਸ ਕਹਾਣੀ ਵਿਚ ਵਾਰਿਸ ਸ਼ਾਹ ਜਿਉਂ ਕਵੀ 'ਜੀਤ' ਵੀ ਥਾਂ ਪੁਰ ਥਾਂ, ਧੀਦੋ ਭਾਬੀਆਂ, ਧੀਦੋ ਹੀਰ, ਹੀਰ ਕਾਜ਼ੀ, ਧੀਦੋ ਜੋਗੀ, ਧੀਦੋ (ਜੋਗੀ) ਆਜੜੀ, ਸਹਿਤੀ ਜੋਗੀ, ਸਹਿਤੀ ਹੀਰ ਇਤਿਆਦਿਕ ਸੰਵਾਦ ਉਸਾਰਦਾ ਹੈ, ਜਿਸ ਕਾਰਨ ਹੀਰ ਦੀ ਕਹਾਣੀ ਰਵਾਨੀ ਪਕੜਦੀ ਹੈ। ਇਸ ਵਿਚ ਥਾਂ-ਥਾਂ 'ਤੇ ਨਾਟਕੀ ਦ੍ਰਿਸ਼ ਵੀ ਸਿਰਜੇ ਗਏ ਹਨ। ਅਲੌਕਿਕ ਪਾਤਰਾਂ ਦੀ ਮਦਦ ਨਾਲ ਵੀ ਧੀਦੋ ਆਪਣਾ ਕੰਮ ਕੱਢਣ ਵਿਚ ਸਫ਼ਲ ਹੁੰਦਾ ਹੈ। ਧੀਦੋ ਜੋਗੀ ਬਣ ਕੇ ਜਦੋਂ ਰੰਗਪੁਰ ਪੁੱਜਦਾ ਹੈ ਤਾਂ ਉਸ ਨੂੰ 'ਦੇਸ ਵਤਨ ਕਿਹੜੇ ਤੋਂ ਆਇਆ ਹੈ' ਜਿਹੇ ਸੁਆਲ ਪਰੇਸ਼ਾਨ ਕਰਦੇ ਹਨ। ਧੀਦੋ ਕੁੜੀਆਂ ਨੂੰ ਜੁਆਬ ਦਿੰਦਾ ਹੈ:-

"ਮੇਰੇ ਮਗਰ ਕਿਉਂ ਐਵੇਂ ਹੋ ਪੈ ਗਈਆਂ,
ਸੱਪ, ਸ਼ੀਹ, ਫ਼ਕੀਰ ਦਾ ਨਾ ਦੇਸ ਹੁੰਦਾ।
ਅਸੀਂ ਵਾਂਗ ਪਰਦੇਸੀਆਂ ਸਦਾ ਰਹੀਏ
ਅੱਡੋ ਅੱਡਰਾ ਹੈ ਸਾਡਾ ਭੇਸ ਹੁੰਦਾ।
ਸਾਡੇ ਦਮ ਹੀ ਅਸਾਂ ਦਾ ਵਤਨ ਹੁੰਦਾ,
ਸਾਡਾ ਖ਼ਾਸ ਕਬੀਲੜਾ ਖ਼ੇਸ ਹੁੰਦਾ।
ਪ੍ਰੇਮ ਦੁਨੀਆਂ ਨਾਲ ਪਾ ਕੇ ਕੀ ਲੈਣਾ,
ਜਿੱਥੇ ਸਦਾ ਹੀ ਖੜਾ ਕਲੇਸ਼ ਹੁੰਦਾ।"

ਸਹੁਰੇ ਪਿੰਡ ਦੀਆਂ ਕੁੜੀਆਂ ਨਾਲ ਹੀਰ ਦੇ ਧੀਦੋਂ ਬਾਰੇ ਸੁਆਲ ਹੁੰਦੇ ਹਨ, ਜਿਸ 'ਤੇ ਕਵੀ ਹੀਰ ਵੱਲੋਂ ਜੋ ਕੁਝ ਅਖਵਾਉਂਦਾ ਹੈ, ਵਾਰਤਾਲਾਪ ਦੀ ਉਹ ਸ਼ੈਲੀ ਬੜੀ ਮੁਹਾਵਰੇਦਾਰ ਹੈ:-

"ਬਾਰਾਂ ਤਾਲੀਉ ਖਸਮਾਂ ਨੂੰ ਖਾਣੀਉ ਨੀ,
ਵਿਗੜ ਗਈ ਏ ਤੁਸਾਂ ਦੀ ਚਾਲ ਕੁੜੀਉ।
ਤਾਹਨੇ ਤੁਸਾਂ ਦੇ ਸੁਣ-ਸੁਣ ਭੁੱਜ ਗਈਆਂ,
ਬਿਨਾਂ ਬਾਲਣੋਂ ਮੱਚੇ ਕੰਕਾਲ ਕੁੜੀਉ।
ਫੋਲ ਕੇ ਕਿਸਮਤ ਦੇ ਪੱਤਰੇ ਮੈਂ ਰੋਵਾਂ,
ਮੇਰਾ ਮੰਦਾ ਹੋਇਆ ਬੜਾ ਹਾਲ ਕੁੜੀਉ।
ਯਾਰ ਆਣ ਜੇ ਮੈਨੂੰ ਦੀਦਾਰ ਦੇਵੇ,
ਖੁਸ਼ ਹੋਵੇਗਾ ਮੇਰਾ ਵਾਲ-ਵਾਲ ਕੁੜੀਉ।"

ਜੋਗੀ ਨੂੰ ਖੇੜਿਆਂ ਦੇ ਪਿੰਡ ਦੇ ਮੁੰਡੇ ਮਿਲਦੇ ਹਨ ਤਾਂ ਜੋਗੀ ਬਣਿਆ ਧੀਦੋ, ਉਹਨਾਂ ਦੀ ਹਮਦਰਦੀ ਜਿੱਤਣ ਵਿਚ ਸਫ਼ਲ ਹੋ ਜਾਂਦਾ ਹੈ ਕਿਉਂਕਿ ਜੋਗੀ ਦੀਆਂ ਹਿਜਰ ਦੇ ਹੰਝੂਆਂ ਨਾਲ ਪੁਰ ਨਮ ਅੱਖਾਂ ਵੇਖ ਕੇ, ਮੁੰਡਿਆਂ ਨੂੰ ਤਰਸ ਆਉਂਦਾ ਹੈ ਤੇ ਉਹ ਉਸ ਦੀ ਟੁੱਟੀ ਗੰਢਣ ਦਾ ਉਪਰਾਲਾ ਕਰਦਿਆਂ ਆਖਦੇ ਹਨ:

"ਸਾਡੇ ਪਿੰਡ ਦੀਆਂ ਕੁੜੀਆਂ ਤ੍ਰਿੰਞਣੀ ਬਹਿੰਦੀਆਂ ਨੇ,
ਆ ਜੋਗੀਆ ਤੈਨੂੰ ਵਿਖਾ ਲਿਆਈਏ।
ਵਿਹੜੇ ਗਾਉਂਦਾ ਫਿਰਦਾ ਤੂੰ ਰਵੇਂ ਰੋਂਦਾ,
ਛੱਟ ਪਹਿਰ ਤੈਨੂੰ ਅਸੀਂ ਹਸਾ ਲਿਆਈਏ।
ਪਾਉਣ ਵਹੁਟੀਆਂ ਛੋਪਣੇ ਰਲ ਇੱਥੇ,
ਉਹ ਜਗ੍ਹਾ ਤੈਨੂੰ ਅਸੀਂ ਘੁਮਾ ਲਿਆਈਏ।
ਤੰਦ ਟੁੱਟੀ ਨੂੰ ਕਿਵੇਂ ਉਹ ਗੰਢਦੀਆਂ ਨੇ,
ਛੱਟ ਬਿੰਦ ਜਾ ਕੇ ਫੇਰਾ ਪਾ ਆਈਏ।"

ਹੀਰ ਜਦੋਂ ਰੰਗਪੁਰ ਵਿਚ ਆਏ ਧੀਦੋ ਨੂੰ ਪਹਿਚਾਣ

ਲੈਂਦੀ ਹੈ ਤਾਂ ਫਿਰ ਆਪਣੀ ਨਨਾਣ ਸਹਿਤੀ ਨੂੰ ਜੋਗੀ ਨਾਲ ਝਗੜਾ ਨਾ ਕਰਨ ਦੀ ਰਾਇ ਦਿੰਦੀ ਹੋਈ ਆਖਦੀ ਹੈ:-

"ਜਿਨ੍ਹਾਂ ਨਾਲ ਫਕੀਰਾਂ ਦੇ ਖਾਰ ਖਾਧੀ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।
ਟਲ ਜਾਹ ਹੁਣ ਤੂੰ ਹੈਂਸਿਆਰੀਏ ਨੀ,
ਤੇਰੀਆਂ ਆਦਤਾਂ ਬਹੁਤ ਅਵੱਲੀਆਂ ਨੇ।
ਕਰ ਸ਼ਰਮ ਤੇ ਰੱਖ ਹਯਾ ਕੁੜੀਏ,
ਗੱਲਾਂ ਤੇਰੀਆਂ ਝੱਲ ਵਲੱਲੀਆਂ ਨੇ।
ਭਰੀਆਂ ਵਿਹੁ ਦੀਆਂ ਹੁੰਦੀਆਂ ਅੱਖੜਾਂ ਨੇ,
ਬੈਠ ਸਕਣ ਨਾ ਕਦੇ ਨਚੱਲੀਆਂ ਨੇ।"

ਵਾਰਿਸ ਸ਼ਾਹ ਵਾਂਗੂ ਹੀ ਕਵੀ ਜੀਤ ਦੇ ਕੁਝ ਕਾਵਿਕ ਬੰਦਾਂ ਦੀਆਂ ਆਖਰੀ ਤੁਕਾਂ ਅਟੱਲ ਸੱਚਾਈਆਂ ਬਣ ਕੇ ਸਾਹਮਣੇ ਆਉਂਦੀਆਂ ਹਨ:-

"ਬੰਦੇ "ਜੀਤ" ਖੁਦ ਦੇ ਜੋ ਹੁੰਦੇ,
ਉੱਚੇ ਉਹਨਾਂ ਦੇ ਚੰਨ ਈਮਾਨ ਹੁੰਦੇ।"
"ਪਾ ਕੇ ਛੱਜ ਵਿਚ "ਜੀਤ" ਨੂੰ ਛੱਟਿਆ ਸੂ,
ਉਹਦੇ ਕਾਰਿਆਂ ਕੀਤਾ ਬੇਵੱਸ ਕੁੜੀਏ।"
"ਜੀਤ" ਪਹਿਲਾਂ ਹੀ ਗ਼ਮਾਂ ਦਾ ਮਾਰਿਆ ਸੀ,
ਮਰੇ ਹੋਏ ਨੂੰ ਹੋਰ ਨਾ ਮਾਰੀਏ ਨੀ।"
"ਉਹਨੇ ਰੱਬ ਦੀ ਬੰਦਗੀ ਕੀ ਕਰਨੀ,
ਬੰਦਾ ਉਠਦਾ ਜਿਹੜਾ ਤੜਕਸਾਰ ਨਾਹੀਂ।"
"ਜੀਤ" ਕਦੇ ਨਾ ਛੇੜੀਏ ਆਸ਼ਕਾਂ ਨੂੰ,
ਰਾਖਾ ਇਹਨਾਂ ਦਾ ਸਦਾ ਭਗਵਾਨ ਅੜੀਓ।"
"ਜਿਹੜੇ ਵੇਲੇ ਸੀ ਅੱਖੀਆਂ ਲਾ ਬੈਠਾ,
ਉਸ ਵੇਲੇ ਨੂੰ "ਜੀਤ" ਪਛਤਾਉਂਦਾ ਏ।"

"ਧੀਦੋ ਦੀ ਹੀਰ" ਵਿਚ ਕਵੀ ਨੇ ਕੇਂਦਰੀ ਟਕਸਾਲੀ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਹੈ। ਬੋਲੀ ਉੱਤੇ ਉਸਦੀ ਪੂਰੀ ਪਕੜ ਹੈ। ਦ੍ਰਿਸ਼ ਚਿਤਰਣ ਵਿਚ ਵੀ ਉਸ ਨੂੰ ਮੁਹਾਰਤ ਹਾਸਲ ਹੈ। ਕਾਫੀਆ, ਰਦੀਫ ਅਤੇ ਵਜ਼ਨ ਬਹਿਰ ਦੀ ਘਾਟ ਜੇ ਕਿਤੇ-ਕਿਤੇ ਨਾ ਰੜਕਦੀ ਤਾਂ ਰਚਨਾ ਹੋਰ ਖਿੱਚ ਪਾਊ ਹੋ ਸਕਦੀ ਸੀ। ਫਿਰ ਵੀ ਕਵੀ ਨੇ ਇਤਨੀ ਮਿਹਨਤ ਕਰਕੇ ਇਕ ਪ੍ਰੀਤ ਕਥਾ ਨੂੰ ਆਪਣੇ ਸ਼ਬਦਾਂ ਦਾ ਜਾਮਾ ਜੁ ਪੁਆਇਆ ਹੈ ਉਸ ਦਾ ਸ਼ਲਾਘਾਯੋਗ ਉੱਦਮ ਹੈ। ਹੀਰ ਦੇ ਸ਼ਾਇਰਾਂ ਵਿਚ ਅਜੀਤ ਸਿੰਘ ਸੰਧੂ ਦਾ ਨਾਮ ਵੀ ਜੁੜ ਗਿਆ ਹੈ ਤੇ ਇਹੋ ਉਸਦੀ ਵੱਡੀ ਪ੍ਰਾਪਤੀ ਹੈ।

ਪਿੰਡ ਤੇ ਡਾਕ-ਕਰੀਵਾਲਾ,
ਜ਼ਿਲ੍ਹਾ-ਸਿਰਸਾ (ਹਰਿਆਣਾ)-125075
99963-71716



## ਮਾਂ


ਅਸ਼ਵਨੀ ਕੁਮਾਰ

ਹਰ ਲਫ਼ਜ਼ 'ਚ ਝਲਕੇ ਮਾਂ
ਦਿੱਸੇ ਨਾ, ਪਰ ਥਾਂ-ਥਾਂ,
ਜਾਣਦੀ ਉਹ ਦੁੱਖ ਸਾਰੇ
ਉਹ ਜਿਹੜੇ ਤੈਨੂੰ ਵੀ ਦਿੱਸੇ ਨਾ,
ਆਪਣੇ ਮੂੰਹੋਂ ਬੁਰਕੀ ਕੱਢ ਕੇ
ਮੇਰੇ ਮੂੰਹ ਵਿੱਚ ਪਾ ਦਵੇ ,
ਮੈਨੂੰ ਰੱਜ ਪੁੱਜਾ ਕੇ
ਆਪ ਭੁੱਖੀ ਸੌਂ ਜਾਂਦੀ ਆ,
ਆ ਚਾਰ ਦਿਨ ਦੇ ਪਿਆਰ ਤੋਂ ਵੱਧ ਕੇ ਆ ਮੇਰੀ ਮਾਂ
ਹਰ ਸਾਹ ਵਿੱਚ ਵੱਸੇ ਮੇਰੀ ਮਾਂ, ਹਰ ਥਾਂ ਖੜ੍ਹੇ ਮੇਰੀ ਮਾਂ ,
ਲੋੜ ਪੈਣ 'ਤੇ ਮੇਰਾ ਦੋਸਤ ਬਣ ਆ ਜਾਂਦੀ ਆ
ਲੋੜ ਪੈਣ 'ਤੇ ਮੇਰਾ ਮਾਣ-ਤਾਣ ਬਣ ਆ ਜਾਂਦੀ ਆ
ਨਿੱਕੀ ਉਮਰੇ ਝਿੜਕਾਂ ਮਾਰੇ
ਰੱਖੇ ਖਿਆਲ ਵਿਚ ਜਵਾਨੀ ਮੇਰਾ,
ਕਿੱਤੇ ਪੁੱਤ ਨਾ ਰੁੱਸ ਜਾਵੇ ਮੇਰਾ
ਮੇਰੀ ਹਰ ਇੱਕ ਖ਼ਵਾਹਿਸ਼ ਪੂਰੀ ਕਰਾਵੇ
ਤਾਂ ਹੀ ਤਾਂ ਮਾਂ ਮੇਰੀ ਲੱਖਾਂ ਵਿੱਚੋਂ ਇਕ ਆਵੇ।

ਪਿੰਡ ਭਗਵਾਨਪੁਰ
ਬਰਵਾਲਾ, ਪੰਚਕੂਲਾ, (ਹਰਿਆਣਾ)-134118
99913-37906

# ਪੰਜਾਬੀ ਲੋਕ-ਸਾਹਿਤ ਵਿੱਚ ਘੋੜੀਆਂ ਤੇ ਸਿੱਠਣੀਆਂ

ਗੁਰਪ੍ਰੀਤ ਕੌਰ ਸੈਣੀ



ਪੰਜਾਬੀ ਅਤੇ ਪੰਜਾਬੀਅਤ ਦਾ ਵਿਰਸਾ ਬਹੁਤ ਅਮੀਰ ਹੈ। ਕਲਾ ਅਤੇ ਕਲਾਕਾਰੀ ਪੱਖੋਂ ਪੰਜਾਬ ਨੇ ਕਾਬਲੇ-ਤਾਰੀਫ਼ ਮੱਲ੍ਹਾਂ ਮਾਰੀਆਂ ਹਨ। ਕਹਿੰਦੇ ਹਨ ਲੋਕਗੀਤ ਲੋਕਾਂ ਦੀ ਜ਼ੁਬਾਨ ਵਿੱਚੋਂ ਆਪ-ਮੁਹਾਰੇ ਫੁੱਟਦੇ ਹਨ। ਇਹਨਾਂ ਲੋਕ-ਗੀਤਾਂ ਦੀ ਹੀ ਇੱਕ ਵਿਧਾ ਹੈ ਘੋੜੀਆਂ ਤੇ ਸਿੱਠਣੀਆਂ। ਕਦੇ ਘੋੜੀਆਂ ਅਤੇ ਸਿੱਠਣੀਆਂ ਬਿਨਾਂ ਵਿਆਹ ਅਧੂਰੇ ਮੰਨੇ ਜਾਂਦੇ ਸਨ। ਵਿਆਹ ਦੀਆਂ ਰੌਣਕਾਂ ਦਾ ਅਧਾਰ ਹੀ ਸਿੱਠਣੀਆਂ ਹੋਇਆ ਕਰਦੀਆਂ ਸਨ। ਵਿਆਹ-ਸ਼ਾਦੀਆਂ 'ਤੇ ਗਾਏ ਜਾਣ ਵਾਲੇ ਗੀਤਾਂ ਵਿੱਚ ਸਿੱਠਣੀਆਂ ਤੇ ਘੋੜੀਆਂ ਦਾ ਵਿਸ਼ੇਸ਼ ਸਥਾਨ ਹੈ। ਇਹਨਾਂ ਤੋਂ ਬਿਨਾਂ ਅੱਜ-ਕੱਲ੍ਹ ਚਾਹੇ ਵਿਆਹਾਂ ਵਿੱਚ ਕਿੰਨੀਆਂ ਹੀ ਬਨਾਵਟੀ ਰਸਮਾਂ ਪ੍ਰਚੱਲਿਤ ਹੋ ਗਈਆਂ ਹਨ, ਪਰ ਸਿੱਠਣੀਆਂ ਤੇ ਘੋੜੀਆਂ ਬਿਨਾਂ ਵਿਆਹ ਫਿੱਕੇ ਲਗਦੇ ਹਨ।

ਘੋੜੀਆਂ, ਕਵਿਤਾ ਜਾਂ ਗੀਤ ਦਾ ਉਹ ਭੇਦ ਹੈ, ਜੋ ਮੁਹੱਲੇ ਜਾਂ ਪੱਤੀ ਦੀਆਂ ਔਰਤਾਂ ਵੱਲੋਂ ਰਾਤ ਨੂੰ ਵਿਆਹ ਤੋਂ ਕੁਝ ਦਿਨ ਪਹਿਲਾਂ ਜਾਂ ਜੰਞ ਚੜ੍ਹਨ ਵੇਲੇ ਗਾਈਆਂ ਜਾਂਦੀਆਂ ਹਨ। ਮੁੰਡੇ ਦੇ ਵਿਆਹ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਕਹਿੰਦੇ ਹਨ। ਕੁਝ ਨਮੂਨੇ ਦੇਖੋ-

1. ਮੱਥੇ 'ਤੇ ਚਮਕਣ ਵਾਲ ਅੱਜ ਮੇਰੇ ਬੰਨੜੇ ਦੇ।
ਆ ਵੇ ਬੰਨਾ! ਚੜ੍ਹ ਸ਼ਗਨਾਂ ਦੀ ਘੋੜੀ।
ਜੋੜੀ ਭਰਾਵਾਂ ਦੀ ਨਾਲ, ਅੱਜ ਮੇਰੇ ਬੰਨੜੇ ਦੇ।

2. ਜਦ ਚੜ੍ਹਿਆ ਵੀਰਾ ਘੋੜੀ ਵੇ।
ਤੇਰੇ ਨਾਲ ਭਰਾਵਾਂ ਦੀ ਜੋੜੀ ਵੇ।
ਲਟਕੇਂਦੇ ਵਾਲ ਸੋਹਣੇ ਦੇ।
ਸੋਹਣਿਆ ਵੀਰਾ ਵੇ ਤੈਨੂੰ ਘੋੜੀ ਚੜ੍ਹੇਂਦੀ ਆਂ।

3. ਨਿੱਕੀ-ਨਿੱਕੀ ਕਣੀ ਦਾ ਮੀਂਹ ਵੇ ਵਰ੍ਹੇ।
ਨਦੀ ਦੇ ਕਿਨਾਰੇ ਘੋੜੀ ਘਾਹ ਵੇ ਚਰੇ।
ਕੌਣ ਵੀਰਾ ਤੇਰੇ ਸ਼ਗਨ ਕਰੇ,
ਕੌਣ ਵੀਰਾ ਤੇਰੀ ਜੰਞ ਚੜ੍ਹੇ?
ਧਰਮੀ ਬਾਬਲ ਮੇਰੇ ਸ਼ਗਨ ਕਰੇ,
ਦਾਦਾ ਸਿਪਾਹੀ ਮੇਰੀ ਜੰਞ ਚੜ੍ਹੇ।

4. ਵੀਰਾ ਚੰਨਣ-ਮੰਨਣ ਦੀ ਰਾਤ,
ਤਾਰਾ ਸਿਖਰ ਗਿਆ
ਵੀਰਾ ਕਿੱਥੇ ਗੁਜ਼ਾਰੀ ਸਾਰੀ ਰਾਤ,
ਭੈਣਾਂ ਨੂੰ ਫ਼ਿਕਰ ਪਿਆ
ਭੈਣੇ! ਗਿਆ ਸੀ ਬਜਾਜੇ ਦੀ ਹਾਟ,
ਬਰੀਆਂ ਲਿਆਉਣੇ ਨੂੰ
ਵੀਰਾ! ਬਰੀਆਂ ਖ਼ਰੀਦੇ ਤੇਰਾ ਬਾਪ,
ਤੈਨੂੰ ਕਾਹਦਾ ਫ਼ਿਕਰ ਪਿਆ।

ਇਸ ਤਰ੍ਹਾਂ ਦੀਆਂ ਅਨੇਕਾਂ ਘੋੜੀਆਂ ਸਾਡੇ ਸੱਭਿਆਚਾਰ ਵਿੱਚ ਮਿਲਦੀਆਂ ਹਨ ਪਰੰਤੂ ਇੱਕ ਘੋੜੀ ਅਜਿਹੀ ਵੀ ਹੈ ਜੋ ਦੁੱਖ-ਭਰੇ ਸ਼ਗਨਾਂ ਨਾਲ ਸ੍ਰ. ਭਗਤ ਸਿੰਘ ਦੀ ਭੈਣ ਰੋਂਦੀ-ਕੁਰਲਾਉਂਦੀ ਹੋਈ ਉਦੋਂ ਗਾਉਂਦੀ ਹੈ, ਜਦੋਂ ਅੰਗਰੇਜ਼, ਭਗਤ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੰਦੇ ਹਨ ਤੇ ਉਸ ਦੀ ਭੈਣ ਸਾਹੇ-ਬੱਧੇ ਵੀਰ ਨਾਲ ਮੁਲਾਕਾਤ ਨੂੰ ਆਉਂਦੀ ਹੈ। ਫਾਂਸੀ ਹੋਣ ਤੋਂ ਪਹਿਲਾਂ ਸ. ਭਗਤ ਸਿੰਘ ਦਾ ਵਿਆਹ ਧਰ ਰੱਖਿਆ ਸੀ। ਕਿੱਥੇ ਤਾਂ ਭੈਣ ਨੇ ਹੱਸ-ਹੱਸ ਕੇ ਵਿਆਹ ਦੇ ਸ਼ਗਨਾਂ ਦੀ ਘੋੜੀ ਗਾਉਣੀ ਸੀ ਤੇ ਕਿੱਥੇ........?

5. ਘੋੜੀ ਵੇ ਘੋੜੀ ਗਾਵਾਂ, ਮੈਂ ਤੇਰੀ ਵੀਰ ਵੇ।
ਵਿਆਹ ਵੇਲੇ ਆਈ ਤੇਰੀ ਘੜ੍ਹੀ ਅਖ਼ੀਰ ਵੇ।
ਹਿੰਦ ਬਗੀਚੇ ਦਾ ਖਿੜਿਆ ਗੁਲਾਬ ਤੂੰ।
ਚਾਚਾ ਅਜੀਤ ਦੀਆਂ ਅੱਖਾਂ ਦਾ ਚਿਰਾਗ ਤੂੰ।
ਸਿਹਰਿਆਂ ਦੇ ਵਾਲੀ ਤੇਰੇ ਹੱਥ ਨਾ ਲਕੀਰ ਵੇ।
ਘੋੜੀ ਵੇ ਘੋੜੀ ਗਾਵਾਂ ਮੈਂ ਤੇਰੀ ਵੀਰ ਵੇ..।
ਕੀਹਦੀ ਵੀਣੀ ਉਤੇ ਵੀਰਾ ਖੰਮਣੀ ਸਜਾਵਾਂਗੀ।
ਤੇਰੇ ਬਿਨਾਂ ਸੋਹਣੇ ਵੀਰਾ, ਮਰ-ਮਰ ਜਾਵਾਂਗੀ।
ਮੇਰਾ ਹੀ ਨੀ ਤੂੰ ਪੂਰੇ, ਹਿੰਦ ਦਾ ਏਂ ਵੀਰ ਵੇ।

ਘੋੜੀ ਵੇ ਘੋੜੀ ਗਾਵਾਂ ਮੈਂ ਤੇਰੀ ਵੀਰ ਵੇ..।

ਸੋ ਘੋੜੀਆਂ ਤੇ ਸਿੱਠਣੀਆਂ ਸਾਡੇ ਵਿਆਹ-ਸ਼ਾਦੀਆਂ ਦਾ ਸ਼ਿੰਗਾਰ ਰਹੀਆਂ ਹਨ ਅਤੇ ਸੱਭਿਅਕ ਲੋਕ ਅਗਲੀਆਂ ਪੀੜ੍ਹੀਆਂ ਨੂੰ ਵੀ ਇਹਨਾਂ ਪ੍ਰਤੀ ਸੁਚੇਤ ਰੱਖਣ ਲਈ ਹੰਭਲੇ ਮਾਰਦੇ ਰਹਿਣਗੇ..।

**ਸਿੱਠਣੀਆਂ :**

ਅਸਲ ਵਿੱਚ ਸਿੱਠਣੀਆਂ, ਮਿਹਣੇ ਅਤੇ ਮਖੌਲ-ਭਰੇ ਅਜਿਹੇ ਗੀਤ ਹੁੰਦੇ ਹਨ ਜੋ ਤੀਵੀਂਆਂ ਤੇ ਕੁੜੀਆਂ ਬਰਾਤੀਆਂ ਨੂੰ ਸੰਬੋਧਨ ਕਰਦੇ ਹੋਏ ਗਾਉਂਦੀਆਂ ਹਨ। ਵਿਆਹ ਵਿੱਚ ਕੁੜੀ ਪੱਖ ਦੀਆਂ ਤੀਵੀਆਂ 'ਕੱਠੀਆਂ ਹੋ ਕੇ ਹਾਸੇ-ਹਾਸੇ ਵਿੱਚ ਬਰਾਤੀਆਂ ਨੂੰ ਅਜਿਹੇ ਮਿਹਣੇ ਮਾਰ-ਮਾਰ ਕੇ ਜਿੱਚ ਕਰਦੀਆਂ ਹਨ ਕਿ ਬਰਾਤੀਆਂ ਨੂੰ ਆਪਣੇ ਔਗੁਣਾਂ 'ਤੇ ਸ਼ਰਮ ਆਉਣ ਲਗਦੀ ਹੈ। ਬਰਾਤੀ ਬਣ ਕੇ ਮਸਤਣਾ ਤਾਂ ਲੋਕਾਂ ਦੀ ਪੁਰਾਣੀ ਰਿਵਾਇਤ ਰਹੀ ਹੈ। ਏਸੇ ਮਸਤੀ ਨੂੰ ਘੱਟ ਕਰਨ ਲਈ ਕੁੜੀਆਂ-ਚਿੜੀਆਂ ਬਰਾਤੀਆਂ ਨੂੰ ਹਾਸੇ-ਹਾਸੇ ਵਿੱਚ ਠਿੱਠ ਕਰਦੀਆਂ ਹਨ। ਕੁਝ ਨਮੂਨੇ ਵੇਖੋ-

1. ਸਾਡੇ ਤਾਂ ਵਿਹੜੇ ਤਾਣਾ ਤਣੀਂਦਾ।
   ਮੁੰਡੇ ਦਾ ਪਿਉ ਤੇ ਕਾਣਾ ਸੁਣੀਂਦਾ।
   ਐਨਕ ਲਵਾਉਣੀ ਪਈ, ਨਿਲੱਜਿਉ!
   ਲੱਜ ਤੁਹਾਨੂੰ ਨਹੀਂ।
2. ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ।
   ਦਾਣੇ ਤਾਂ ਮੰਗਦਾ ਉਧੱਲ ਗਈ ਦਾ।
   ਭੱਠੀ ਤਪਾਉਣੀ ਪਈ,
   ਨਿਲੱਜਿਉ! ਲੱਜ ਤੁਹਾਨੂੰ ਨਹੀਂ।

ਜੀਜੇ ਨੂੰ ਸਿੱਠਣੀਆਂ...

ਸਾਡੇ ਸੱਭਿਆਚਾਰ ਅੰਦਰ, ਵਿਆਹ ਵਿੱਚ ਆਏ ਜੀਜੇ ਭਾਵੇਂ ਨਵੇਂ ਹੋਣ ਤੇ ਭਾਵੇਂ ਪੁਰਾਣੇ, ਸਾਲ਼ੀਆਂ ਦੀਆਂ ਸਿੱਠਣੀਆਂ ਤੋਂ ਨਹੀਂ ਬਚ ਸਕਦੇ-

1. ਹੋਰਾਂ ਨੇ ਖਾਧੇ ਦੋ-ਦੋ ਲੱਡੂ,
   ਜੀਜੇ ਨੇ ਭਰ ਲਈ ਡੱਗੀ,
   ਸਾਲੇ ਦੇ ਚੁੱਕ ਪੈ ਗਈ,
   ਅੱਡੀ ਮਾਰ ਕੇ ਕੱਢੀ॥
2. ਜੀਜਾ ਜੁੜ ਜਾ ਮੰਜੀ ਦੇ ਨਾਲ਼
   ਮੰਜੀ ਤੇਰੀ ਕੀ ਲਗਦੀ?
   ਕਿਵੇਂ ਜੁੜ 'ਜਾਂ ਮੰਜੀ ਦੇ ਨਾਲ,
   ਮੰਜੀ ਮੇਰੀ ਭੈਣ ਲਗਦੀ।
3. ਥੋੜ੍ਹਾ ਖਾਵੀਂ ਵੇ ਜੀਜਾ! ਨਾ ਪਲੇਟਾਂ ਚੱਟ ਵੇ।
   ਮੈਂ ਹਾਂ ਥਾਣੇਦਾਰਨੀ, ਤੇਰਾ ਤੋੜੂੰਗੀ ਮੱਟ ਵੇ।
4. ਤੂੰ ਲੌਂਗ ਮੈਂ ਲੈਚੀਆਂ ਜੀਜਾ
   ਦੋਹਵੇਂ ਚੰਗੀ ਵੇ ਚੀਜ਼।
   ਤੈਨੂੰ ਤਾਂ ਮੈਂ ਇਉਂ ਰੱਖਾਂ
   ਜਿਵੇਂ ਦੰਦਾਂ ਵਿਚਾਲੇ
   ਵੇ ਜੀਜਾ ਰਾਣਿਆ! ਜੀਭ।
5. ਤੇਰਾ ਮੇਰਾ ਇੱਕ ਮਨ ਜੀਜਾ!
   ਲੋਕਾਂ ਭਾਵੇਂ ਵੇ ਦੋ।
   ਕੰਡਾ ਧਰ ਕੇ ਜੋਖ ਲੈ ਵੇ ਕੋਈ ਰੱਤੀ ਫ਼ਰਕ ਵੀ।
   ਵੇ ਜੀਜੇ ਸੁਲੱਖਣਿਆ! ਹੋ!

ਇਸ ਪ੍ਰਕਾਰ ਅਨੇਕਾਂ ਸਿੱਠਣੀਆਂ ਤੇ ਘੋੜੀਆਂ ਸਾਡੇ ਵਿਰਸੇ ਵਿੱਚ ਭਰੀਆਂ ਪਈਆਂ ਹਨ, ਜਿਹਨਾਂ ਨੂੰ ਸੰਭਾਲਣਾ ਸਾਡਾ ਨੈਤਿਕ ਫ਼ਰਜ਼ ਹੈ। ਸਾਨੂੰ ਆਪਣੇ ਆਂਢ-ਗੁਆਂਢ ਵਿੱਚ ਪੁਰਾਣੇ ਬਜ਼ੁਰਗਾਂ ਕੋਲੋਂ ਪੁਰਾਣੀਆਂ ਗੱਲਾਂ-ਬਾਤਾਂ ਸੁਣ ਕੇ ਆਪਣਾ ਪੁਰਾਤਨ ਵਿਰਸਾ ਸੰਭਾਲਣਾ ਚਾਹੀਦਾ ਹੈ ਤਾਂ ਜੋ ਅਸੀਂ ਇਹ ਵਡਮੁੱਲੀ ਵਿਰਾਸਤ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਝੋਲ਼ੀ ਪਾ ਸਕੀਏ। ਪਰੰਤੂ ਅੱਜ-ਕੱਲ੍ਹ ਵਾਲਿਆਂ ਕੋਲ ਬਜ਼ੁਰਗਾਂ ਨਾਲ ਬੈਠਣ ਦਾ ਸਮਾਂ ਈ ਕਿੱਥੇ.....? ਆਪਣੀਆਂ ਖ਼ੁਦਗਰਜ਼ੀਆਂ ਵਿੱਚ ਇਨਸਾਨ ਆਪਣੀਆਂ ਵਿਰਾਸਤਾਂ ਭੁੱਲਦਾ ਜਾ ਰਿਹਾ ਹੈ, ਆਪਣੀ ਪਹਿਚਾਣ ਭੁੱਲਦਾ ਜਾ ਰਿਹਾ ਹੈ..ਜੋ ਸਮਾਜ ਲਈ ਬਹੁਤ ਘਾਤਕ ਹੈ। ਆਉ! ਅਸੀਂ ਸਵੇਰ ਦੇ ਭੁੱਲੇ ਸ਼ਾਮਾਂ ਨੂੰ ਘਰ ਪਰਤੀਏ..ਤੇ ਆਪਣਾ ਵਿਰਸਾ ਸੰਭਾਲੀਏ।

#375, ਸੈਕਟਰ-16,
ਹਿਸਾਰ, ਹਰਿਆਣਾ
94660-12433

**ਜੇ ਕਰ ਪੁਸਤਕਾਂ ਨਾ ਹੁੰਦੀਆਂ ਤਾਂ ਸੰਸਾਰ ਵਿਚ ਪਾਗਲਾਂ ਦੀ ਗਿਣਤੀ ਵੱਧ ਹੁੰਦੀ।**
**(ਗੁਰਦਿਆਲ ਸਿੰਘ)**

# ਬੋਲ ਮਰਦਾਨਿਆਂ ਨਾਵਲ ਵਿਚ ਮਰਦਾਨੇ ਤੇ ਬਾਬੇ ਨਾਨਕ ਦੇ ਸੰਬੰਧ

ਜਗਸੀਰ ਸਿੰਘ



ਗੁਰੂ ਨਾਨਕ ਸਾਹਿਬ ਸਿੱਖਾਂ ਦੇ ਪਹਿਲੇ ਗੁਰੂ, ਸਿੱਖ ਧਰਮ ਦੇ ਉਸਰੱਈਏ, ਧਾਰਮਿਕ ਸੰਤ, ਨਿਰਮਲ-ਨਿਰਛਲ ਵਿਚਾਰਾਂ ਵਾਲੇ, ਸਮਾਜ ਸੁਧਾਰਕ, ਉੱਚ ਕੋਟੀ ਦੇ ਕਵੀ, ਕਿਰਤੀ ਕਿਸਾਨ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਦੀ ਹਾਮੀ ਭਰਨ ਵਾਲੇ ਮਹਾਂਪੁਰਸ਼ ਦਾ ਜਨਮ ਰਾਏ ਭੋਇੰ ਦੀ ਤਲਵੰਡੀ ਵਿਖੇ ਮਾਤਾ ਤ੍ਰਿਪਤਾ ਦੀ ਕੁੱਖੋਂ ਅਤੇ ਮਹਿਤਾ ਕਾਲੂ ਦੇ ਘਰ ਹੋਇਆ। ਇਸ ਦੇ ਨਾਲ ਹੀ ਜੇ ਅਸੀਂ ਮਰਦਾਨੇ ਦੇ ਜੀਵਨ ਨੂੰ ਵਿਚਾਰੀਏ ਤਾਂ ਮਰਦਾਨੇ ਦਾ ਜਨਮ ਵੀ ਤਲਵੰਡੀ ਵਿਖੇ ਮਾਤਾ ਲੱਖੋ ਅਤੇ ਪਿਤਾ ਬਾਦਰਾ ਦੇ ਘਰ ਸੰਨ 1459 ਈ. ਵਿਚ ਮੁਸਲਮਾਨ ਪਰਿਵਾਰ ਦੀ ਮਰਾਸੀ ਜਾਤੀ ਵਿਚ ਹੋਇਆ। ਉਸ ਸਮੇਂ ਡੂਮ ਜਾਂ ਮਰਾਸੀ ਜਾਤ (ਮਹਿਤਾ ਕਾਲੂ) ਵਰਗੇ ਜਜ਼ਮਾਨਾਂ ਦੇ ਘਰ ਜਨਮ-ਵਿਆਹ ਅਤੇ ਮੌਤ ਸੰਬੰਧੀ ਫਾ-ਵਜਾ ਕੇ ਹੀ ਆਪਣਾ ਜੀਵਨ ਨਿਰਵਾਹ ਕਰਦੀ ਸੀ। ਜਿਸ ਕਾਰਨ ਗੁਰੂ ਨਾਨਕ ਜੀ ਤੇ ਮਰਦਾਨੇ ਦਾ ਮਿਲਾਪ ਬਚਪਨ ਅਵਸਥਾ ਵਿਚ ਹੀ ਹੋ ਗਿਆ ਸੀ। ਕਿਉਂਕਿ ਜਦੋਂ ਵੀ ਮਾਈ ਲੱਖੋ ਜਾਂ ਮਰਦਾਨੇ ਦਾ ਪਿਤਾ ਆਪਣੀ ਕਾਰ-ਕਿਰਤ ਲਈ ਜਜ਼ਮਾਨਾਂ ਦੇ ਘਰ ਜਾਂਦੇ ਤਾਂ ਮਰਦਾਨੇ ਨੂੰ ਵੀ ਨਾਲ ਲੈ ਜਾਂਦੇ। ਜਿਸ ਕਾਰਨ ਮਰਦਾਨਾ ਤੇ ਗੁਰੂ ਨਾਨਕ ਜੀ ਬਚਪਨ ਵਿਚ ਹੀ ਚੰਗੇ ਮਿੱਤਰ ਬਣ ਗਏ :

''ਉਹ ਦਿਨ ਯਾਦ ਸੀ ਜਦੋਂ ਅੰਮੀ ਨੇ ਮਹਿਤਾ ਕਾਲੂ ਦੀ ਦੇਹਲੀ ਅੱਗੇ ਉਹਨੂੰ ਗੋਦੀਓਂ ਉਤਾਰ ਦਿੱਤਾ ਸੀ। ਵੱਡੇ ਘਰਾਂ ਵਿਚ ਵੜਨ ਲੱਗੇ ਜੇ ਬੱਚਾ ਤੁਰ ਸਕੇ ਤਾਂ ਡੂਮਣੀਆਂ ਉਹਨੂੰ ਉਤਾਰ ਦੇਂਦੀਆਂ ਸਨ। ਅੰਮੀ ਕਹਿੰਦੀ ਸੀ, ਤੁਰਦੇ ਬੱਚੇ ਨੂੰ ਵੇਖ ਕੇ ਸ਼ਾਹਾਂ ਦਾ ਦਿਲ ਨਰਮ ਪੈ ਜਾਂਦਾ ਏ। ਉਹ ਦੇਹਲੀ ਫੜ੍ਹ ਰੋਣ ਲੱਗ ਗਿਆ ਸੀ। 'ਆਜਾ ਤੈਨੂੰ ਕਾਕਾ ਦਿਖਾਵਾਂ।' ਅੰਮੀ ਉਹਨੂੰ ਉਂਗਲੀ ਫੜ੍ਹ ਅੰਦਰ ਮਾਤਾ ਤ੍ਰਿਪਤਾ ਦੀ ਗੋਦੀ ਵਿਚ ਪਏ ਬੱਚੇ ਕੋਲ ਲੈ ਗਈ ਸੀ। ਬੱਚੇ ਨੂੰ ਵੇਖ ਕੇ ਉਹ ਚੁੱਪ ਕਰ ਗਿਆ ਸੀ। 'ਵੇ ਨਾਨਕ ਤੂੰ ਹੁਣੇ ਤੋਂ ਰੋਂਦਿਆਂ ਨੂੰ ਚੁੱਪ ਕਰਾਉਣ ਲੱਗ ਪਿਆ।"[1]

ਮਰਦਾਨਾ ਬਹੁਤ ਹੀ ਭਾਗਸ਼ਾਲੀ ਅਤੇ ਕਿਸਮਤ ਵਾਲਾ ਸੀ ਜਿਸ ਨੇ ਆਪਣਾ ਸਾਰਾ ਜੀਵਨ ਬਾਬੇ ਨਾਨਕ ਦੇ ਨਾਲ ਰਹਿੰਦਿਆਂ ਬਤੀਤ ਕੀਤਾ ਅਤੇ ਬਾਬੇ ਨਾਨਕ ਦੀ ਛੋਹ ਦਾ ਅਨੰਦ ਮਾਣਦਿਆਂ ਸਾਰਾ ਜੀਵਨ ਬਾਬੇ ਦਾ ਹਮਸਫ਼ਰ ਬਣ ਕੇ ਗੁਜ਼ਾਰਿਆ। ਉੱਥੇ ਇਨ੍ਹਾਂ ਸਫ਼ਰਾਂ ਤੇ ਯਾਤਰਾ ਦੌਰਾਨ ਮਰਦਾਨਾ ਆਪਣੀ ਜਿਗਿਆਸਾ ਨੂੰ ਪੂਰਾ ਕਰਦਾ ਹੈ ਅਤੇ ਇਸ ਜਿਗਿਆਸਾ ਜਾਂ ਯਾਤਰਾਵਾਂ ਦੌਰਾਨ ਮਰਦਾਨੇ ਤੇ ਬਾਬੇ ਨਾਨਕ ਦੇ ਕਈ ਰੂਪ ਦੇਖਣ ਨੂੰ ਮਿਲਦੇ ਹਨ। ਜਿਸ ਨੂੰ ਵੱਖ-ਵੱਖ ਵਿਦਵਾਨਾਂ ਨੇ ਆਪਣੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਡਾ. ਸੁਰਜੀਤ ਸਿੰਘ ਪੰਛੀ ਅਨੁਸਾਰ :

''ਮਰਦਾਨੇ ਦੇ ਪਹਿਲੇ ਸਾਰੇ ਭੈਣ ਭਰਾ ਮਰ ਗਏ ਸਨ। ਜਦੋਂ ਮਰਦਾਨਾ ਪੈਦਾ ਹੋਇਆ ਤਾਂ ਉਸ ਦੀ ਮਾਂ ਲੱਖੋਂ ਨੇ ਪੂਰੀ ਬੇ-ਦਿਲੀ ਅਤੇ ਨਿਰਾਸ਼ਤਾ ਵਿਚ ਉਸ ਨੂੰ 'ਮਰ ਜਾਣਾ' ਭਾਵ ਮਰ ਜਾਣ ਵਾਲਾ ਕਿਹਾ। ਮਰਦਾਨੇ ਦਾ ਪਹਿਲਾ ਨਾਂ 'ਦਾਨਾ' ਸੀ। ਜਦੋਂ ਰਬਾਬ ਦੀ ਮਧੁਰ ਆਵਾਜ਼ ਗੁਰੂ ਜੀ ਦੇ ਕੰਨੀ ਪਈ ਤਾਂ ਉਨ੍ਹਾਂ ਨੇ ਉਸ ਦੇ ਕੋਲ ਜਾ ਕੇ ਉਸ ਦਾ ਨਾਂ ਪੁੱਛਿਆ। ਮਰਦਾਨੇ ਨੇ ਆਪਣਾ ਨਾਂ ਦਾਨਾ ਦੱਸਿਆ। ਗੁਰੂ ਜੀ ਨੇ ਉਸ ਨੂੰ ਮਰਦਾਨਾ ਕਿਹਾ। ਜਿਸ ਦਾ ਭਾਵ ਬਹਾਦਰ ਜਾਂ ਨਾ ਮਰ ਜਾਣ ਵਾਲਾ ਸੀ।''[2]

ਜਨਮ-ਸਾਖੀਆਂ ਵਿਚ ਜਿੱਥੇ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਨੂੰ ਇਕ ਬਾਣੀਕਾਰ ਤੇ ਰਬਾਬੀ ਤੱਕ ਸੀਮਤ ਕਰਕੇ ਰੱਖ ਦਿੱਤਾ ਹੈ ਅਤੇ ਬਾਬਾ ਨਾਨਕ ਨੂੰ ਸਿੱਖ ਧਰਮ ਅਤੇ ਮਰਦਾਨੇ ਨੂੰ ਮੁਸਲਮਾਨ ਧਰਮ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਉੱਥੇ ਮੰਡ ਬਾਬਾ ਨਾਨਕ ਅਤੇ ਮਰਦਾਨੇ ਦੇ ਸੰਬੰਧਾਂ ਰਾਹੀਂ ਸਮਕਾਲ ਸਮੇਂ ਦੀਆਂ ਇਨ੍ਹਾਂ ਧਾਰਮਿਕ ਜਾਂ ਸਮਾਜਿਕ ਕੁਰੀਤੀਆਂ ਉੱਪਰ ਹੀ ਕਟਾਕਸ਼ ਨਹੀਂ ਕਰਦਾ ਬਲਕਿ ਇਨ੍ਹਾਂ ਮਿੱਥਾਂ ਨੂੰ ਤੋੜਦਾ ਹੋਇਆ ਧਾਰਮਿਕ

ਕੱਟੜਤਾ ਵਿਚ ਫਸੇ ਉਨ੍ਹਾਂ ਸਾਹਿਤਕਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਜਿਨ੍ਹਾਂ ਨੇ ਮਰਦਾਨੇ ਵਰਗੇ ਮਹਾਨ ਨਾਇਕ ਨੂੰ ਸੀਮਤ ਕਰਕੇ ਪੇਸ਼ ਕੀਤਾ ਹੈ। ਉੱਥੇ ਨਾਵਲਕਾਰ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਨਾਲ ਪੁਰਾਣੇ ਸਮਾਜ ਦੇ ਸਮੁੱਚੇ ਢਾਂਚੇ ਨੂੰ ਤੋੜ ਕੇ ਇਕ ਨਵੇਂ ਸਮਾਜ ਨੂੰ ਤਿਆਰ ਕਰਨ ਦਾ ਯਤਨ ਕਰਦਾ ਹੈ। ਜਿਸ ਵਿਚ ਹਿੰਦੂ ਤੇ ਮੁਸਲਮਾਨ ਇੱਕ-ਦੂਜੇ ਦੇ ਵਿਰੋਧੀ ਸਨ ਅਤੇ ਜਾਤ-ਪਾਤ, ਛੂਤ-ਛਾਤ ਆਦਿ ਬੰਦਸ਼ਾਂ ਵਿਚ ਫਸੇ ਹੋਏ ਸਨ। ਉੱਥੇ ਬਾਬਾ ਨਾਨਕ ਇਕ ਖੱਤਰੀ ਅਤੇ ਮਰਦਾਨਾ ਇਕ ਮੁਸਲਮਾਨ ਜਾਤ-ਪਾਤ ਤੋਂ ਉੱਪਰ ਉੱਠ ਕੇ ਆਪਣੇ ਸੰਬੰਧਾਂ ਰਾਹੀਂ ਸਰਬ ਸਾਂਝੀਵਾਲਤਾ ਦੀ ਨੀਂਹ ਰੱਖਦੇ ਹੋਏ ਸਭ ਦੀ ਸਾਂਝੀ ਬੋਲੀ ਰਾਹੀਂ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸਮਾਜ ਵਿਚ ਫੈਲੀਆਂ ਹੋਈਆਂ ਕੁਰੀਤੀਆਂ ਦਾ ਵਿਰੋਧ ਕਰਦੇ ਹਨ। ਇਸ ਦੌਰਾਨ ਕਈ ਸਵਾਲ ਵੀ ਖੜੇ ਹੁੰਦੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਸਵਾਲ ਔਰਤ ਦੀ ਤ੍ਰਾਸਦੀ ਦਾ ਸੀ ਜਿੱਥੇ ਹਿੰਦੂ ਸ਼ਾਸਤਰ ਇਸਤਰੀ ਨੂੰ ਵੇਸਵਾ, ਸ਼ੂਦਰ ਸ਼੍ਰੇਣੀ ਵਿਚ ਗਿਣਦੇ ਸਨ। ਜਿਸ ਦਾ ਅਰਥ ਸਾਫ਼ ਸੀ ਕਿ ਔਰਤ ਨੂੰ ਆਪਣੇ ਅਧਿਕਾਰ ਪ੍ਰਾਪਤ ਕਰਨ ਦਾ ਕੋਈ ਹੱਕ ਨਹੀਂ ਅਤੇ ਜਾਗੀਰਦਾਰੀ ਨਿਜ਼ਾਮ ਵਿਚ ਤਾਂ ਔਰਤ ਨੂੰ ਸਿਰਫ਼ ਭੋਗ ਵਿਲਾਸ ਹੀ ਮੰਨਿਆ ਜਾਂਦਾ ਸੀ। ਉੱਥੇ ਬਾਬਾ ਨਾਨਕ ਤੇ ਮਰਦਾਨਾ ਵੇਸਵਾਵਾਂ ਦੇ ਮੰਦਰ ਵਿਚ ਪਰਵੇਸ਼ ਕਰਕੇ ਇਨ੍ਹਾਂ ਮਿੱਥਾਂ ਨੂੰ ਤੋੜਦੇ ਹਨ :

"ਅੱਗੇ ਕਿੱਥੇ ਜਾਣਾ ਏ?" ਸਾਧਾਂ ਦੇ ਟੋਲੇ ਨੇ ਗੱਲ ਸੁਆਲ ਤੋਂ ਸ਼ੁਰੂ ਕੀਤੀ ਪਰ ਜਾਣਕਾਰੀ ਕੁਝ ਹੋਰ ਦਿੱਤੀ ਸੀ। ਇਸ ਤੋਂ ਅੱਗੇ ਕੋਈ ਪਿੰਡ ਨਹੀਂ। ਅੱਗੇ ਵੇਸਵਾਵਾਂ ਦਾ ਮੰਦਰ ਹੈ। ਲਾਹੌਰ ਦੀਆਂ ਸਭ ਵੇਸਵਾਵਾਂ ਆਪਣੀਆਂ ਵਡਾਹਨਾਂ ਨੂੰ ਯਾਦ ਕਰਨ ਲਈ ਇੱਥੇ ਮੱਥਾ ਟੇਕਣ ਆਉਂਦੀਆਂ ਨੇ। ਇਨ੍ਹਾਂ ਦਿਨਾਂ ਵਿਚ ਉਹ ਮਰਦਾਂ ਨੂੰ ਨੇੜੇ ਨਹੀਂ ਢੁੱਕਣ ਦਿੰਦੀਆਂ। ਫਿਰ ਗੱਲ ਉਸ ਨੇ ਸੁਆਲ ਨਾਲ ਖ਼ਤਮ ਕਰ ਦਿੱਤੀ, 'ਅੱਗੇ ਕਿੱਥੇ ਜਾਣਾ ਏ?" ਮਰਦਾਨੇ ਨੇ ਅੱਗੇ ਵੇਖਿਆ, ਬਾਬੇ ਦੇ ਪੈਰਾਂ ਹੇਠ ਇਕ ਮੋੜ ਸਿੱਧਾ ਹੋ ਰਿਹਾ ਸੀ। ਸਾਹਮਣੇ ਮੰਦਰ ਦੀਆਂ ਕੰਧਾਂ ਦਿਸੀਆਂ।''[3]

ਬਾਬਾ ਨਾਨਕ ਤੇ ਮਰਦਾਨਾ ਆਪਣੇ ਸਮਕਾਲ ਸਮੇਂ ਦੌਰਾਨ ਔਰਤ ਦੀ ਸਥਿਤੀ ਦਾ ਹੀ ਨਹੀਂ ਬਲਕਿ ਜਾਗੀਰਦਾਰੀ, ਸਾਮੰਤਵਾਦੀ ਵਰਗ ਦਾ ਵਿਰੋਧ ਕਰਦੇ ਹੋਏ ਮਨੁੱਖੀ ਵਿਅਕਤੀਤਵ ਦੀ ਉਸਾਰੀ ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਕਰਦੇ ਹਨ। ਕਿਉਂਕਿ ਉਸ ਸਮੇਂ ਹਰ ਜਾਗੀਰਦਾਰੀ ਜਾਂ ਧਾਰਮਿਕ ਵਰਗ ਆਪਣੀ ਧਾਰਮਿਕ, ਸਮਾਜਿਕ, ਨੈਤਿਕ ਮਹੱਤਤਾ ਗਵਾ ਚੁੱਕਿਆ ਸੀ। ਹਰ ਵੱਡੇ ਜਾਗੀਰਦਾਰੀ ਜਾਂ ਸ਼ਾਸਕ ਦੁਆਰਾ ਛੋਟੇ ਕਿਸਾਨਾਂ, ਮੁਜ਼ਾਰਿਆਂ ਦਾ ਹਰ ਪੱਖ ਤੋਂ ਸ਼ੋਸ਼ਣ ਕੀਤਾ ਜਾਂਦਾ ਸੀ। ਬਾਬਾ ਨਾਨਕ ਤੇ ਮਰਦਾਨਾ ਦੂਰ ਦਰਸ਼ੀ, ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਦ੍ਰਿਸ਼ਟੀ ਰਾਹੀਂ ਇਨ੍ਹਾਂ ਰੋਗੀਆਂ ਨੂੰ ਜੜ੍ਹ ਤੋਂ ਪੁੱਟਣ ਦੇ ਹਾਮੀ ਹਨ, ਜਿਹੜੇ ਸਮਾਜ ਨੂੰ ਘੁਣ ਵਾਂਗ ਵਿਚੋਂ ਵਿਚ ਖਾ ਰਹੇ ਸਨ। ਉੱਥੇ ਬਾਬਾ ਨਾਨਕ ਆਪਣੀ ਬਾਣੀ ਰਾਹੀਂ ਅਤੇ ਮਰਦਾਨਾ ਆਪਣੀ ਰਬਾਬ ਦੇ ਤਰਾਨਿਆਂ ਰਾਹੀਂ ਆਵਾਜ਼ ਉਠਾਉਂਦੇ ਹੋਏ ਸਮੁੱਚੀ ਜਾਗੀਰਦਾਰੀ ਜਾਂ ਸਾਮੰਤਵਾਦੀ ਵਿਵਸਥਾ ਉੱਪਰ ਕਟਾਖਸ਼ ਕਰਦੇ ਹਨ :

''ਲਾਹੌਰ ਦੇ ਬੁਰਜ਼ਾਂ ਕੋਲੋਂ ਲੰਘਦਾ ਇਹ ਰਸਤਾ ਕੁਝ ਇਹੋ ਜਿਹੇ ਸੰਵਾਦ ਸੁਣਾ ਰਿਹਾ ਸੀ। ਉੱਚੀਆਂ-ਉੱਚੀਆਂ ਦੀਵਾਰਾਂ ਵਿਚ ਜਿੱਥੇ ਮਹਿਲ ਮੁਨਾਰਿਆਂ ਕੋਲੋਂ ਲੰਘਦੇ ਲੋਕ ਬਹੁਤ ਹੀ ਸੰਜਮ ਨਾਲ ਬੋਲ ਰਹੇ ਸਨ। ਬਾਬੇ ਨੇ ਆਪਣੀ ਆਵਾਜ਼ ਨਾਲ ਸੁਰ ਛੇੜੇ ...। ਨਾਲ ਵੱਜਦੀ ਰਬਾਬ ਸੁਣ ਕੇ ਲੋਕ ਸਮਝਣ ਲੱਗੇ ਕੋਈ ਦਰਬਾਰੀ ਗਾਇਕ ਹੋਣਗੇ, ਜੋ ਕਿਲ੍ਹੇ ਤੋਂ ਪਹਿਲਾਂ ਹੀ ਕਸੀਦੇ ਪੜ੍ਹਨ ਲਗੇ ਪਏ ਨੇ। ਪਰ ਜਦੋਂ ਬਾਬੇ ਦੇ ਇਹ ਬੋਲ ਲੋਕਾਂ ਦੇ ਕੰਨੀ ਪਏ ਤਾਂ ਉਹ ਅੱਗੇ ਪਿੱਛੇ ਹੋਣ ਲੱਗੇ। ਇਨ੍ਹਾਂ ਦੀਵਾਰਾਂ ਕੋਲੋਂ ਪਹਿਲਾਂ ਤਾਂ ਕੋਈ ਇਹੋ ਜਿਹਾ ਫ਼ਕੀਰ ਲੰਘਿਆ ਨਹੀਂ ਜੋ ਗਾ-ਗਾ ਕੇ ਚੁਣੌਤੀ ਦੇ ਰਿਹਾ ਹੋਵੇ।

ਰੰਗ ਹਸਹਿ ਰੰਗਿ ਰੋਵਹਿ ਚੁਪ ਭੀ ਕਹਿ ਜਾਹਿ ॥
ਪਰਵਾਹ ਨਾਹੀ ਕਿਸੇ ਕੇਰੀ ਬਾਝੁ ਸਚੇ ਨਾਹ।।[4]

ਬਾਬਾ ਨਾਨਕ ਤੇ ਮਰਦਾਨੇ ਨੇ ਆਪਣੇ ਸੰਬੰਧਾਂ ਰਾਹੀਂ ਕੀ ਹਿੰਦੂ, ਕੀ ਮੁਸਲਮਾਨ, ਕੀ ਜੋਗੀ ਸਭ ਵਿਚ ਆਪਣੀ ਵਿਚਾਰਧਾਰਾ ਨੂੰ ਰੱਖਿਆ ਤਾਂ ਕਿ ਸਰਬ-ਸਾਂਝੇ ਕੰਮ ਦੀਆਂ

ਪੱਕੀਆਂ ਬੁਨਿਆਦਾਂ ਰੱਖੀਆਂ ਜਾ ਸਕਣ, ਇਹ ਕੰਮ ਇਕ ਪੀੜੀ ਵਿਚ ਮੁੱਕਣ ਵਾਲਾ ਨਹੀਂ ਸੀ। ਸਦੀਆਂ ਤੋਂ ਜੰਮੇ ਗ਼ੁਲਾਮੀ ਦੇ ਧੱਬਿਆਂ ਨੂੰ ਮਿਟਾਉਣ ਲਈ ਲੰਮੀ ਮਿਹਨਤ ਦੀ ਲੋੜ ਸੀ। ਇਹ ਮਿਹਨਤ ਬਾਬਾ ਨਾਨਕ ਤੇ ਮਰਦਾਨੇ ਦੁਆਰਾ ਕੀਤੀਆਂ ਉਦਾਸੀਆਂ, ਗੋਸ਼ਟਾਵਾਂ, ਯਾਤਰਾਵਾਂ ਵਿਚ ਦੇਖੀ ਜਾ ਸਕਦੀ ਹੈ। ਕਿਉਂਕਿ ਰਾਜਸੀ ਜਾਂ ਸਮਾਜਕ ਪਰਿਵਰਤਨ ਲਿਆਉਣ ਲਈ ਆਮ ਲੋਕਾਂ ਦੇ ਵਿਚਾਰਾਂ ’ਚ ਪਰਿਵਰਤਨ ਲਿਆਉਣਾ ਜ਼ਰੂਰੀ ਹੁੰਦਾ ਹੈ। ਜਿਨ੍ਹਾਂ ਚਿਰ ਪੁਰਾਣੇ ਵਹਿਮ-ਭਰਮ, ਅੰਧ ਵਿਸ਼ਵਾਸ, ਗ਼ਲਤ ਰੀਤੀ-ਰਿਵਾਜ਼ਾਂ ਦਾ ਕੂੜਾ ਕਰਕਟ ਹੱਥ ਨਾ ਦਿੱਤਾ ਜਾਵੇ ਉਨਾ ਚਿਰ ਨਵੇਂ ਵਿਚਾਰਾਂ ਲਈ ਥਾਂ ਹੀ ਨਹੀਂ ਬਣਦੀ। ਇਸ ਮਨੋਰਥ ਦੀ ਪੂਰਤੀ ਲਈ ਬਾਬੇ ਨਾਨਕ ਤੇ ਮਰਦਾਨੇ ਨੇ ਥਾਂ-ਥਾਂ ਉਦਾਸੀਆਂ, ਗੋਸ਼ਟਾਂ, ਯਾਤਰਾਵਾਂ ਕੀਤੀਆਂ। ਆਪਣੀ ਬਾਣੀ ਤੇ ਰਬਾਬ ਰਾਹੀਂ ਰਾ-ਵਜਾ ਕੇ ਇਨ੍ਹਾਂ ਕੁਰੀਤੀਆਂ, ਸਮੱਸਿਆਵਾਂ ਦਾ ਖੰਡਨ ਕੀਤਾ। ਪ੍ਰੋ. ਕਿਸ਼ਨ ਸਿੰਘ ਅਨੁਸਾਰ :

"ਸ੍ਰਿਸ਼ਟੀ, ਜ਼ਿੰਦਗੀ, ਮਨੁੱਖ, ਸਮਾਜਕ ਅਸਲੀਅਤ ਜਾਂ ਨੇਕੀ ਬਦੀ ਬਾਰੇ ਸੰਕਲਪ ਹਮੇਸ਼ਾਂ ਆਪੋ ਵਿਚ ਹੀ ਇਕ ਦੂਜੇ ਨਾਲ ਸੰਬੰਧਿਤ ਹੀ ਹੁੰਦੇ ਹਨ। ਇਹ ਸਭ ਇੱਕੋ ਹੀ ਸਮਾਜਕ ਅਸਲੀਅਤ ਵੱਲ ਇਸ਼ਾਰਾ ਕਰਦੇ ਹਨ। ਇੱਕੋ ਨਜ਼ਰੀਏ ਦੇ ਅੰਗ ਤੇ ਉਸ ਦੇ ਵੱਖ-ਵੱਖ ਪਹਿਲੂ ਹੁੰਦੇ ਹਨ। ਇਹ ਮੁਮਕਿਨ ਨਹੀਂ ਕਿ ਉਸੇ ਨਜ਼ਰੀਏ ਵਿਚ, ਮਨੁੱਖ ਦਾ ਸੰਕਲਪ ਜ਼ਿੰਦਗੀ ਬਾਬਤ ਇਕ ਵੱਖਰੀ ਤਰਜ਼ ਵਾਲਾ ਹੋਵੇ ਤੇ ਨੇਕੀ ਬਦੀ ਬਾਰੇ ਉਸ ਤੋਂ ਬਿਲਕੁਲ ਵੱਖਰੀ ਤਰਜ਼ ਵਾਲਾ ਜਾ ਇਉਂ ਕਹਿ ਲਵੋ ਕਿ ਸਿਆਣੇ ਮਨੁੱਖ ਲਈ, ਕਿਸੇ ਇਕ ਖ਼ਾਸ ਸੰਕਲਪ ਵਿਚ, ਬਾਕੀ ਸਾਰੇ ਸੰਕਲਪ ਵੀ ਲੁਕੇ ਹੁੰਦੇ ਹਨ। ਲੁਕੇ ਇਸ ਵਾਸਤੇ ਹੁੰਦੇ ਹਨ ਕਿਉਂਕਿ ਸਮਾਜ ਦੇ ਸਾਰੇ ਸੰਕਲਪ ਇੱਕੋ ਹੀ ਅਸਲੀਅਤ ਦਾ ਪ੍ਰਗਟਾਵਾ ਹੁੰਦੇ ਹਨ। ਸਭ ਸੰਕਲਪਾਂ ਦੀ ਜੰਮਣ ਤੋਂ ਸਦਾ ਸਾਂਝ ਹੁੰਦੀ ਹੈ।''[5]

ਬਿਰਤਾਂਤਿਕ ਅਧਿਐਨ ਵਿਚ ਨਜ਼ਰ ਮਾਰੀਏ ਤਾਂ ਕਈ ਵਾਰੀ ਮਹਿਸੂਸ ਹੁੰਦਾ ਹੈ ਕਿ ਬਾਬਾ ਨਾਨਕ ਅਤੇ ਮਰਦਾਨਾ ਇੱਕੋ ਸਿੱਕੇ ਦੇ ਦੋ ਪਹਿਲੂ ਹਨ। ਕਿਉਂਕਿ ਮੱਧਕਾਲ ਸਮੇਂ ਵਿਚ ਜਿੱਥੇ, ਜਾਤਾਂ, ਮਜ਼੍ਹਬਾਂ, ਪਾਖੰਡ, ਫ਼ਿਰਕਾਪ੍ਰਸਤੀ, ਲੁੱਟ, ਬੇਈਮਾਨੀ ਤੇ ਹੋਰ ਕਈ ਅਲਾਮਤਾਂ ਫੈਲੀਆਂ ਹੋਈਆਂ ਸਨ ਤਾਂ ਰੂੜੀ ਵਿਚੋਂ ਕਮਲ ਦੇ ਫੁੱਲ ਉੱਗਣ ਦੀ ਭਾਂਤੀ ਇਸ ਹਨੇਰ-ਗਰਦੀ ਦੀ ਕੜੀ ਵਿਚੋਂ ‘ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਦ ਜਗਿ ਚਾਣਨ ਹੋਇਆ’ ਦਾ ਆਗਮਨ ਹੁੰਦਾ ਹੈ। ਇਹ ਰੌਸ਼ਨ ਚਿਹਰਾ ਸਭ ਤੋਂ ਪਹਿਲਾਂ ਕੂੜ ਪ੍ਰਧਾਨ ਸਮਾਜ ਦੀਆਂ ਕੁਰੀਤੀਆਂ ਦੇ ਮੱਥੇ ’ਚੋਂ ਸਿੱਧਾ ਜਾ ਵੱਜਦਾ ਹੈ। ਅਗਾਂਹ ਤੁਰਦਾ ਹੋਇਆ ਆਪਣੇ ਨਾਲ ਘ੍ਰਿਣਾ ਦੀ ਪਾਤਰ ਬਣ ਚੁੱਕੀ ਨੀਚ ਕਹੀ ਜਾਣ ਵਾਲੀ ਜਾਤ 'ਚੋਂ ਭਾਈ ਮਰਦਾਨੇ ਨੂੰ ਚੁਣਦਾ ਹੈ। ਜਿਸ ਕੋਲ ਸ਼ਬਦ ਹੈ ਸੁਹਜ ਹੈ ਸਾਜ਼ ਹੈ, ਰਸ ਹੈ ਉੱਥੇ ਦੋਵੇਂ ਕਹਿਣੀ ਤੇ ਕਥਨੀ ਤੋਂ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ 'ਚ ਲੈਂਦੇ ਹਨ। ਇਸ ਲਈ ਬਾਬਾ ਨਾਨਕ ਤੇ ਮਰਦਾਨੇ ਨੂੰ ਇੱਕੋ ਸਿੱਕੇ ਦੇ ਦੋ ਪਹਿਲੂ ਕਹਿ ਲਿਆ ਜਾਵੇ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਜਿਵੇਂ :

"ਕਿਧਰੋਂ ਆਏ ਹੋ ?''

"ਆਪਣੇ ਸਾਈਂ ਕੋਲੋਂ।"

"ਕਿਧਰ ਜਾਣਾ।

ਸਾਈਂ ਘਰ?

ਉਹ ਬੁੱਢਾ ਹੌਲੀ ਜਿਹੇ ਉਠੀਆ। ਮੁੱਦਤਾਂ ਬਾਅਦ ਕੋਈ ਮਿਲਿਆ ਸੀ; ਜਿਸਦੇ ਦੋਵੇਂ ਪਾਸੇ ਸਾਈਂ ਸੀ।[6]

ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਵਿਚ ਦੋਸਤੀ, ਗੁਰੂ-ਚੇਲੇ ਦੀ ਭਾਵਨਾ ਦੇ ਨਾਲ-ਨਾਲ ਪਰਿਵਾਰਕ ਮਹੱਤਤਾ ਵੀ ਅਹਿਮ ਰਹੀ ਹੈ। ਕਿਉਂਕਿ ਬਾਬਾ ਨਾਨਕ ਤੇ ਮਰਦਾਨੇ ਦੇ ਸਮਕਾਲ ਸਮੇਂ ਵਿਚ ਸਾਧੂ, ਸੰਤ, ਫ਼ਕੀਰ, ਜੋਗੀ, ਰੱਬ ਦੀ ਪ੍ਰਾਪਤੀ ਲਈ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਨੂੰ ਵਿਸਾਰ ਕੇ ਜੰਗਲਾਂ ਵਿਚ ਚਲੇ ਜਾਂਦੇ ਹਨ ਅਤੇ ਸੰਸਾਰਿਕ ਰਿਸ਼ਤਿਆਂ ਤੋਂ ਮੂੰਹ ਮੋੜ ਲੈਂਦੇ ਹਨ ਤੇ ਬਾਹਰੀ ਕਰਮ-ਕਾਂਡ, ਪਾਖੰਡਾਂ ਵਿਚ ਫਸ ਕੇ ਸੰਤਾਪ ਭੋਗਦੇ ਹਨ। ਉੱਥੇ ਬਾਬਾ ਨਾਨਕ ਤੇ ਮਰਦਾਨਾ ਗ੍ਰਹਿਸਥੀ ਤਿਆਗ ਕੇ ਬਣੇ ਸਾਧੂ, ਸੰਤਾਂ, ਫ਼ਕੀਰਾਂ, ਜੋਗੀਆਂ ਨੂੰ ਗੋਸ਼ਟਾਂ ਰਾਹੀਂ ਪਰਿਵਾਰਕ ਰਿਸ਼ਤਿਆਂ ਪ੍ਰਤੀ ਜਾਗਰੂਕ ਹੀ ਨਹੀਂ ਕਰਦੇ

ਬਲਕਿ ਖ਼ੁਦ ਇਨ੍ਹਾਂ ਅਮਲਾਂ 'ਤੇ ਚੱਲਦੇ ਹੋਏ ਸਮਾਜ ਵਿਚ ਵਿਚਰ ਕੇ ਇਕ ਦੂਜੇ ਦੇ ਪਰਿਵਾਰ ਨਾਲ ਸਮਾਂ ਗੁਜ਼ਾਰਦੇ ਹੋਏ ਪਰਿਵਾਰਕ ਸੰਬੰਧਾਂ ਨੂੰ ਅਹਿਮੀਅਤ ਦਿੰਦੇ ਹਨ। ਬਿਰਤਾਂਤਿਕ ਅਧਿਐਨ ਵਿਚ ਮਾਤਾ ਤ੍ਰਿਪਤਾ, ਮਾਤਾ ਲੱਖੋ, ਦੌਲਤਾਂ ਮਾਸੀ, ਬਾਬਾ ਨਾਨਕ, ਮਰਦਾਨਾ, ਭੈਣ ਨਾਨਕੀ ਸਮਾਜਿਕ ਬੰਧਨਾਂ ਤੋਂ ਉੱਪਰ ਉੱਠ ਕੇ ਇਕ ਪਰਿਵਾਰ ਦੀ ਤਰ੍ਹਾਂ ਸਮਾਜ ਵਿਚ ਵਿਚਰਦੇ ਹਨ।

''ਨਾਂ ਤੂੰ ਕਿਉਂ ਅੱਖਾਂ ਗਿੱਲੀਆਂ ਹੀ ਖੜ੍ਹਾਂ?'' ਅੰਦਰੋਂ ਆਉਂਦੀ ਤ੍ਰਿਪਤਾ ਨੇ ਉਹਦੇ ਮੋਢੇ 'ਤੇ ਹੱਥ ਰੱਖਿਆ।

''ਐਨਾ ਤਾਂ ਉਹ ਮਾਂ ਨਾਲ ਵੀ ਨਹੀਂ ਰਿਹਾ ਜਿੰਨਾ ਤੇਰੇ ਨਾਲ ...।"

''ਬਸ ਅੰਮੀ ਜੀਅ ਨਹੀਂ ਭਰਿਆ ਹਾਲੇ ...।"

ਫਿਰ ਉਹਦੀਆਂ ਨਾਨਕੀ ਨਾਲ ਨਜ਼ਰਾਂ ਮਿਲੀਆਂ। ਜੇ ਭੈਣ ਤੋਂ ਵੀ ਕੰਮੀ ਵੱਡਾ ਰਿਸ਼ਤਾ ਹੁੰਦਾ, ਉਹ ਉਹਦੇ ਨਾਲ ਸੰਬੋਧਨ ਕਰਦਾ। ਪਰ ਉਸੇ ਵੇਲੇ ਤ੍ਰਿਪਤਾ ਦਾ ਚਿਹਰਾ ਉਹਦੇ ਵੱਲ ਝਾਕਿਆ।

"ਉਹ ਤਾਂ ਮਾਂ ਨੂੰ ਛੱਡ ਗਿਆ ... ਭੈਣ ਨੂੰ ਵੀ ਛੱਡ ਗਿਆ ... ਬੱਚਿਆ ਨੂੰ ... ਵੀ"

''ਪਰ ਅੰਮੀ ਮੇਰੇ ਕੋਲ ਤਾਂ ਹੈ ਹੀ ਕੁਝ ਨਹੀਂ ਜੋ ਉਹ ਛੱਡ ਜਾਂਦਾ।''

''ਤੈਨੂੰ ਦੇਖ ਕੇ ਵੀਰ ਦਾ ਝਾਉਲਾ ਪੈਣ ਲੱਗ ਪੈਂਦਾ ...।" ਦੋਵਾਂ ਵਿਚਕਾਰ ਨਾਨਕੀ ਆਈ।

''ਤੂੰ ਅੱਜ ਖ਼ਾਲੀ ਹੱਥ ਆਇਆ।" ਨਾਨਕੀ ਦਾ ਦੂਜਾ ਸੁਆਲ ਸੀ।

"ਹਾਂ...ਭੈਣ ਸ਼ਾਇਦ ਇਸੇ ਲਈ ਆਪਣਾ ਆਪ ਨੀ ਝੱਲਦਾ ...।[7]

ਕੋਈ ਵੀ ਇਕ ਵਿਚਾਰਧਾਰਾ ਵਾਲਾ ਬੰਦਾ ਇਕੱਲੇ ਅਧਿਆਤਮ ਨੂੰ ਛੱਡ ਕੇ ਬਾਕੀ ਸਾਰੀਆਂ ਦੋ ਰਲਵੇਂ ਨਜ਼ਰੀਏ ਤੋਂ ਵੀ ਨਾਨਕ-ਮਰਦਾਨੇ ਦੇ ਸੰਬੰਧਾਂ ਨੂੰ ਪੇਸ਼ ਨਹੀਂ ਕਰ ਸਕਦਾ। ਕਿਉਂਕਿ ਇਹਨਾਂ ਦੋਹਾਂ ਪਾਤਰਾਂ ਨੂੰ ਅਲੱਗ-ਅਲੱਗ ਵਿਚਾਰਧਾਰਾਵਾਂ ਨੇ ਪਹਿਲਾਂ ਹੀ ਟੁਕੜੇ ਕਰਕੇ ਪੇਸ਼ ਕੀਤਾ ਹੈ। ਮੰਡ ਬਿਰਤਾਂਤਿਕ ਅਧਿਐਨ ਦੇ ਸੰਦਰਭ ਵਿਚ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਰਾਹੀਂ ਸਮਕਾਲ ਸਮੇਂ ਦੀਆਂ ਕੁਰੀਤੀਆਂ, ਸਮੱਸਿਆਵਾਂ ਦਾ ਵਿਰੋਧ ਹੀ ਨਹੀਂ ਕਰਦਾ ਬਲਕਿ ਵਰਤਮਾਨ ਦੇ ਉਨ੍ਹਾਂ ਸਾਹਿਤਕਾਰਾਂ, ਲੇਖਕਾਂ ਦੀ ਸੋਚਣੀ 'ਤੇ ਵੀ ਚੋਟ ਮਾਰਦਾ ਹੈ ਜਿਨ੍ਹਾਂ ਨੇ ਧਾਰਮਿਕ ਕੱਟੜਤਾ ਨੂੰ ਮੁੱਖ ਰੱਖਦੇ ਹੋਏ ਬਾਬੇ ਨਾਨਕ ਨੂੰ ਸਿੱਖ ਇਤਿਹਾਸ ਨਾਲ ਅਤੇ ਮਰਦਾਨੇ ਨੂੰ ਮੁਸਲਮਾਨ ਇਤਿਹਾਸ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਸ ਤੰਗ ਸੋਚ ਨੇ ਮਰਦਾਨੇ ਪਰ ਮਹਾਨ ਨਾਇਕ ਨੂੰ ਕੁਝ ਸੀਮਤ ਕਰਕੇ ਰੱਖ ਦਿੱਤਾ ਹੈ। ਮੰਡ ਇਨ੍ਹਾਂ ਮਿੱਥਾਂ ਨੂੰ ਤੋੜਦਾ ਹੋਇਆ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਨੂੰ ਕਿਸੇ ਮਜ਼੍ਹਬ, ਜਾਤ ਨਾਲ ਨਹੀਂ ਜੋੜਦਾ ਬਲਕਿ ਮਨੁੱਖਤਾ ਦੀ ਭਲਾਈ ਲਈ ਆਏ ਇਨ੍ਹਾਂ ਮਹਾਂਪੁਰਸ਼ਾਂ ਨੂੰ ਦੋ ਰੂਹਾਂ ਇਕ ਜਾਨ ਦੇ ਰੂਪ ਵਿਚ ਪੇਸ਼ ਕਰਦਾ ਹੋਇਆ ਸਮੁੱਚੀ ਮਨੁੱਖਤਾ ਨੂੰ ਸੁਚੇਤ ਕਰਦਾ ਹੈ ਕਿ ਬਾਬਾ ਨਾਨਕ ਤੇ ਮਰਦਾਨੇ ਦਾ ਕੋਈ ਰਿਸ਼ਤਾ ਨਹੀਂ ਹੈ ਕਿਉਂਕਿ ਰਿਸ਼ਤਾ ਸੰਸਾਰਿਕ ਹੁੰਦਾ ਹੈ ਤੇ ਮਰਦਾਨਾ ਬਾਬੇ ਨਾਨਕ ਦਾ ਅੰਗ ਹੈ ਜੋ ਨਾਨਕ ਵਿਚ ਹੀ ਲੁਪਤ ਹੋ ਗਿਆ ਹੈ:

''ਬੱਚਾ ਬਾਬੇ ਦਾ ਚੋਗ਼ਾ ਫੜ ਪਰੇ ਹੋ ਗਿਆ। ਉਹਨੂੰ ਪਿੱਛੇ ਖੜ੍ਹਾ ਮਰਦਾਨਾ ਦਿਸਿਆ, ਉਹਨੇ ਬੜੀ ਉਤਸੁਕਤਾ ਨਾਲ ਪੁੱਛਿਆ ਜਿਵੇਂ ਬਾਬੇ ਨੂੰ ਉਹ ਪਹਿਲਾਂ ਹੀ ਜਾਣਦਾ ਹੋਵੇ।

"ਆ ... ਆਹ ... ਭਾਈ ਦੂਜਾ ਭਾਈ ਕੌਣ ਏ ?''

ਮਰਦਾਨੇ ਦਾ ਅੰਦਰੋਂ ਦਿਲ ਧੜਕਿਆ। ਬੱਚੇ ਵੱਲ ਵੇਖ ਕੇ ਮੁਸਕਰਾਉਣ ਦੀ ਕੋਸ਼ਿਸ਼ ਵੀ ਕੀਤੀ। ਬਾਕੀ ਸਾਰੇ ਬੱਚੇ ਵੀ ਮਰਦਾਨੇ ਵੱਲ ਜਗਿਆਸਾ ਨਾਲ ਵੇਖ ਰਹੇ ਸਨ। ਉਹ ਆਪ ਕਿਵੇਂ ਉੱਤਰ ਦੇਵੇ?

"ਬੁੱਝੋ ਖਾਂ ਕੌਣ ਏ?" ਬਾਬੇ ਦੀ ਆਵਾਜ਼ ਸੁਣੀ।

''ਅਸੀਂ ਕਿਵੇਂ ਬੁੱਝੀਏ ਇਹ ਤਾਂ ਤੁਹਾਡੇ ਵਰਗਾ ਹੀ ਹੈ।'' ਬਹੁਤੇ ਬੱਚਿਆਂ ਦੇ ਕੋਮਲ ਹੱਥ ਬਾਬੇ ਦੇ ਚੋਗ਼ੇ ਨੂੰ ਜਾ ਛੂਹੇ।

"ਤੁਸੀਂ ਬੁਝ ਲਿਆ ...।''[8]

ਬਿਰਤਾਂਤਿਕ ਅਧਿਐਨ ਦੇ ਸੰਦਰਭ ਵਿਚ ਬਾਬਾ ਨਾਨਕ ਤੇ ਮਰਦਾਨਾ ਉਦਾਸੀਆਂ, ਗੋਸ਼ਟਾਂ ਅਤੇ ਯਾਤਰਾਵਾਂ ਦੌਰਾਨ ਜਿੱਥੇ ਸਮੁੱਚੀ ਮਾਨਵਤਾ ਨੂੰ ਸਮਾਜ ਵਿਚ ਪਰਤਣ

ਲਈ ਸੰਦੇਸ਼ ਦਿੰਦੇ ਹਨ। ਕਿਉਂਕਿ ਉਸ ਸਮੇਂ ਹਰ ਧਰਮ, ਹਰ ਵਰਗ ਆਪਣੀ ਸਮਾਜਿਕ ਮਹੱਤਤਾ ਗਵਾ ਚੁੱਕਿਆ ਸੀ। ਜਿਸ ਕਾਰਨ ਸਮੁੱਚੇ ਸਮਾਜ ਦੀ ਸਥਿਤੀ ਡਾਵਾਂਡੋਲ ਸੀ, ਉੱਥੇ ਬਾਬਾ ਨਾਨਕ ਤੇ ਮਰਦਾਨਾ ਇਨ੍ਹਾਂ ਸਮਾਜਿਕ ਸਥਿਤੀਆਂ ਦੇ ਨਾਲ ਲੜਦੇ ਹੋਏ ਸਾਧੂ, ਸੰਤਾਂ, ਫ਼ਕੀਰਾਂ ਦੀ ਤਰ੍ਹਾਂ ਗ੍ਰਹਿਸਥੀ ਨੂੰ ਨਹੀਂ ਤਿਆਗਦੇ ਬਲਕਿ ਸਮਾਜ ਵਿਚ ਵਿਚਰਦੇ ਪਰਿਵਾਰਿਕ ਤੇ ਸਮਾਜਿਕ ਰਿਸ਼ਤਿਆਂ ਨੂੰ ਪੂਰੀ ਮਹੱਤਤਾ ਦਿੰਦੇ ਹੋਏ ਇਕ ਦੂਜੇ ਦੇ ਪਰਿਵਾਰ ਦੀ ਖੈਰ-ਸੁੱਖ ਪੁੱਛਦੇ ਹਨ ਅਤੇ ਕਈ ਵਾਰ ਬਾਬਾ ਅਚਾਨਕ ਸੰਬੰਧਾਂ ਨੂੰ ਉਜਾਗਰ ਕਰਦਾ ਹੋਇਆ ਮਰਦਾਨੇ ਨੂੰ ਪਰਿਵਾਰ ਦੀ ਖ਼ੈਰ-ਸੁੱਖ ਲੈਣ ਲਈ ਭੇਜਦਾ ਹੈ।

''ਸਜਾਦਾ ਰਜਾਦਾ ਖੇਡ ਰਹੇ ਸਨ ... ਮਰਦਾਨਿਆ?''

ਹਾਂ ... ਬਾਬਾ ...।

ਅੰਮੀ ਅੱਬਾ ਦੀ ਰਹ ਰਾਹੀਂ ਏ ... ।''

ਹਾਂ ... ਬਾਬਾ ...।

''ਬਾਬਾ ਸਿਰੀ ਚੰਦ ਤੇ ਲਖਮੀ ਦਾਸ ਹੁਣ ਸੰਧਿਆ ਲੈਣ ਲੱਗ ਪਏ ਨੇ।"

ਇਸ ਵਾਰੀ ਵੀ ਮਰਦਾਨੇ ਨੂੰ ਆਪ ਹੀ ਅੱਗੇ ਤੁਰਨਾ ਪਿਆ।

"ਮਾਤਾ ਬਹੁਤ ਯਾਦ ਕਰਦੀ ਸੀ। ਛੋਟੀ ਮਾਤਾ ਨੇ ਅੱਖਾਂ ਭਰ ਲਈਆਂ ਸਨ।''

"ਬਾਬਾ ਇਕ ਵਾਰ ਤਲਵੰਡੀ ਨਾ ਚੱਲੀਏ।''[9]

ਨਾਵਲ 'ਬੋਲ ਮਰਦਾਨਿਆ' ਵਿਚ ਧਾਰਮਿਕ, ਸਮਾਜਿਕ ਕੱਟੜਤਾ ਤੋਂ ਉੱਪਰ ਉੱਠ ਕੇ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਨੂੰ ਗੁਰੂ-ਚੇਲਾ, ਹਮਸਫ਼ਰ, ਦੋਸਤ ਦੇ ਰੂਪ ਵਿਚ ਪੇਸ਼ ਕਰਨ ਦੇ ਨਾਲ-ਨਾਲ ਨਾਵਲਕਾਰ ਨੇ ਮਰਦਾਨੇ ਨੂੰ ਬਾਬਾ ਨਾਨਕ ਦਾ ਅੰਗ ਕਿਹਾ ਹੈ। ਜੋ ਨਾਨਕ ਵਿਚ ਹੀ ਲੁਪਤ ਹੋ ਗਿਆ ਹੈ। ਜੋ ਬਾਬੇ ਨਾਨਕ ਦੀ ਸ਼ਖ਼ਸੀਅਤ ਉੱਪਰ ਚੱਲਦਾ ਹੋਇਆ ਇਕ ਜਿਗਿਆਸੂ, ਗਿਆਨੀ ਦੇ ਰੂਪ ਵਿਚ ਸਮਾਜ ਵਿਚ ਫੈਲੀ ਹਰ ਸਮੱਸਿਆ, ਕਠਨਾਈ ਦਾ ਸਮਾਧਾਨ ਕਰਨ ਲਈ ਆਵਾਜ਼ ਉਠਾਉਂਦਾ ਹੈ। ਇਸ ਸਭ ਦਾ ਕਾਰਨ ਬਾਬੇ ਨਾਨਕ ਦੇ ਸਾਥ ਤੇ ਸੰਗਤ ਦਾ ਪ੍ਰਭਾਵ ਹੈ। ਜੋ ਖ਼ੁਦ ਨੂੰ ਤੇ ਮਰਦਾਨੇ ਨੂੰ ਸਾਧਾਰਨ ਤੇ ਆਮ ਲੋਕਾਂ ਦੀ ਪਹੁੰਚ ਵਾਲਾ ਬਣਾ ਕੇ ਪੇਸ਼ ਕਰਦਾ ਹੈ।

'ਬੋਲ ਮਰਦਾਨਿਆ' ਨਾਵਲ ਬਾਬਾ ਨਾਨਕ ਤੇ ਮਰਦਾਨੇ ਦੇ ਸੰਬੰਧਾਂ ਵਿਚੋਂ ਉਪਜੀ ਸੁਹਜ ਭਰਪੂਰ ਸੂਝ ਦਾ ਕ੍ਰਿਸ਼ਮਾ ਹੈ ਜਿਸ ਅੰਦਰ ਬਾਬਾ ਨਾਨਕ ਤੇ ਸਾਥੀ ਮਰਦਾਨੇ ਨੂੰ ਬਹੁਤ ਹੀ ਨੇੜੇ ਤੋਂ ਦੇਖਿਆ ਤੇ ਵਿਚਾਰਿਆ ਗਿਆ ਹੈ। ਜਿੱਥੇ ਬਾਬਾ ਨਾਨਕ ਤੇ ਮਰਦਾਨੇ ਦਾ ਜੀਵਨ ਅਧਿਆਤਮਕ ਯਥਾਰਥ ਰੂਪ 'ਚ ਸਾਡੇ ਸਾਹਮਣੇ ਆਦਰਸ਼ਕ ਸਥਾਪਿਤ ਹੁੰਦਾ ਹੈ। ਜਿੱਥੇ ਬਾਬੇ ਦੀ ਬਾਣੀ ਤੇ ਮਰਦਾਨੇ ਦੀ ਰਬਾਬ ਸਪੱਸ਼ਟ ਕਰਦੀ ਹੈ ਕਿ ਮਨੁੱਖੀ ਜੀਵਨ ਦਾ ਮਾਰਗ ਪੰਧ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਦੀ ਵਾਸਤਵਿਕਤਾ ਨੂੰ ਹਰ ਇਕ ਪੀੜ੍ਹ ਪਛਾਣਦੀ ਤਾਂ ਹੈ ਪਰ ਅਮਲ ਤੋਂ ਦੂਰ ਹੁੰਦੇ ਹੋਏ ਸਮਾਜ ਵਿਚ ਫੈਲ ਰਹੀਆਂ ਬੁਰਾਈਆਂ, ਕੁਰੀਤੀਆਂ ਦਾ ਵਿਰੋਧ ਨਹੀਂ ਕਰਦੀ ਬਲਕਿ ਚੁੱਪਚਾਪ ਸਮਾਜ ਵਿਚ ਵਿਚਰਦੇ ਹੋਏ ਸੰਤਾਪ ਭੋਗਦੀ ਹੈ। ਉੱਥੇ ਬਾਬਾ ਨਾਨਕ ਤੇ ਮਰਦਾਨਾ ਸਮਾਜ ਵਿਚ ਵਿਚਰਦੇ ਹੋਏ ਹਰ ਪੱਖ ਤੋਂ ਇਨ੍ਹਾਂ ਬੁਰਾਈਆਂ, ਕੁਰੀਤੀਆਂ ਦਾ ਵਿਰੋਧ ਕਰਦੇ ਹਨ।

**ਹਵਾਲੇ ਤੇ ਟਿੱਪਣੀਆਂ**


1. ਜਸਬੀਰ ਮੰਡ, ਬੋਲ ਮਰਦਾਨਿਆ, ਪੰਨਾ 10
2. ਡਾ. ਸੁਰਜੀਤ ਸਿੰਘ ਪੰਛੀ, ਮਨੁੱਖਤਾ ਦੇ ਹਾਮੀ ਗੁਰੂ ਸਾਹਿਬਾਨ ਤੇ ਮੁਸਲਮਾਨ, ਪੰਨਾ 56
3. ਜਸਬੀਰ ਮੰਡ, ਬੋਲ ਮਰਦਾਨਿਆ, ਪੰਨਾ 26
4. ਉਹੀ, ਪੰਨਾ 42
5. ਪ੍ਰੋ. ਕਿਸ਼ਨ ਸਿੰਘ, ਗੁਰਬਾਣੀ ਦਾ ਸੱਚ, ਪੰਨਾ 97
6. ਜਸਬੀਰ ਮੰਡ, ਬੋਲ ਮਰਦਾਨਿਆ, ਪੰਨਾ 51
7. ਉਹੀ, ਪੰਨਾ 5
8. ਉਹੀ, ਪੰਨਾ 215
9. ਉਹੀ, ਪੰਨਾ 58



ਪਿੰਡ ਤੇ ਡਾਕ-ਹੈਬੂਆਣਾ, ਤਹਿ-ਮੰਡੀ ਡਬਵਾਲੀ,
ਜ਼ਿਲ੍ਹਾ-ਤਹਿਸੀਲ (ਹਰਿਆਣਾ)-125104
97790-09068

# ਰਿਸ਼ਤੇ ਤੇ ਅਸੀਂ

ਬਲਜਿੰਦਰ ਸਿੰਘ ਸੰਧੂ



ਫਿਕਰਾਂ, ਧੋਖਿਆਂ ਤੇ ਸ਼ਿਕਾਇਤਾਂ ਵਿਚ ਬੀਤਦੀ ਜ਼ਿੰਦਗੀ ਦਾ ਜਦ ਕੋਈ ਹੰਨਾ-ਬੰਨਾ ਨਹੀਂ ਦਿੱਸਦਾ ਤਾਂ ਬੰਦਾ ਰਿਸ਼ਤਿਆਂ ਦੀ ਗਲਵੱਕੜੀ ਵਿਚ ਸਿਰ ਲੁਕੋ ਕੇ ਚਲਦੇ ਸਾਹਾਂ ਨੂੰ ਰਵਾਨਗੀ ਦੇਣ ਦਾ ਅਸਫ਼ਲ ਯਤਨ ਕਰਦਾ ਹੈ। ਹਮੇਸ਼ਾਂ ਅੱਗੇ ਵੱਧਦੇ ਰਹਿਣ ਦਾ ਸੰਕਲਪ ਉਪਜਾਉਂਦੇ ਬੰਦੇ ਨੂੰ ਬੜੀ ਦੇਰ ਬਾਅਦ ਇਹ ਸਮਝ ਪੈਂਦਾ ਹੈ ਕਿ ਰਿਸ਼ਤਿਆਂ ਦੀ ਉਹ ਬੁੱਕਲ ਜਿਸ ਵਿਚ ਸਿਰ ਲੁਕਿਆ ਜਾ ਸਕਦਾ ਸੀ, ਉਹ ਉਸ ਤੋਂ ਕੋਹਾਂ ਦੂਰੀ ’ਤੇ ਹੈ ਤੇ ਫਿਰ ਬੰਦਾ ਇਕੱਲ ਦਾ ਸੰਤਾਪ ਹੰਢਾਉਣ ਨੂੰ ਹੀ ਆਪਣੀ ਹੋਣੀ ਸਮਝ ਬੈਠਦਾ ਹੈ।

ਅੱਜ ਦੇ ਸਮੇਂ ਦੇ ਹਾਲਾਤਾਂ ਕਾਰਨ ਸਾਡੇ ਆਮ ਜੀਵਨ ਵਿਚ ਆਈ ਤਬਦੀਲੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ ਅਸੀਂ ਅਸਲ ਰਿਸ਼ਤਿਆਂ ਦੀ ਪਛਾਣ ਨਹੀਂ ਕਰ ਸਕੇ, ਜਿਸ ਕਾਰਨ ਅੱਜ ਦਾ ਮਨੁੱਖ ਮਹਿੰਗੇ ਘਰਾਂ ਦੀ ਚਾਰ-ਦੀਵਾਰੀ ਵਿਚ ਵੀ ਖ਼ੁਦ ਨੂੰ ਕੈਦ ਸਮਝਦਾ ਹੋਇਆ, ਇਕੱਲ ਤੋਂ ਪਿੱਛਾ ਛੁਡਾਉਣ ਲਈ ਆਤਮ-ਹੱਤਿਆ ਜਿਹੇ ਕਾਰਨਾਮਿਆਂ ਨੂੰ ਅੰਜਾਮ ਦੇ ਕੇ ਖ਼ੁਦ ਨੂੰ ਸੰਤੁਸ਼ਟ ਹੋਇਆ ਮੰਨਣ ਦਾ ਯਤਨ ਕਰਦਾ ਹੈ।

ਪਹਿਲਾਂ-ਪਹਿਲ ਬਚਪਨ ਦੇ ਰਿਸ਼ਤੇ, ਸਮਾਜਿਕ ਸੂਝ ਆਉਣ ’ਤੇ ਸਾਨੂੰ ਸਵਾਰਥੀ ਲੱਗਣ ਲੱਗ ਪੈਂਦੇ ਹਨ। ਇਸ ਤਰ੍ਹਾਂ ਅਸਲ ਸਮਾਜਿਕ ਜ਼ਿੰਦਗੀ ਦੀ ਲੜਾਈ ਵਿਚ ਅਸੀਂ ਹੌਲੀ-ਹੌਲੀ ਸਵਾਰਥੀ ਰਿਸ਼ਤੇ ਉਪਜਾਉਂਦੇ ਜਾਂਦੇ ਹਾਂ ਤੇ ਅਖੀਰ ਅਸੀਂ ਖ਼ੁਦ ਨੂੰ ਇਹ ਵਿਸ਼ਵਾਸ਼ ਦਿਵਾਉਣਾ ਸ਼ੁਰੂ ਕਰ ਦਿੰਦੇ ਹਾਂ ਕਿ ਸਾਡੇ ਆਲੇ-ਦੁਆਲੇ ਪਾਇਆ ਜਾਣ ਵਾਲਾ ਹਰੇਕ ਰਿਸ਼ਤਾ ਸਵਾਰਥੀ ਹੈ ਤੇ ਅਸੀਂ ਇਸੇ ਸੰਕਲਪ ਹੇਠ ਰਿਸ਼ਤੇ ਉਪਜਾ ਕੇ ਖ਼ੁਦ ਹੀ ਉਹਨਾਂ ਨੂੰ ਖ਼ਤਮ ਕਰਕੇ ਇਹ ਇਲਜ਼ਾਮ ਹੋਰਾਂ ਉੱਪਰ ਥੋਪਣ ਦਾ ਯਤਨ ਕਰਦੇ ਹਾਂ ਕਿ ਸਮਾਜ ਦਾ ਹਰ ਸ਼ਖ਼ਸ ਸਵਾਰਥੀ, ਕੋਝਾ ਤੇ ਨੀਚ ਹੈ।

ਬੇਸ਼ੱਕ ਮਨੁੱਖ ਪੜ੍ਹਿਆ-ਲਿਖਿਆ ਤੇ ਗੁਣਾਂ ਵਾਲਾ ਹੈ, ਪਰ ਉਸਨੇ ਜਦੋਂ-ਜਦੋਂ ਆਪਣੀ ਕਿਤਾਬੀ ਸੂਝ ਨੂੰ ਅਮਲੀ ਰਿਸ਼ਤਿਆਂ ਉੱਪਰ ਥੋਪਣ ਦਾ ਯਤਨ ਕੀਤਾ ਹੈ, ਉਦੋਂ-ਉਦੋਂ ਹੀ ਉਹ ਇਹਨਾਂ ਵਿਚ ਦੂਰੀਆਂ, ਦਰਾੜਾਂ ਤੇ ਤਰੇੜਾਂ ਬਣਾਉਂਦਾ ਆਇਆ ਹੈ। ਇਹ ਜ਼ਰੂਰੀ ਨਹੀਂ ਕਿ ਕਿਤਾਬੀ ਜ਼ਿੰਦਗੀ ਵਿਚ ਲਿਖਿਆ ਗਿਆ ਹਰ ਸੱਚ ਤੁਹਾਡੀ ਅਸਲ ਜ਼ਿੰਦਗੀ ਨਾਲ ਮੇਲ ਖਾਂਦਾ ਹੋਵੇ। ਇਸ ਕਰਕੇ ਹਰ ਪੱਖੋਂ ਭਰਿਆ ਹੋਇਆ ਤੇ ਮਾਨਸਿਕ ਰੂਪ ਵਿਚ ਊਣਾ ਮਨੁੱਖ ਇਕੱਲਵਾਂਝੀ ਜਿਹੀ ਜ਼ਿੰਦਗੀ ਜਿਊਣ ਦੇ ਲਈ ਮਜਬੂਰ ਹੈ। ਇਸ ਤਰ੍ਹਾਂ ਘਰਾਂ ਦੀਆਂ ਦੀਵਾਰਾਂ ਤੋ ਹੋਰ ਸਾਜ਼ੋ-ਸਾਮਾਨ ਸਾਡੀ ਹੀ ਮੌਤ ਦਾ ਸਬੱਬ ਹੋ ਨਿਬੜਦਾ, ਜਿਸ ਨੂੰ ਅਸੀਂ ਖ਼ੁਦ ਮਿਹਨਤ ਕਰਕੇ ਉਪਜਾਉਣ ਦੇ ਲਈ ਤਤਪਰਤਾ ਦਿਖਾਈ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਅਸੀਂ ਅੱਜ ਦੇ ਸਮੇਂ ਵਿਚ ਵਧੇਰੇ ਇਕੱਲੇ, ਥੁੜੇ ਹੋਏ ਤੇ ਹਮੇਸ਼ਾਂ ਚਿੰਤਾਤੁਰ ਹਾਂ। ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਸੀਂ ਅੱਜ ਦੇ ਸਮੇਂ ਵਿਚ ਵਧੇਰੇ ਆਧੁਨਿਕ ਤੇ ਤੇਜ਼-ਤਰਾਰ ਹਾਂ। ਸਮੇਂ ਦੀਆਂ ਸਾਰੀਆਂ ਸੁੱਖ-ਸਹੂਲਤਾਂ ਹੋਣ ਦੇ ਬਾਵਜੂਦ ਵੀ ‘ਜ਼ਿੰਦਗੀ ਦੀ ਰੇਲ’ ਦੀ ਉਸ ਪਟੜੀ ਉੱਪਰ ਚਲਦੇ ਹਾਂ ਜਿਸ ਦਾ ਨਾ ਤਾਂ ਕੋਈ ਸ਼ਟੇਸ਼ਨ ਤੇ ਨਾ ਹੀ ਕੋਈ ਮੇਲ।

ਸਾਡੀ ਜ਼ਿੰਦਗੀ ਦਾ ਜ਼ੋਰ ਵਧੇਰੇ ਕਰਕੇ ਉਹਨਾਂ ਚੀਜ਼ਾਂ ਨੂੰ ਜੋੜਨ ਵਿਚ ਲੱਗਾ ਰਹਿੰਦਾ ਹੈ ਜੋ ਨਾ ਤਾਂ ਬੋਲਦੀਆਂ ਹਨ ਤੇ ਨਾ ਕੋਈ ਹਾਵ-ਭਾਵ ਪ੍ਰਗਟ ਕਰਦੀਆਂ ਹਨ। ਪਿਆਰ ਦੇ ਮੁਜੱਸਮਿਆਂ ਤੇ ਭਾਵਾਂ ਦੇ ਪ੍ਰਗਟਾਅ ਦੇ ਸੋਮੇ ਰਿਸ਼ਤਿਆਂ ਨੂੰ ਜੋੜਨ ਵੱਲ ਅਸੀਂ ਕਤਈ ਧਿਆਨ ਨਹੀਂ ਦਿੰਦੇ। ਇਹ ਗੱਲ ਸਾਡੇ ਉਦੋਂ ਸਮਝ ਪੈਂਦੀ ਹੈ ਜਦੋਂ ਪਾਣੀ ਸਿਰ ਉੱਪਰੋਂ ਲੰਘ

ਚੁੱਕਾ ਹੁੰਦਾ ਹੈ। ਇਸ ਤਰ੍ਹਾਂ ਸਮਝ ਆਉਣ 'ਤੇ ਬੰਦਾ ਖੁਦ ਨੂੰ ਲਵਾਰਿਸ ਲਾਸ਼ ਬਣਾ ਕੇ ਇੱਥੋਂ ਰੁਖ਼ਸਤੀ ਲੈ ਲੈਂਦਾ ਹੈ।

ਇੱਥੋਂ ਤੱਕ ਕਿ ਅਖ਼ੀਰੀ ਸਮੇਂ ਵਿਚ ਵੀ ਸਾਡੀਆਂ ਜੋੜੀਆਂ ਹੋਈਆਂ ਚੀਜ਼ਾਂ, ਪੈਸਾ, ਸਾਧਨ ਆਦਿ ਕੰਮ ਨਹੀਂ ਆਉਂਦੇ। ਕਫ਼ਨ ਪਾਉਣ ਲਈ ਵੀ ਰਿਸ਼ਤਿਆਂ ਦੀ ਲੋੜ ਪੈਂਦੀ ਹੈ। ਅਕਸਰ ਕਿਹਾ ਜਾਂਦਾ ਹੈ ਕਿ ਬੰਦਾ ਇੱਥੋਂ ਕੁਝ ਨਹੀਂ ਲੈ ਕੇ ਜਾਂਦਾ, ਪਰ ਸੱਚ ਜਾਣਨਾ ਬੰਦਾ ਇੱਥੋਂ ਰਿਸ਼ਤੇ ਜ਼ਰੂਰ ਲੈ ਕੇ ਜਾਂਦਾ ਹੈ, ਜਿਨ੍ਹਾਂ ਨੂੰ ਉਸ ਨੇ ਹਰ ਵੇਲੇ ਸਵਾਰਥੀ ਤੇ ਖਰੇ ਨਾ ਉਤਰਨਾ ਸਮਝਿਆ ਹੋਇਆ ਹੁੰਦਾ ਹੈ।

ਬੇਸ਼ੱਕ ਅੱਗੇ ਵੱਧਣਾ ਲਾਜ਼ਮੀ ਹੈ ਤੇ ਸਾਧਨਾਂ ਦੀ ਲੋੜ ਸਾਡਾ ਲਾਲਚ ਬਣ ਗਿਆ ਹੈ, ਪਰ ਸਾਨੂੰ ਇਹ ਹਰਜ਼ਿਗ ਨਹੀਂ ਭੁੱਲਣਾ ਚਾਹੀਦਾ ਕਿ ਇਕੱਲੇ ਰਿਸ਼ਤੇ ਹੀ ਹਨ ਜਿਨ੍ਹਾਂ ਦੀ ਥੋੜ੍ਹ ਸਾਨੂੰ ਮਾਨਸਿਕ ਰੂਪ ਵਿਚ ਊਣਾ ਕਰ ਦਿੰਦੀ ਹੈ ਤੇ ਜਿਨ੍ਹਾਂ ਤੋਂ ਬਿਨਾਂ ਅਸੀਂ ਇਸ ਸਮਾਜ ਤੋਂ ਅਖ਼ੀਰੀ-ਵੇਲੇ ਵੀ ਤਾਂਘਦੀਆਂ ਨਜ਼ਰਾਂ ਨਾਲ ਤੱਕਦੇ ਰਹਿੰਦੇ ਹਾਂ।

ਆਧੁਨਿਕਤਾ ਦੇ ਦੌਰ ਵਿਚ ਸਕਰੀਨੀ-ਜ਼ਿੰਦਗੀ ਵਿਚ ਫਸਿਆ ਬੰਦਾ ਧੋਖਾਧੜੀ ਤੇ ਫਰੇਬੀ ਰਿਸ਼ਤਿਆਂ ਦੀ ਗੰਢ ਨੂੰ ਮਜ਼ਬੂਤ ਕਰਦਾ ਚਲਿਆ ਜਾਂਦਾ ਹੈ ਤੇ ਇਸ ਤਰ੍ਹਾਂ ਈਮਾਨਦਾਰੀ ਦਾ ਸਬੱਬ ਸਾਡੇ ਤੋਂ ਕੋਹਾਂ ਦੂਰ ਹੋਈ ਜਾਂਦਾ ਹੈ। ਸਾਡਾ ਆਲਾ-ਦੁਆਲਾ ਸਾਨੂੰ ਇਹ ਮਨਵਾਉਣ ਲਈ ਮਜਬੂਰ ਕਰਦਾ ਹੈ ਕਿ ਈਮਾਨ, ਅਸਲ ਤੇ ਸੱਚਾਈ ਇਸ ਸਮਾਜ ਦਾ ਹਿੱਸਾ ਹੀ ਨਹੀਂ ਹਨ। ਇਸ ਤਰ੍ਹਾਂ ਆਧੁਨਿਕ ਪੀੜ੍ਹੀ ਦਾ ਦੌਰ ਹੋਰ ਵੀ ਤ੍ਰਾਸਦੀ ਭਰਿਆ ਹੋਇਆ ਹੈ।

ਸਾਡੇ ਆਮ ਘਰਾਂ ਦੀ ਰਹਿਣੀ-ਬਹਿਣੀ ਵਿਚ ਆ ਰਿਹਾ ਬਦਲਾਅ ਸਾਨੂੰ ਅੰਦਰੂਨੀ ਰੂਪ ਵਿਚ ਵਧੇਰੇ ਖੋਖਲਾ ਕਰਨ ਵਿਚ ਸਹਾਈ ਹੋ ਰਿਹਾ ਹੈ। ਬੇਸ਼ੱਕ ਸਮਾਜ ਦੇ ਵੱਖ-ਵੱਖ ਪਹਿਲੂਆਂ ਜਿਵੇਂ ਆਰਥਿਕ ਪਾੜੇ, ਰਾਜਨੀਤਿਕ ਜੱਦੋ-ਜਹਿਦ, ਧਾਰਮਿਕ ਖ਼ਲਜਗਣ ਆਦਿ ਵਿਚ ਕਿਧਰੇ ਵੀ ਵਿਚਾਰਧਾਰਾਵਾਂ ਦਾ ਸੁਮੇਲ ਨਹੀਂ ਹੈ, ਪਰ ਇੱਕ ਪਰਿਵਾਰਿਕ ਜ਼ਿੰਦਗੀ ਵਿਚ ਇਹਨਾਂ ਦੀ ਸੁਮੇਲਤਾ ਬਣਾ ਕੇ ਰੱਖਣੀ ਉਨੀ ਹੀ ਜ਼ਰੂਰੀ ਹੈ ਜਿੰਨਾ ਚਲਦੇ ਸਾਹਾਂ ਨੂੰ ਕਾਇਮ ਰੱਖਣ ਲਈ ਸਾਨੂੰ ਆਕਸੀਜਨ ਦੀ ਜ਼ਰੂਰਤ ਪੈਂਦੀ ਹੈ। ਘਰਾਂ ਦੀਆਂ ਦੀਵਾਰਾਂ ਉਨੀ ਦੇਰ ਘਰ ਦੇ ਰੂਪ ਵਿਚ ਵਿਚਰਦੀਆਂ ਹਨ ਜਿੰਨੀ ਦੇਰ ਤੱਕ ਇਹਨਾਂ ਦੀਵਾਰਾਂ ਦੀ ਵਲਗਣ ਵਿਚ ਵਸਦੇ ਰਿਸ਼ਤਿਆਂ ਵਿਚ ਵਧੇਰੇ ਠਰੰਮਾ, ਧੀਰਜ, ਆਦਰ ਤੇ ਭਾਵਾਂ ਦੇ ਪ੍ਰਗਟਾਉਣ ਦੇ ਮਿਆਰ ਵਿਚ ਸੁਮੇਲਤਾ ਬਣੀ ਰਹਿੰਦੀ ਹੈ। ਜਦੋਂ ਕਿਧਰੇ ਵੀ ਇਹਨਾਂ ਦੀ ਰਵਾਨਗੀ ਭੰਗ ਹੋ ਜਾਂਦੀ ਹੈ ਤਾਂ ਇਹੀ ਰਿਸ਼ਤੇ ਬੰਦੇ ਨੂੰ ਖਾਣ ਨੂੰ ਆਉਂਦੇ ਹਨ ਤੇ ਬੰਦਾ ਇਹਨਾਂ ਵਿਚ ਹੀ ਕਿਧਰੇ ਖ਼ੁਦ ਨੂੰ ਦਫ਼ਨ ਕਰ ਦਿੰਦਾ ਹੈ। ਜਿਸ ਕਾਰਨ ਇਕ ਵਿਸ਼ੇਸ਼ ਵਿਅਕਤੀ ਦਾ ਚੁੱਕਿਆ ਹੋਇਆ ਕੋਈ ਵੀ ਕਦਮ, ਇਨਸਾਨ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਘੁਣ ਵਾਂਗ ਖਾ ਜਾਂਦਾ ਹੈ।

ਮਨੁੱਖੀ ਜ਼ਿੰਦਗੀ ਵਿਚ ਇਹ ਜ਼ਰੂਰੀ ਹੀ ਨਹੀਂ ਬਲਕਿ ਬੇਹੱਦ ਜ਼ਰੂਰੀ ਹੈ ਕਿ ਪਹਿਲਾਂ ਰਿਸ਼ਤਿਆਂ ਦੀ ਡੀਲ-ਡੌਲਤਾ ਵੱਲ ਧਿਆਨ ਦਿੱਤਾ ਜਾਵੇ ਤਾਂ ਜੋ ਰਿਸ਼ਤੇ ਸਾਡੀ ਜ਼ਿੰਦਗੀ ਨੂੰ ਵਧੇਰੇ ਨਿਰਮਾਣਤਾ ਤੇ ਸੰਤੁਸ਼ਟਤਾ ਵਿਚ ਲਿਜਾ ਕੇ ਸਾਡੀ ਸਮਾਜਿਕ ਜ਼ਿੰਦਗੀ ਨੂੰ ਵਧੇਰੇ ਸੁਖਦਾਈ ਬਣਾ ਸਕਣ। ਸਮੇਂ ਦੀ ਚਾਲ ਵਿਚ ਵਧੇਰੇ ਅੜ੍ਹਬ ਬਣੇ ਮਨੁੱਖ ਨੂੰ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਅਰੋਗਤਾ ਤੇ ਉਹਨਾਂ ਨੂੰ ਇਕੱਲੇਪਣ ਤੋਂ ਬਚਾਉਣ ਲਈ ਰਿਸ਼ਤਿਆਂ ਦੀ ਵਧੇਰੇ ਪੀਡੀ ਗੰਢ ਨੂੰ ਆਸਾਨ ਤੇ ਸੁੱਖਦਾਈ ਬਣਾਉਣਾ ਹੋਵੇਗਾ।

ਲੈਕਚਰਾਰ (ਸੋਸ਼ਿਆਲਜੀ)
ਪੰਜਾਬ ਸਕੂਲ ਸਿੱਖਿਆ ਬੋਰਡ
94789-00076

**ਰਿਸ਼ਤੇ ਕੱਚੇ ਕੋਠਿਆਂ ਵਰਗੇ ਹੁੰਦੇ ਹਨ।**
**ਜਿਹਨਾਂ ਨੂੰ ਵਾਰ ਵਾਰ ਲਿਪਣਾ ਪੋਚਣਾ ਪੈਂਦਾ ਹੈ।**
**(ਅੰਮ੍ਰਿਤਾ ਪ੍ਰੀਤਮ )**

## ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ

ਲਖਵੀਰ ਸਿੰਘ



ਸਿੱਖ ਇਤਿਹਾਸ ਨਾਲ ਸੰਬੰਧਿਤ ਪੰਜਾਬੀ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕਰਨ ਉਪਰੰਤ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਪ੍ਰਮੁੱਖ ਦੋ ਨਾਟਕਾਂ (ਮਿਟੀ ਧੁੰਦ ਜਗ ਚਾਨਣ ਹੋਆ 1969 ਅਤੇ ਗਗਨ ਮੈ ਥਾਲੁ 1969) ਦਾ ਆਲੋਚਨਾਤਮਕ ਅਧਿਐਨ ਕਰਦਿਆਂ ਇਹ ਸਪੱਸ਼ਟ ਹੋਇਆ ਹੈ ਕਿ ਗੁਰੂ ਸਾਹਿਬਾਨ ਨਾਲ ਸੰਬੰਧਿਤ ਦਰਜਨਾਂ ਨਾਟਕਾਂ ਵਿੱਚੋਂ ਇਹ ਦੋ ਨਾਟਕ ਪ੍ਰਤੀਨਿਧ ਨਾਟਕਾਂ ਵਜੋਂ ਸਾਹਮਣੇ ਆਏ ਹਨ, ਜਿਹੜੇ ਗੁਰੂ ਨਾਨਕ ਸਾਹਿਬਾਨ ਦੇ ਜੀਵਨ ਤੇ ਵਿਚਾਰਧਾਰਾ ਅਤੇ ਨਾਇਕਤਵ ਦੀ ਵਿਆਖਿਆ ਕਰਦੇ ਹਨ। ਇਸ ਪ੍ਰਕਾਰ ਪ੍ਰਸਤੁਤ ਅਧਿਆਇ ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਵਿੱਚ ਇਹਨਾਂ ਨਾਟਕਾਂ ਨੂੰ ਇਸ ਖੋਜ ਨਿਬੰਧ ਦੀ ਸਮੱਗਰੀ ਵਜੋਂ ਵਰਤਿਆ ਗਿਆ ਹੈ।

ਜਨ-ਸਧਾਰਨ ਦੀ ਨਜ਼ਰ ਵਿੱਚ ਜੋ ਵਿਅਕਤੀ ਨਾਇਕ ਵਜੋਂ ਪ੍ਰਵਾਨ ਚੜ੍ਹਦਾ ਹੈ। ਉਹ ਆਪਣੇ ਸਮਕਾਲੀ ਸਮੇਂ ਵਿੱਚ ਕੁੱਝ ਅਜਿਹਾ ਕਾਰਜ ਕਰਦਾ ਹੈ ਜੋ ਉਸ ਨੂੰ ਨਾਇਕ ਤੋਂ ਪਹਿਲਾਂ ਇੱਕ ਕ੍ਰਾਂਤੀਕਾਰੀ ਵਜੋਂ ਸਥਾਪਿਤ ਕਰਦਾ ਹੈ। ਇਨਸਾਨੀਅਤ ਪਿਆਰ ਦੇ ਆਦਰਸ਼ ਵਿੱਚ ਸਿਰੜ ਦਾ ਗੁਣ ਇਹਨਾਂ ਨਾਇਕ-ਨਾਇਕਾਵਾਂ ਨੂੰ ਸਧਾਰਨ ਤੋਂ ਉਚੇਰੇ ਅਸਾਧਾਰਨ ਵਿਅਕਤੀ ਬਣਾ ਦੇਂਦਾ ਹੈ। ਇਹਨਾਂ ਦੀ ਅਸਾਧਾਰਣਤਾ ਇਹਨਾਂ ਦੇ ਪ੍ਰਸਥਿਤੀਆਂ ਨਾਲ ਸਮਝੌਤਾ ਨਾ ਕਰਨ ਦੇ ਗੁਣ ਵਿੱਚ ਨਿਹਿਤ ਹੈ। ਕਾਇਨਾਤ ਪ੍ਰਤੀ ਪਿਆਰ ਦੇ ਆਦਰਸ਼ ਦੇ ਪਾਲਣ ਹਿੱਤ ਇਹ ਜ਼ਿੰਦਗੀ ਨੂੰ ਤੁੱਛ ਸਮਝਦੇ ਹਨ। ਇਸ ਆਦਰਸ਼ ਪਾਲਣ ਦੇ ਸਿਰੜ ਵਿੱਚ ਹੀ ਇਹਨਾਂ ਦੀ ਰੂਹਾਨੀ ਜਿੱਤ ਨਿਹਿਤ ਹੈ। ਭਾਵੇਂ ਇਸ ਦਾ ਨਤੀਜਾ ਮੌਤ ਹੀ ਕਿਉਂ ਨਾ ਹੋਵੇ। ਆਧੁਨਿਕ ਮਨੁੱਖ ਇਕ ਕ੍ਰਾਂਤੀਕਾਰੀ ਵਿਅਕਤੀ ਨੂੰ ਹੀ ਆਪਣੇ ਨਾਇਕ ਵਜੋਂ ਪ੍ਰਵਾਨ ਕਰਦਾ ਹੈ। ਅਮਰੀਕੀ ਵਿਗਿਆਨੀ ਰਾਬਰਟ ਸੀ. ਟੱਕਰ ਨੇ ਕ੍ਰਾਂਤੀਕਾਰੀ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ ਲਿਖਿਆ ਹੈ:-

> ਪਹਿਲੀ ਇਹ ਕ੍ਰਾਂਤੀਕਾਰੀ ਮਨੁੱਖ ਆਪਣੇ ਆਲੇ-ਦੁਆਲੇ ਦੇ ਸਮਾਜਕ ਵਰਤਾਰੇ ਨੂੰ ਜਿਸ ਵਿੱਚ ਉਹ ਵਿਚਰ ਰਿਹਾ ਹੁੰਦਾ ਹੈ। ਉਸ ਨੂੰ ਗਹੁ ਨਾਲ ਵੇਖਦਾ ਹੈ। ਫਿਰ ਉਸ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਤੋਂ ਬਾਅਦ ਸਮਾਜ ਦੀਆਂ ਹਾਲਤਾਂ ਜਿਹੜੀਆਂ ਉਸ ਵੱਲੋਂ ਸੰਕਲਪਿਤ ਕੀਤੇ ਆਦਰਸ਼ ਸਮਾਜ ਦੇ ਅਨੁਕੂਲ ਨਾ ਹੋਣ ਉਹਨਾਂ ਨੂੰ ਰੱਦ ਕਰ ਦਿੰਦਾ ਹੈ। ਦੂਸਰੀ ਵਿਸ਼ੇਸ਼ਤਾ ਉਹ ਦਰਸਾਉਂਦਾ ਹੈ ਕਿ ਇੱਕ ਕ੍ਰਾਂਤੀਕਾਰੀ ਆਪਣੇ ਵੱਲੋਂ ਸੰਕਲਪਿਤ ਆਦਰਸ਼ ਸਮਾਜ ਦੀ ਰੂਪ-ਰੇਖਾ ਉਲੀਕਦਾ ਹੈ ਤਾਂ ਕਿ ਉਹ ਭ੍ਰਿਸ਼ਟ ਸਮਾਜ ਦੇ ਰੱਦ ਕੀਤੇ ਗਏ ਪਹਿਲੂਆਂ ਦਾ ਪ੍ਰਬੰਧ ਦੇ ਸਕੇ। ਤੀਜੀ ਵਿਸ਼ੇਸ਼ਤਾ ਉਹ ਦੱਸਦਾ ਹੈ ਕਿ ਹਰ ਕ੍ਰਾਂਤੀਕਾਰੀ ਆਪਣੇ ਸਮੇਂ ਐਸੀਆਂ ਸੰਸਥਾਵਾਂ ਦਾ ਨਿਰਮਾਣ ਕਰ ਜਾਂਦਾ ਹੈ ਜਿਹੜੀਆਂ ਉਸਦੇ ਸਮੇਂ ਵਿੱਚ ਜਾਂ ਉਸਦੇ ਮਰਨ ਉਪਰੰਤ ਸੰਗਠਿਤ ਲਹਿਰਾਂ ਦੇ ਰੂਪ ਵਿੱਚ ਉਸ ਵੱਲੋਂ ਸੰਕਲਪਿਤ ਆਦਰਸ਼ ਸਮਾਜ ਦੀ ਸਥਾਪਨਾ ਪ੍ਰਤੀ ਸਮਰਪਿਤ ਰਹਿ ਕੇ ਕਾਰਜ ਕਰਦੀਆਂ ਹਨ।[1]

ਆਦਿ ਕਾਲ ਤੋਂ ਹੀ ਮਨੁੱਖ ਆਪਣੇ ਆਲੇ-ਦੁਆਲੇ ਵਿੱਚ ਵਾਪਰਨ ਵਾਲੀਆਂ ਪ੍ਰਾਕ੍ਰਿਤਕ ਘਟਨਾਵਾਂ ਤੇ ਤਬਦੀਲੀਆਂ ਦੇ ਪਿੱਛੇ ਦੈਵੀ ਸ਼ਕਤੀਆਂ ਦੀ ਹੋਂਦ ਵਿੱਚ ਵਿਸ਼ਵਾਸ ਰੱਖਦਾ ਸੀ। ਮੁੱਢਲੇ ਭਾਰਤੀਆਂ ਨੇ ਤਾਂ ਪ੍ਰਕਿਰਤੀ ਦੇ ਹਰ ਵਰਤਾਰੇ ਪਿੱਛੇ ਇਕ ਸੰਕਲਪ ਸਿਰਜਿਆ ਹੋਇਆ ਸੀ। ਇਸ ਦੇ ਬਾਰੇ ਕੁਸਮ ਵਾਰਸ਼ਨਯ ਲਿਖਦੇ ਹਨ:-

> ਆਦਿ ਭਾਰਤੀ ਵਾਸੀਆਂ ਨੇ ਤਾਂ ਪ੍ਰਕਿਰਤੀ ਦੇ ਲਗਭਗ ਹਰ ਇਕ ਰੂਪ ਦੇ ਪਿੱਛੇ ਇੱਕ-ਇੱਕ ਈਸ਼ਵਰ ਅੰਸ਼ ਰੂਪ ਦੇਵਤਾ ਦੀ ਪਰਿਕਲਪਨਾ ਕਰ ਲਈ ਸੀ। ਭਾਰਤ ਦੇ ਵੈਦਿਕ ਆਰਯ ਦੇਵਤਾ ਪ੍ਰਕਿਰਤਕ

> ਸ਼ਕਤੀਆਂ ਦੇ ਪ੍ਰਾਯ ਮਾਨਸ ਰੂਪ ਸਨ। ਇਹਨਾਂ ਦੇਵਤਿਆਂ ਦੀ ਸੰਖਿਆ ਤੇਤੀ ਕਰੋੜ ਸੀ। ਜੋ ਤਿੰਨ ਵਰਗਾਂ ਵਿੱਚ ਵੰਡੇ ਹੋਏ ਸੀ ਧੁਲੋਕ ਦੇ ਦੇਵਤੇ (ਪਾਤਾਲ ਲੋਕ), ਅੰਤ੍ਰਿਕਸ਼ ਦੇ ਦੇਵਤੇ ਅਤੇ ਪ੍ਰਿਥਵੀ ਲੋਕ ਦੇ ਦੇਵਤੇ।[2]

ਭਾਰਤ ਵਾਂਗ ਹੀ ਯੂਨਾਨ ਅਤੇ ਹੋਰ ਦੇਸ਼ਾਂ ਵਿੱਚ ਅਜਿਹੀਆਂ ਸ਼ਕਤੀਆਂ ਦਾ ਉਲੇਖ ਮਿਲਦਾ ਹੈ। ਯੂਨਾਨ ਦਾ ਹਰਕੁਲੀਸ, ਮਰਕਰੀ, ਦਾਇਓ ਨੀਸਅਸ ਆਦਿ ਦੇਵਤੇ ਪ੍ਰਸਿੱਧ ਹਨ। ਇਹ ਦੇਵਤੇ ਮਨੁੱਖ ਅਤੇ ਉਹਨਾਂ ਦੇ ਵਾਤਾਵਰਨ ਤੋਂ ਸ੍ਰੇਸ਼ਟ ਸਨ। ਇਹ ਦੇਵਤੇ ਇਸ ਯੁੱਗ ਦੇ ਨਾਇਕ ਹੁੰਦੇ ਸਨ ਅਤੇ ਇਹਨਾਂ ਦੀਆਂ ਕਥਾਵਾਂ ਨੂੰ ਮਿੱਥ ਕਥਾਵਾਂ ਕਿਹਾ ਜਾਂਦਾ ਹੈ। ਮਿੱਥਾਂ ਤੋਂ ਬਾਅਦ ਦੂਸਰਾ ਨਾਇਕ ਦਾ ਮਹੱਤਵਪੂਰਨ ਸਰੂਪ ਮਹਾਂ-ਕਾਵਿ ਵਿੱਚ ਮਿਲਦਾ ਹੈ। ਮਹਾਂ-ਕਾਵਿ ਦਾ ਕੇਂਦਰੀ ਪਾਤਰ ਬੀਰ ਕਾਲ ਦੀ ਸਿਰਜਣਾ ਹੈ। ਮਹਾਂ-ਕਾਵਿ ਦਾ ਨਾਇਕ ਇਕ ਪ੍ਰਕਾਰ ਦਾ ਕੌਮੀ ਤੇ ਸੱਭਿਆਚਾਰਕ ਨਾਇਕ ਸਰੂਪ ਆਖਿਆ ਜਾ ਸਕਦਾ ਹੈ। ਮਹਾਂ-ਕਾਵਿ ਦੇ ਨਾਇਕ ਵਿੱਚੋਂ ਮਿੱਥਾਂ ਵਾਲੇ ਸਾਰੇ ਅੰਸ਼ ਖਾਰਜ ਨਹੀਂ ਕੀਤੇ ਜਾ ਸਕਦੇ ਪਰ ਜਿੱਥੇ ਮਿੱਥ ਦਾ ਨਾਇਕ ਖੁਦ ਦੇਵਤਾ ਹੁੰਦਾ ਹੈ; ਉਥੇ ਮਹਾਂ-ਕਾਵਿ ਦਾ ਨਾਇਕ ਦੇਵਤਾ ਨਹੀਂ ਬਲਕਿ ਦੇਵ ਪ੍ਰੇਰਿਤ ਮਨੁੱਖ ਹੁੰਦਾ ਹੈ। ਮਿੱਥ ਅਤੇ ਮਹਾਂ-ਕਾਵਿ ਤੋਂ ਬਾਅਦ ਨਾਇਕ ਪਰਿਕਲਪਨਾ ਦਾ ਤੀਸਰਾ ਮਹੱਤਵਪੂਰਨ ਰੂਪ ਰੁਮਾਂਸ ਕਥਾ ਵਿੱਚ ਮਿਲਦਾ ਹੈ। ਰੁਮਾਂਸ ਕਥਾ ਦੇ ਨਾਇਕ ਵਿੱਚ ਵੀ ਮਿੱਥ ਵਾਲੇ ਅੰਸ਼ਾਂ ਦੀ ਅਣਹੋਂਦ ਨਹੀਂ ਹੁੰਦੀ ਪਰ ਇਹ ਮਿਥਕ ਅੰਸ਼ ਮਹਾਂਕਾਵਿ ਦੇ ਨਾਲੋਂ ਵੱਖਰੀ ਭਾਂਤ ਦਾ ਹੁੰਦਾ ਹੈ। ਇਸ ਵਿੱਚ ਮੁੱਖ ਬਲ ਨਾਇਕ ਦੇ ਅਸਾਧਾਰਨ ਵੀਰਤਾ ਪੂਰਕ ਕਾਰਜ ਉੱਤੇ ਹੁੰਦਾ ਹੈ। ਮਹਾਂ-ਕਾਵਿ ਦੇ ਨਾਇਕ ਤੇ ਰੁਮਾਂਸ ਕਥਾ ਦੇ ਨਾਇਕ ਦਾ ਇਹ ਫ਼ਰਕ ਹੈ ਕਿ ਜਿੱਥੇ ਮਹਾਂ-ਕਾਵਿ ਦਾ ਨਾਇਕ ਦੇਵ ਪ੍ਰੇਰਿਤ ਹੁੰਦਾ ਹੈ ਉਥੇ ਰੁਮਾਂਸ ਕਥਾ ਦਾ ਨਾਇਕ ਅਰਧ ਦੇਵ ਹੁੰਦਾ ਹੈ। ਇਸੇ ਫ਼ਰਕ ਕਰਕੇ ਹੀ ਮਹਾਂ-ਕਾਵਿ ਵਿੱਚ ਕਰਾਮਾਤੀ ਅੰਸ਼ ਹੁੰਦਾ ਹੈ ਅਤੇ ਰੁਮਾਂਸ ਕਥਾ ਵਿੱਚ ਗੌਣ। ਸੋ ਰੁਮਾਂਸ ਕਥਾ ਦੇ ਪਰਿਣਾਮ ਨਾਇਕ ਦੀ ਆਲੌਕਿਕਤਾ ਵਿੱਚ ਨਹੀਂ ਸਗੋਂ ਲੌਕਿਕ ਸਾਹਸੀ ਵਿਹਾਰ ਤੇ ਅਵਸਰਾਂ ਦੀ ਅਨੁਕੂਲਤਾ ਉੱਤੇ ਹੁੰਦੀ ਹੈ।

ਇਸੇ ਤਰ੍ਹਾਂ ਸਿੱਖ ਗੁਰੂਆਂ ਨਾਲ ਸੰਬੰਧਿਤ ਇਤਿਹਾਸਕ ਨਾਟਕਾਂ ਦੀ ਜੇਕਰ ਗੱਲ ਕੀਤੀ ਜਾਵੇ ਤਾਂ ਇਹਨਾਂ ਨਾਟਕਾਂ ਨੇ ਵਿਸ਼ਾ-ਵਸਤੂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਾਖੀਆਂ (ਸਾਖੀ ਸਾਹਿਤ) ਤੋਂ ਲਿਆ ਹੈ। ਸਾਖੀ ਸਾਹਿਤ ਧਾਰਮਿਕ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਲਿਖਣ ਲਈ ਰਚਿਆ ਗਿਆ ਤੇ ਇਸ ਸਾਹਿਤ ਵਿੱਚ ਨਾਟਕੀ ਅੰਸ਼ ਵੀ ਬਹੁਤ ਪਾਏ ਗਏ। ਸਾਖੀ ਸਾਹਿਤ ਵਿੱਚ ਵੀ ਮਿੱਥਕ ਅੰਸ਼ ਲੌਕਿਕ ਤੇ ਆਲੌਕਿਕ ਘਟਨਾਵਾਂ ਪਾਈਆਂ ਗਈਆਂ ਹਨ। ਪਰ ਪੰਜਾਬੀ ਇਤਿਹਾਸਕ ਨਾਟਕ ਨੇ ਇਹਨਾਂ ਦੇ ਯਥਾਰਥਕ ਰੂਪ ਨੂੰ ਅਪਣਾਉਂਦੇ ਹੋਏ ਜ਼ਿਆਦਾਤਰ ਗੁਰੂਆਂ ਪੀਰਾਂ ਦੇ ਲੌਕਿਕ ਰੂਪ ਵਾਲੇ ਨਾਇਕਤਵ ਨੂੰ ਹੀ ਦਰਸ਼ਕ ਸਾਹਮਣੇ ਪੇਸ਼ ਕਰਿਆ। ਹਾਂ ਪਰ ਕਈ ਥਾਂਈ ਰਚਨਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਲਈ ਕਿਤੇ-ਕਿਤੇ ਰੁਮਾਂਸਕ ਰੰਗਣ ਵੀ ਦਿੱਤੀ ਹੈ। ਪੰਜਾਬੀ ਨਾਟਕ ਪੱਛਮੀ ਪ੍ਰਭਾਵ ਗ੍ਰਹਿਣ ਕਰਦਾ ਹੋਇਆ ਆਪਣਾ ਨਾਇਕ ਸਾਖੀ ਸਾਹਿਤ ਤੇ ਇਤਿਹਾਸਕ ਨਾਟਕ ਤੋਂ ਪ੍ਰਾਪਤ ਕਰਦਾ ਹੈ।

ਸਿੱਖ ਲਹਿਰ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਨੂੰ ਪੰਜਾਬੀ ਸਾਹਿਤ ਜਗਤ ਵਿੱਚ ਜ਼ਿਆਦਾਤਰ ਇਕ ਧਾਰਮਿਕ ਆਗੂ ਵਜੋਂ ਹੀ ਲਿਆ ਜਾਂਦਾ ਹੈ। ਪਰ ਗੁਰੂ ਨਾਨਕ ਦੇਵ ਜੀ ਦੇ ਵਿਲੱਖਣ ਪ੍ਰਗਤੀਸ਼ੀਲ ਨਾਇਕਤਵ ਪ੍ਰਤੀ ਡਾ. ਸਰਬਜੀਤ ਸਿੰਘ ਲਿਖਦੇ ਹਨ :-

> ਪੰਜਾਬੀ ਸੱਭਿਆਚਾਰ ਅੰਦਰ ਨਾਨਕ ਦੇ ਤਿੰਨ ਰੂਪ ਪ੍ਰਾਪਤ ਹਨ। ਇਕ ਰੂਪ ਤਾਂ ਨਿਰੋਲ ਚਮਤਕਾਰੀ ਜਾਂ ਆਗੰਮੀ ਸ਼ਕਤੀ ਦੇ ਦੂਤ ਦਾ ਹੈ ਜਿਹੜਾ ਜਨਮ ਸਾਖੀ ਮਿੱਥ ਵਿੱਚ ਢਲਿਆ ਹੋਇਆ ਹੈ। ਇਹ ਰੂਪ ਬਿਨਾਂ ਸ਼ੱਕ ਸ਼ਰਧਾ ਦੇ ਚਿਹਨ-ਚੱਕਰ ਤੋਂ ਪਾਰ ਨਹੀਂ ਜਾਂਦਾ। ਦੂਜਾ ਰੂਪ ਉਹ ਹੈ ਜੋ ਗੁਰੂ ਨਾਨਕ ਦੀ ਆਪਣੀ ਰਚਨਾ ਤੋਂ ਪ੍ਰਗਟ ਹੁੰਦਾ ਹੈ। ਇਹ ਰੂਪ ਅਧਿਆਤਮਕਤਾ ਵਿੱਚ ਬਹੁ-ਦੇਵਤਾਵਾਂ ਦੀ ਥਾਵੇਂ ਇਕ ਪ੍ਰਭੂ ਦੇ ਸੰਕਲਪ ਦੀ ਸਥਾਪਨਾ ਕਰਦਾ ਹੈ। ਉੱਥੇ ਆਪਣੇ ਸਮੇਂ ਦੀਆਂ ਕਾਲੀਆਂ ਤੇ ਸ਼ੋਸ਼ਕ ਸ਼ਕਤੀਆਂ ਦੇ

ਵਿਰੋਧ ਵਿੱਚ ਖੜੋ ਕੇ ਮਾਨਵਤਾ ਦਾ ਮੁਦਈ ਬੰਦਾ ਹੈ। ਤੀਸਰਾ ਰੂਪ ਸਾਡੀ ਅਧਿਐਨ ਪਰੰਪਰਾ 'ਚੋਂ ਪ੍ਰਾਪਤ ਹੁੰਦਾ ਹੈ ਜਿਸ ਦੀਆਂ ਵਿਭਿੰਨ ਸ਼ੇਡਜ਼ ਹਨ।[3]

**(ੳ) ਮਿਟੀ ਧੁੰਦ ਜੱਗ ਚਾਨਣ ਹੋਆ 1969**

ਡਾ. ਹਰਚਰਨ ਸਿੰਘ 'ਪੁੰਨਿਆ ਦਾ ਚੰਨ' ਨਾਟਕ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨੂੰ ਪੇਸ਼ ਕਰਨ ਵਿੱਚ ਸਭ ਤੋਂ ਪਹਿਲੇ ਨਾਟਕਕਾਰ ਵਜੋਂ ਹਾਜ਼ਰ ਹੋਇਆ ਅਜਿਹਾ ਨਾਟਕਕਾਰ ਹੈ ਜਿਸ ਦੀ ਦੇਖਾ-ਦੇਖੀ ਹੋਰ ਵੀ ਨਾਟਕਕਾਰਾਂ ਨੂੰ ਗੁਰੂ ਨਾਨਕ ਸੰਬੰਧੀ ਨਾਟਕ ਲਿਖਣ ਲਈ ਪ੍ਰੇਰਨਾ ਮਿਲੀ। ਹਰਚਰਨ ਸਿੰਘ ਨੇ ਇਹ ਨਾਟਕ ਪਹਿਲੀ ਵਾਰੀ ਸੰਨ 1955 ਵਿੱਚ ਰਚਿਆ। ਜਿਸ ਵਿੱਚ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ ਉਘਾੜਨ ਦਾ ਕਾਰਗਰ ਉਪਰਾਲਾ ਕੀਤਾ ਗਿਆ। ਕਿਉਂ ਜੋ ਇਹ ਇਕ ਅਜਿਹਾ ਵਿਸ਼ਾ ਹੈ ਜੋ ਮਨੁੱਖ ਦੀਆਂ ਭਾਵਨਾਵਾਂ ਨੂੰ ਜਲਦੀ ਉਤੇਜਿਤ ਕਰਦਾ ਹੈ। ਇਹ ਉਪਰਾਲਾ ਸਿੱਖ ਧਰਮ ਅਤੇ ਨਾਟਕੀ ਖੇਤਰ ਵਿੱਚ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਸੀ।

ਡਾ. ਹਰਚਰਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਨਾਟਕ ਹੀ ਨਹੀਂ ਰਚੇ ਬਲਕਿ ਸਿੱਖ ਧਰਮ ਤੇ ਇਤਿਹਾਸ ਦੇ ਹੋਰ ਪੰਨਿਆਂ ਨੂੰ ਵੀ ਨਾਟਕੀ ਰੂਪ ਵਿੱਚ ਰੂਪਮਾਨ ਕੀਤਾ। ਡਾ. ਹਰਚਰਨ ਸਿੰਘ ਨੇ 'ਚਮਕੌਰ ਦੀ ਗੜ੍ਹੀ' ਵਿਚ ਛਪਿਆ ਨਾਟਕ 'ਸਰਹੰਦ ਦੀ ਕੰਧ' ਨੂੰ ਪਹਿਲਾਂ 'ਇਤਿਹਾਸ ਜਵਾਬ ਮੰਗਦਾ ਹੈ' ਦੇ ਨਾਮ ਹੇਠ ਲਿਖਿਆ ਸੀ। ਸਿੱਖ ਇਤਿਹਾਸ ਨਾਲ ਸੰਬੰਧਿਤ ਉਸਦੇ ਨਾਟਕ 'ਮਿਟੀ ਧੁੰਦ ਜਗ ਚਾਨਣ ਹੋਆ' 'ਹਿੰਦ ਦੀ ਚਾਦਰ' 'ਚਮਕੌਰ ਦੀ ਗੜ੍ਹੀ' 'ਪੁੰਨਿਆ ਦਾ ਚੰਨ' 1955 'ਸੁਭ ਕਰਮਨ ਤੇ ਕਬਹੁੰ ਨਾ ਟਰੂੰ' 1992 'ਜ਼ਫ਼ਰਨਾਮਾ' ਆਦਿ ਨਾਟਕ ਰਚੇ। ਉਸ ਦੀ ਕਥਾ-ਵਸਤੂ ਦਾ ਨਾਟਕੀ ਵਿਕਾਸ, ਨਾਟਕ ਦੇ ਕਾਰਜ ਦਾ ਉਚਿਤ ਨਿਭਾਅ, ਚੁਸਤ ਵਾਰਤਾਲਾਪ, ਯੋਜਨਾ ਉਸਾਰੀ ਆਦਿ ਉਸਦੀ ਨਾਟਕ ਕਲਾ ਦੇ ਅਜਿਹੇ ਗੁਣ ਹਨ ਜਿਨ੍ਹਾਂ ਕਰਕੇ ਉਸਦੇ ਨਾਟਕ ਰੰਗਮੰਚ ਉੱਤੇ ਬੜੇ ਸਫ਼ਲਤਾ ਪੂਰਵਕ ਖੇਡੇ ਜਾਂਦੇ ਰਹੇ ਹਨ।

ਇਸ ਚਰਚਾ ਵਿੱਚ ਅਸੀਂ ਹਰਚਰਨ ਸਿੰਘ ਦੇ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਨੂੰ ਵਿਸ਼ੇ ਵਜੋਂ ਵਰਤਿਆ ਹੈ। ਇਹ ਨਾਟਕ ਨਾਟਕਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਸੰਬੰਧੀ ਮਨਾਈ ਗਈ 500 ਸਾਲਾ ਸ਼ਤਾਬਦੀ ਸਮੇਂ ਰਚਿਆ ਹੈ। ਉਂਝ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਨੂੰ ਉਘਾੜਨ ਲਈ ਨਾਟਕਕਾਰਾਂ ਨੇ ਨਵੇਂ ਤੋਂ ਨਵੇਂ ਪ੍ਰਯੋਗ ਇਜਾਦ ਕੀਤੇ ਜਿਵੇਂ ਜੋ ਵੀ ਨਾਟਕ ਗੁਰੂ ਸਾਹਿਬ ਦੀਆਂ ਸ਼ਤਾਬਦੀਆਂ ਤੇ ਨਾਟਕ ਰਚੇ ਗਏ ਉਹ ਤਿੰਨ ਤਰ੍ਹਾਂ ਨਾਲ ਰਚੇ ਗਏ। ਡਾ. ਆਤਮਜੀਤ ਸਿੰਘ ਇਹਨਾਂ ਦੀ ਵੰਡ ਇਸ ਤਰ੍ਹਾਂ ਕਰਦੇ ਹਨ :

1) ਜਿਨ੍ਹਾਂ ਵਿੱਚ ਵਰਤਮਾਨ ਵਿੱਚ ਕਾਰਜ ਦਿਖਾਇਆ ਗਿਆ ਹੈ ਤੇ ਬਹਿਸ ਜਾਂ ਕਰਮ ਦਾ ਧੁਰਾ ਇਤਿਹਾਸ ਨਹੀਂ ਜਿਵੇਂ ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਸੋ ਵੀ ਚੰਨਣ ਹੋ ਰਹੇ'।
2) ਅਜਿਹੇ ਨਾਟਕ ਜਿਨ੍ਹਾਂ ਵਿੱਚ ਕਿਸੇ ਇਤਿਹਾਸਕ ਘਟਨਾ ਨੂੰ ਆਧਾਰ ਬਣਾਇਆ ਗਿਆ ਹੈ ਜਿਵੇਂ 'ਨਾਨਕ ਨਾਮ ਸਮਾਲਿ ਤੂੰ' 'ਕੂੜ ਨਿਖੁਟ' ਆਦਿ।
3) ਤੀਜੇ ਉਹ ਨਾਟਕ ਹਨ ਜਿਨ੍ਹਾਂ ਵਿੱਚ ਵਰਤਮਾਨ ਤਾਂ ਇਤਿਹਾਸਕ ਲਿਆ ਗਿਆ ਹੈ : ਸਮਾਂ ਵੀ ਉਹੀ ਹੈ ਪਰ ਘਟਨਾਵਾਂ ਸਾਰੀਆਂ ਕਲਪਿਤ ਹਨ ਜਿਵੇਂ 'ਜਿਨ ਸੱਚੈ ਪੱਲੈ ਹੋਇ' ਆਦਿ ਨਾਟਕ।[4]

ਪਰੰਤੂ ਹਰਚਰਨ ਸਿੰਘ ਨੇ ਹਥਲੇ ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਵਿੱਚ ਗੁਰੂਆਂ ਸੰਬੰਧੀ ਨਾਟਕ ਲਿਖਣ ਲਈ ਇਕ ਨਵਾਂ ਰਾਹ ਅਖਤਿਆਰ ਕਰਿਆ ਹੈ। ਭਾਵ ਇਹ ਪਿਛਲੀਆਂ ਉਪਰੋਕਤ ਦੋਹਾਂ ਕਿਸਮਾਂ ਦੇ ਕਲਾਤਮਕ ਰਲ-ਗਡ ਦਾ ਨਤੀਜਾ ਹੈ। ਨਾਟਕਕਾਰ ਨੇ ਮੁੱਖ ਰੂਪ ਦੋ ਇਤਿਹਾਸਕ ਘਟਨਾਵਾਂ ਨੂੰ ਰਲਾ ਕੇ ਇਕ ਨਵੀਨ ਰੂਪ ਵਿੱਚ ਪੇਸ਼ ਕੀਤਾ ਹੈ।

ਨਾਟਕਕਾਰ ਨੇ ਗੁਰੂ ਸਾਹਿਬ ਦੇ ਜੀਵਨ-ਬਿਰਤਾਂਤ ਨਾਲ ਸੰਬੰਧਿਤ ਸਾਖੀਆਂ ਨੂੰ ਗੁਰੂ ਸਾਹਿਬ ਦੇ ਨਾਇਕਤਵ ਤੇ ਸ਼ਖ਼ਸੀਅਤ ਉਘਾੜਨ ਲਈ ਢੁਕਾਇਆ ਹੈ। ਇਹ ਸਾਖੀਆਂ ਇਕ ਦਾ 'ਕਾਮ ਰੂਪ' ਵਾਲੀ ਤੇ ਦੂਸਰੀ 'ਭੂਮੀਏ ਚੋਰ ਤੇ ਰਾਜੇ' ਵਾਲੀ ਸਾਖੀ ਹੈ। ਗੁਰੂ ਸਾਹਿਬ ਨਾਲ ਸੰਬੰਧਿਤ ਜਨਮ ਸਾਖੀਆਂ ਵਿੱਚ 'ਕਾਮ ਰੂਪ' ਵਾਲੀ ਸਾਖੀ

ਤਾਂ ਪੁਰਾਤਨ ਜਨਮਸਾਖੀ ਵਿੱਚ ਮਿਲਦੀ ਹੈ, ਪਰ ਭੂਮੀਆਂ ਚੋਰ ਨਾਲ ਇਕ ਸਾਖੀ ਸੰਮਿਲਤ ਹੈ। ਜਿਨ੍ਹਾਂ ਨੂੰ ਵਾਰਤਾਲਾਪ ਵਿੱਚ ਜੋੜ ਕੇ ਇਕ ਨਿਸ਼ਚਿਤ ਗੋਂਦ ਗੁੰਦਿਆ ਗਿਆ ਹੈ।

ਨਾਟਕ ਦੀ ਸ਼ੁਰੂਆਤ ਨਾਟਕਕਾਰ ਨੇ ਢੰਢੋਰਚੀ ਦੇ ਪੀਪਾ ਖੜਕਾਣ ਨਾਲ ਸ਼ੁਰੂ ਕੀਤੀ ਹੈ। ਜਿਸ ਵਿੱਚ ਉਹ ਰਾਜੇ ਦੇ ਮਹੱਲ ਵਿੱਚ ਹੋਈ ਚੋਰੀ ਨੂੰ ਉੱਚੀ-ਉੱਚੀ ਬਿਆਨ ਕਰਦਾ ਹੈ। ਨਾਟਕ ਦੇ ਪਹਿਲੇ ਅੰਕ ਵਿੱਚ ਇਕ ਅਮਲੀ ਦੀ ਨਾਟਕ ਦੇ ਵੱਖ-ਵੱਖ ਪਾਤਰਾਂ ਨਾਲ ਭੇਂਟ ਕਰਾਈ ਜਾਂਦੀ ਹੈ, ਜੋ ਉਸ ਸਮੇਂ ਦੇ ਕਾਮੀ, ਕ੍ਰੋਧੀ, ਲੋਭੀ, ਮੋਹੀ, ਹੰਕਾਰੀਆਂ ਦੀਆਂ ਪ੍ਰਵਿਰਤੀਆਂ ਨੂੰ ਉਜਾਗਰ ਕਰਦਾ ਹੈ। ਡਾ. ਆਤਮਜੀਤ ਇਸ ਨਾਟਕ ਨੂੰ ਹਰਚਰਨ ਸਿੰਘ ਦੇ ਨਾਟਕ 'ਪੁੰਨਿਆ ਦਾ ਚੰਨ' ਵਿੱਚ 'ਕੂੜ ਅਮਾਵਸ' 'ਸੱਚ ਚੰਦਰਮਾ' 'ਦੀਸੈ ਨਾਹੀ ਕੈ ਚੜਿਆ' ਦਾ ਵਾਤਾਵਰਨ ਸਿਰਜਿਆ ਹੈ ਤੇ ਗੁਰੂ ਨਾਨਕ ਜਨਮ ਦਾ ਸੰਕੇਤ ਕੀਤਾ ਹੈ ਅਤੇ ਇਸ ਨਾਟਕ ਵਿੱਚ ਗੁਰੂ ਸਾਹਿਬ ਦੇ ਕਰਮਾਂ ਨੂੰ ਪ੍ਰਤੀਕਰਮਤ ਹੁੰਦੇ ਦਿਖਾਇਆ ਗਿਆ ਹੈ।[5]

ਇਸ ਤਰ੍ਹਾਂ ਡਾ. ਸਾਹਿਬ ਨੇ ਪਹਿਲੀ ਝਾਕੀ ਵਿੱਚ ਕੂੜ ਪਰਜਾ ਦੀਆਂ ਘਟਨਾਵਾਂ ਨੂੰ ਉਘਾੜਿਆ ਅਤੇ ਦੂਸਰੀ ਝਾਕੀ ਵਿੱਚ ਕੂੜ ਰਾਜਾ ਦੇ ਵਿਚਾਰਾਂ ਨੂੰ। ਨਾਟਕ ਦੀ ਤੀਜੀ ਝਾਕੀ ਵਿੱਚ ਵੱਖ-ਵੱਖ ਫਿਰਕਿਆਂ ਨਾਲ ਸੰਬੰਧਿਤ ਜੋਗੀ, ਸਿੱਧਾਂ ਦੇ ਵਾਰਤਾਲਾਪ ਹਨ। ਨਾਟਕ ਦੀ ਚੌਥੀ ਅਤੇ ਆਖਰੀ ਨਾਟਕੀ ਝਾਕੀ ਵਿੱਚ ਭੂਮੀਆਂ ਚੋਰ ਵੀ ਢੰਢੋਰਚੀ ਦੀ ਆਵਾਜ਼ ਸੁਣ ਕੇ ਆਪਣੀ ਭੁੱਲ ਬਖਸ਼ਾਣ ਖਾਤਰ ਰਾਜੇ ਦੇ ਦਰਬਾਰ ਜਾਂਦਾ ਦਿਖਾਇਆ ਗਿਆ ਹੈ। ਨੂਰਸ਼ਾਹ ਵੀ ਬਾਬੇ ਗੁਰੂ ਦੀ ਸ਼ਰਧਾਲੂ ਬਣ ਚੁੱਕੀ ਹੁੰਦੀ ਹੈ ਅਤੇ ਰਾਜੇ ਦਾ ਆਪਣੀ ਪਤਨੀ ਉੱਪਰ ਚੋਰੀ ਦਾ ਸ਼ੱਕ ਵੀ ਦੂਰ ਹੋ ਜਾਂਦਾ ਹੈ। ਰਾਜਾ ਬਾਬੇ ਨਾਨਕ ਦੇ ਦਰਸ਼ਨਾਂ ਲਈ ਬਹਿਬਲ ਹੋ ਜਾਂਦਾ ਹੈ।

ਭਾਵੇਂ ਇਹ ਨਾਟਕ ਹਰਚਰਨ ਸਿੰਘ ਦੇ ਹੋਰ ਨਾਟਕਾਂ ਵਾਂਗ ਜ਼ਿਆਦਾਤਰ ਗੁਰੂ ਸਾਹਿਬ ਦੀਆਂ ਜਨਮ ਸਾਖੀਆਂ ਵਿੱਚੋਂ ਸਾਖੀ ਲੈ ਕੇ ਗੁਰੂ ਦੀ ਸ਼ਖ਼ਸੀਅਤ ਨੂੰ ਉਘਾੜਿਆ ਗਿਆ ਹੈ। ਪਰ ਇਸ ਨਾਟਕ ਵਿੱਚ ਨਾਟਕਕਾਰ ਨੇ ਇਕ ਨਵਾਂ ਪ੍ਰਯੋਗ ਕੀਤਾ ਹੈ। ਉਸ ਨੇ ਦੋ ਘਟਨਾਵਾਂ ਨੂੰ ਰਲਗੱਡ ਕਰਕੇ ਇਕ ਨਾਟਕੀ ਗੋਂਦ ਵਿੱਚ ਬੰਨ੍ਹਿਆ ਹੈ। ਨਾਟਕ ਦੇਖਣ ਅਤੇ ਪੜ੍ਹਨ ਵਾਲੇ ਪਾਠਕਾਂ ਨੂੰ ਭਾਵੇਂ ਪਤਾ ਹੈ ਕਿ ਨੂਰ ਸ਼ਾਹ ਦਾ ਨਿਸਤਾਰਾ ਗੁਰੂ ਸਾਹਿਬ ਦੀ ਵਿਚਾਰਧਾਰਾ ਕਰ ਦਿੰਦੀ ਹੈ ਤੇ ਭੂਮੀਆਂ ਆਪਣੇ ਆਪ ਰਾਜੇ ਕੋਲ ਆ ਕੇ ਦੋਸ਼ ਕਬੂਲ ਕਰ ਲਵੇਗਾ। ਪਰ ਫਿਰ ਦੋ ਕਹਾਣੀਆਂ ਦੇ ਆਪਸ ਵਿੱਚ ਰਲਗੱਡ ਹੋਣ ਨਾਲ ਦਰਸ਼ਕ/ਪਾਠਕ ਦੀ ਰੌਚਕਤਾ ਬਣੀ ਰਹਿੰਦੀ ਹੈ ਕਿ ਨਾਟਕ ਵਿੱਚ ਅੱਗੇ ਪਤਾ ਨਹੀਂ ਕੀ ਹੋਣ ਵਾਲਾ ਹੈ।

ਨਾਟਕ 'ਮਿਟੀ ਧੁੰਦ ਜੱਗ ਚਾਨਣ ਹੋਆ' ਵਿੱਚ ਇਕ ਸ਼ਿਕਾਇਤ ਇਹ ਖਲ੍ਹਦੀ ਹੈ ਕਿ ਇਸ ਨਾਟਕ ਦਾ ਅੰਤ ਹੋਣ ਤੋਂ ਪਿਛੋਂ (ਭਾਵ ਨਾਟਕੀ ਗੁੰਝਲਾਂ ਖੁੱਲ੍ਹਣ ਪਿਛੋਂ) ਵੀ ਕਹਾਣੀ ਨੂੰ ਮੰਤਵ ਰਹਿਤ ਅੱਗੇ ਖਿੱਚਿਆ ਗਿਆ ਹੈ। ਇਹ ਠੀਕ ਹੈ ਪਰ ਜਦੋਂ ਅਸੀਂ ਪਲਾਟ ਅਤੇ ਪਾਤਰ ਉਸਾਰੀ ਦੇ ਸੰਬੰਧਾਂ ਨੂੰ ਘੋਖੀਏ ਤਾਂ ਇਹ ਸੀਮਾਵਾਂ ਦਿਸ ਆਉਣਗੀਆਂ।

ਨਾਟਕਕਾਰ ਨੇ ਸਾਰੇ ਪ੍ਰਤੀਨਿਧ ਪਾਤਰ ਲੈ ਕੇ ਸਮਾਜ ਦਾ ਪੂਰਾ ਨਕਸ਼ਾ ਉਲੀਕ ਦਿੱਤਾ ਹੈ। ਨਾਟਕਕਾਰ ਨੇ ਗੁਰੂ ਸਾਹਿਬ ਦੀ ਬਾਣੀ ਦੇ ਆਧਾਰ 'ਤੇ ਇਹ ਸਾਰਾ ਨਾਟਕੀ ਨਕਸ਼ਾ ਖਿੱਚਿਆ ਹੈ ਕਿਉਂਕਿ ਨਾਟਕ ਵਿੱਚ ਗੁਰਬਾਣੀ ਦੀਆਂ ਤੁੱਕਾਂ ਵਿਚਾਰਧਾਰਾ ਨੂੰ ਦਰਸਾਉਣ ਲਈ ਕਾਮਯਾਬ ਸਿੱਧ ਹੋਈਆਂ ਹਨ। ਨਾਟਕ ਵਿੱਚ ਵਹਿਮਾਂ-ਭਰਮਾਂ ਵਿੱਚ ਫਸੇ ਲੋਕਾਂ (ਜਿਵੇਂ ਜੁਲਾਹਾ ਤੇ ਹੋਰ ਪਾਤਰ) ਅਮਲੀ ਵਰਗੇ ਭਰਿਸ਼ਟ ਸੂਹੀਏ ਉਹਨਾਂ ਨੂੰ ਲੁੱਟਦੇ ਤੇ ਧਰਮ-ਕਰਮ ਦੇ ਨਾਂ 'ਤੇ ਠੱਗਦੇ ਹਨ। ਇਸੇ ਤਰ੍ਹਾਂ ਦਾ ਇਕ ਹੋਰ ਪਾਤਰ ਕੋਤਵਾਲ ਦਾ ਸਾਲਾ ਜੋ ਆਪਣਾ ਰੁਤਬਾ ਵਧਾਉਣ ਵਾਸਤੇ ਗਰੀਬਮਾਰ ਕਰਦਾ ਹੈ। ਕਾਮਣੀ ਤੇ ਮੋਹਣੀ ਵਰਗੀਆਂ ਦੋ ਰਾਜ ਨਰਤਕੀਆਂ ਕਾਮ ਵਿੱਚ ਗ੍ਰਸੀਆਂ ਵਿਸ਼ ਗੰਦਲਾਂ ਹਨ। ਪ੍ਰੋਹਤ, ਕਪਾਲਕ, ਅਘੋਰ, ਹੱਠ, ਜੋਗੀ ਆਦਿ ਸਭ ਪਾਖੰਡੀ ਹਨ ਜਿਨ੍ਹਾਂ ਨੇ ਧਰਮ ਨੂੰ ਭੋਗ ਵਿਲਾਸ ਦਾ ਸਾਧਨ ਬਣਾਇਆ ਹੈ। ਰਾਜਾ ਇਕ ਬਲਹੀਨ ਸ਼ਕਤੀ ਹੈ ਜੋ ਕਾਮ, ਕ੍ਰੋਧ, ਲੋਭ, ਮੋਹ ਵਿੱਚ ਗ੍ਰਸਿਆ ਪਾਤਰ ਹੈ। ਅਮਲੀ ਇਕ ਮਨਸਬਦਾਰ ਰਾਹੀਂ ਆਪਣੇ ਹਾਲਤ ਦੀ ਬੜੀ ਖੂਬਸੂਰਤੀ ਨਾਲ ਵਿਆਖਿਆ ਕਰਦਾ ਹੈ :-

ਸਭ ਪਾਸੇ ਝੂਠ ਫਰੇਬ ਦਾ ਪਸਾਰਾ ਹੈ।
ਜਿਹਾ ਰਾਜਾ ਤੇਹੀ ਪਰਜਾ।[6]

ਰਾਜੇ ਦੇ ਨਿੱਜੀ ਜੀਵਨ ਦਾ ਦੁਖਾਂਤ ਇਸ ਤੋਂ ਵੀ ਘਿਰਣਾ-ਜਨਕ ਹੈ। ਰਾਜਾ ਚੋਰੀ ਦਾ ਕਾਰਨ ਆਪਣੀ ਰਾਣੀ ਦੇ ਚਰਿੱਤਰ ਨੂੰ ਸਮਝਦਾ ਹੈ ;

ਰਾਜਾ:- ਚਰਿੱਤਰਹੀਣ ਔਰਤ ਨੂੰ ਮੈਂ ਇੱਕ ਪਲ ਬਰਦਾਸ਼ਤ ਨਹੀਂ ਕਰ ਸਕਦਾ।[7]

ਇਹੀ ਬਲਹੀਣ ਰਾਜਾ ਦੂਜੇ ਪਾਸੇ ਨਿਰਵਾਣ ਅਵਸਥਾ ਨੂੰ ਸ਼ਰਾਬ, ਮੀਟ, ਮੱਛੀ ਤੇ ਐਸ਼ੋ ਆਰਾਮ ਰਾਹੀਂ ਪ੍ਰਾਪਤ ਕਰਨ ਵਾਲੀ ਜਾਦੂਗਰਨੀਆਂ ਦੀ ਸਰਦਾਰ ਨੂਰਸ਼ਾਹ ਨੂੰ ਆਪਣੇ ਦਿਲ ਨੂੰ ਢਾਰਸ ਦੇਣ ਵਾਲੀ ਸਮਝਦਾ ਹੈ।

ਸੋ ਅਸੀਂ ਆਖ ਸਕਦੇ ਹਾਂ ਕਿ 'ਮਿਟੀ ਧੁੰਦ ਜੱਗ ਚਾਨਣ ਹੋਆ' ਨਾਟਕ ਇਕ ਐਸਾ ਨਿਵੇਕਲਾ ਨਾਟਕ ਹੈ ਜਿਸ ਵਿੱਚ ਹਾਸ-ਰਸ ਤੇ ਗੰਭੀਰਤਾ ਦਾ ਸਫਲ ਮੇਲ ਹੈ। ਇਹੀ ਹਾਸ-ਰਸ ਵੀ ਨਿਰਾ ਹਾਸ-ਰਸ ਨਹੀਂ ਇਸ ਵਿੱਚ ਕਟਾਖਸ਼ ਹੈ, ਆਲੋਚਨਾ ਹੈ ਤੇ ਕਹਾਣੀ ਨੂੰ ਅੱਗੇ ਤੋਰਨ ਦੀ ਖ਼ੂਬੀ ਹੈ। ਨਾਟਕਕਾਰ ਦੀ ਨਾਟਕ ਕਲਾ ਦੀ ਇਹੀ ਖਾਸੀਅਤ ਹੈ ਕਿ ਇਹ ਪਾਤਰ ਨੂੰ ਸਵਾਂਗ ਦੇ ਰੂਪ ਵਿੱਚ ਲੁਕੇ ਢੰਗ ਨਾਲ ਪੇਸ਼ ਕਰਨ ਦਾ ਮਾਹਿਰ ਹੈ।

ਉਪਰੋਕਤ ਸਾਰੀ ਚਰਚਾ ਤੋਂ ਅਸੀਂ ਆਖ ਸਕਦੇ ਹਾਂ ਕਿ ਇਹ ਨਾਟਕ ਗੁਰੂ ਸਾਹਿਬ ਦੇ ਨਾਇਕਤਵ ਤੇ ਸ਼ਖ਼ਸੀਅਤ ਨੂੰ ਉਘਾੜਨ ਵਾਲਾ ਇੱਕ ਅਜਿਹਾ ਨਾਟਕੀ ਦਸਤਾਵੇਜ਼ ਹੈ ਜਿਸ ਨੇ ਦੋ ਕਹਾਣੀਆਂ ਨੂੰ ਘਟਨਾਵਾਂ ਵਿੱਚ ਜੋੜ ਕੇ ਵਾਰਤਾਲਾਪ ਵਿੱਚ ਪ੍ਰਸਤੁਤ ਕਰਨ ਦੀ ਬਹੁਤ ਹੀ ਸਫ਼ਲ ਜੁਗਤੀ ਦੱਸੀ ਹੈ।

**(ਅ) ਬਲਵੰਤ ਗਾਰਗੀ - ਗਗਨ ਮੈ ਥਾਲੁ** 1969

ਇਹਨਾਂ ਇਤਿਹਾਸਕ ਨਾਟਕਾਂ ਵਿੱਚ ਗੁਰੂ ਨਾਨਕ ਦੇਵ ਜੀ ਦੀ 500 ਸਾਲਾ ਜਨਮ ਸ਼ਤਾਬਦੀ ਸਮੇਂ 'ਗਗਨ ਮੈ ਥਾਲੁ' 1969 ਬਲਵੰਤ ਗਾਰਗੀ ਦੁਆਰਾ ਰਚਿਤ ਨਾਟਕ ਸਾਹਮਣੇ ਆਉਂਦਾ ਹੈ। ਗਾਰਗੀ ਪੰਜਾਬੀ ਦੇ ਮੰਨੇ ਪ੍ਰਮੰਨੇ ਨਾਟਕਕਾਰਾਂ ਵਿੱਚੋਂ ਇੱਕ ਹੈ। ਗਾਰਗੀ ਇਕੱਲਾ ਹੀ ਅਜਿਹਾ ਨਾਟਕਕਾਰ ਹੈ ਜਿਸ ਨੇ ਪੰਜਾਬੀ ਨਾਟਕ ਨੂੰ ਬਠਿੰਡੇ ਤੋਂ ਪਟਿਆਲਾ, ਚੰਡੀਗੜ੍ਹ, ਦਿੱਲੀ ਤੋਂ ਬੰਬਈ ਤੇ ਫਿਰ ਅਮਰੀਕਾ, ਇੰਗਲੈਂਡ ਫਿਰ ਰੂਸ ਤੱਕ ਦਾ ਇੰਟਰਨੈਸ਼ਨਲ ਸਫ਼ਰ ਸਫ਼ਲਤਾ ਪੂਰਵਕ ਤੈਅ ਕਰਵਾਇਆ। ਇਸ ਮਹਾਨ ਨਾਟਕਕਾਰ ਨੂੰ ਪੰਜਾਬੀ ਸੋਵੀਅਤ ਯੂਨੀਅਨ ਵੱਲੋਂ ਸਨਮਾਨਿਆ ਵੀ ਗਿਆ।

ਗੁਰੂ ਨਾਨਕ ਸ਼ਤਾਬਦੀ ਸਮੇਂ ਗਾਰਗੀ ਨੇ ਆਪਣਾ ਯੋਗਦਾਨ ਪਾਇਆ। ਗਾਰਗੀ ਨੇ ਆਪਣਾ ਹਥਲਾ ਨਾਟਕ ਦੋ ਅੰਕਾਂ ਵਿੱਚ ਲਿਖਿਆ। ਪਹਿਲੇ ਅੰਕ ਵਿੱਚ 8 ਝਾਕੀਆਂ ਤੇ ਦੂਸਰੇ ਵਿੱਚ 6 ਝਾਕੀਆਂ ਹਨ। ਭਾਵ ਗੁਰੂ ਸਾਹਿਬ ਦੇ ਜੀਵਨ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਵੇਂ, ਗੁਰੂ ਸਾਹਿਬ ਦੇ ਜੀਵਨ ਦੇ ਪਹਿਲੇ ਵਿੱਚ ਗੁਰੂ ਸਾਹਿਬ ਦੇ ਆਗਮਨ ਸਮੇਂ ਦੀ ਸਥਿਤੀ, ਗੁਰੂ ਸਾਹਿਬ ਦਾ ਮੋਦੀਖਾਨੇ ਵਿੱਚ ਜਾਣਾ, ਵੇਈ ਨਦੀ ਵਿੱਚ ਟੁੱਬੀ ਲਗਾਉਣੀ, ਸੱਜਣ ਠੱਗ ਦਾ ਨਿਸਤਾਰਾ ਕਰਨਾ, ਰਾਣੀ ਨੂਰਸ਼ਾਹ ਦੇ ਮਹੱਲ ਦੀ ਝਾਕੀ ਅਤੇ ਜਗਨ ਨਾਥ ਦੇ ਮੰਦਰ ਦੀਆਂ ਘਟਨਾਵਾਂ ਨੂੰ ਇਕ ਕੜੀਦਾਰ ਵਾਰਤਾਲਾਪ ਵਿੱਚ ਪਰੋਇਆ ਹੈ। ਦੌਲਤ ਖਾਂ ਲੋਧੀ ਦਾ ਦਰਬਾਰ, ਬਾਬਰ ਦਾ ਸੱਦਾ, ਮਲਿਕ ਭਾਗੋ ਦੇ ਬ੍ਰਹਮ ਭੋਜ ਦੀ ਵਾਰਤਾਲਾਪ, ਦੌਲਤ ਖਾਂ ਲੋਧੀ ਮਹੱਲ ਬਾਬਰ ਦੇ ਹਮਲੇ ਨੂੰ ਦੂਸਰੇ ਅੰਕ ਵਿੱਚ ਪੇਸ਼ ਕਰਕੇ ਅੰਤ ਵਿੱਚ ਕਰਤਾਪੁਰ ਸਾਹਿਬ ਵਿਖੇ ਵਿਖਾਇਆ ਗਿਆ ਹੈ।

ਨਾਟਕਕਾਰ ਨੇ ਨਾਨਕ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਨੂੰ ਵਾਰਤਾਲਾਪ ਵਿੱਚ ਜੋੜ ਕੇ ਬਿਨਾਂ ਕਿਸੇ ਮੰਤਵ ਦੇ ਗੁੰਦ ਕੇ ਬਿਆਨ ਕੀਤਾ ਹੈ। 'ਗਗਨ ਮੈ ਥਾਲੁ' ਨਾਟਕ ਦਾ ਆਰੰਭ ਸੰਸਕ੍ਰਿਤ ਦੇ ਨਾਟ-ਪਰੰਪਰਾ ਵਾਂਗ ਨਟੀ ਤੇ ਸੂਤਰਧਾਰ ਦੀ ਵਾਰਤਾਲਾਪ ਨਾਲ ਸ਼ੁਰੂ ਹੁੰਦਾ ਹੈ। ਜਿਵੇਂ ਕਿ :-

ਤੁਸੀਂ ਕੌਣ ਹੁੰਦੇ ਹੋ?

ਸਿੱਖ ਮਰਿਆਦਾ ਅਨੁਸਾਰ ਕੋਈ ਵੀ ਵਿਅਕਤੀ ਮੰਚ 'ਤੇ ਗੁਰੂ ਸਾਹਿਬ ਦੀ ਭੂਮਿਕਾ ਨਹੀਂ ਨਿਭਾ ਸਕਦਾ। ਇਸ ਕਰਕੇ ਗੁਰੂ ਸਾਹਿਬ ਨੂੰ ਮੰਚ ਉੱਪਰ ਇਕ ਕਿਰਦਾਰ ਵਜੋਂ ਨਹੀਂ ਲਿਆਂਦਾ ਜਾ ਸਕਦਾ। ਬਲਵੰਤ ਗਾਰਗੀ ਨੇ ਇਸ ਮੁਸ਼ਕਿਲ ਦਾ ਹੱਲ ਨਵੀਆਂ ਮੰਚੀ ਵਿਉਂਤਾਂ ਰਾਹੀਂ ਕੱਢਿਆ ਹੈ ਅਤੇ ਗੁਰੂ ਸਾਹਿਬ ਦੇ ਨਾਇਕਤਵ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਰਾਹੀਂ ਸਟੇਜ 'ਤੇ ਫਿਲਮਾਇਆ। ਇਸ ਸੰਬੰਧੀ ਗਾਰਗੀ ਆਪ ਬਿਆਨ ਕਰਦੇ ਹਨ :-

ਗਗਨ ਮੈ ਥਾਲੁ ਲਿਖਣ ਲੱਗੇ ਮੈਂ ਲੋਕ ਨਾਟਕ ਦੀਆਂ

ਰਹੁ-ਰੀਤਾਂ ਨਾਟਕੀ ਵਿਉਤਾਂ ਤੇ ਆਧੁਨਿਕ ਪੱਛਮੀਂ ਜਾਚਾਂ ਦਾ ਪ੍ਰਯੋਗ ਕੀਤਾ। ਨਾਨਕ ਦਾ ਸੁਨੇਹਾ ਉਸ ਦੇ ਸਮਾਜੀ ਪਿਛੋਕੜ ਵਿੱਚ ਹੀ ਸਮਝਿਆ ਜਾ ਸਕਦਾ ਹੈ ਤੇ ਇਸ ਦੇ ਸਦੀਵੀ ਅਰਥ ਗ੍ਰਹਿਣ ਕੀਤੇ ਜਾ ਸਕਦੇ ਹਨ। ਜੁਲਮ, ਕੂੜ, ਰਾਜਸੀ ਧੋਖੇ, ਧਾਰਮਿਕ ਪਾਖੰਡ ਤੇ ਸਾਮੰਤਸ਼ਾਹੀ ਦਾਬੇ ਨੂੰ ਪ੍ਰਦਰਸ਼ਿਤ ਕਰਕੇ ਮੈਂ ਨਾਟਕ ਦੀ ਵੰਗਾਰ ਤੇ ਭਵਿੱਖ-ਬਾਣੀ ਨੂੰ ਉਘਾੜਨ ਦਾ ਯਤਨ ਕੀਤਾ ਹੈ।[8]

ਇਸ ਤਰ੍ਹਾਂ ਦੀਰਘ ਨਾਨਕ-ਕਾਲ ਨਾਟਕ ਵਿੱਚ ਸਮੇਂ-ਸਥਾਨ-ਕਾਰਜ ਦੇ ਲਘੂ ਤੇ ਨਾਟਕੀ ਰੂਪ ਵਿੱਚ ਪਰਿਵਰਤਿਤ ਹੋ ਕੇ ਨਾਨਕ ਦੇ ਰੰਗਮੰਚ ਉੱਤੇ ਪੇਸ਼ ਹੋਏ ਬਿਨਾਂ ਨਾਟਕ ਦਾ ਸੰਦੇਸ਼ ਸਫਲ ਵਾਹਕ ਬਣ ਗਿਆ। ਗੁਰੂ ਸਾਹਿਬ ਦੀ ਗੁਰਬਾਣੀ ਦੀਆਂ ਤੁਕਾਂ ਵੀ ਨਾਟਕ ਦੀ ਕਥਾ-ਵਸਤੂ ਇਸ ਤਰ੍ਹਾਂ ਵਿਉਂਤੀ ਕਿ ਗੁਰਬਾਣੀ ਦੀਆਂ ਤੁਕਾਂ ਨਾਟਕ ਦੀਆਂ ਘਟਨਾਵਾਂ ਨਾਲ ਜੁੜ ਜਾਣ ਤੇ ਦਰਸ਼ਕ/ਪਾਠਕ ਉਸ ਵਿੱਚੋਂ ਰਸ ਅਤੇ ਅਨੰਦ ਦੀ ਪ੍ਰਾਪਤੀ ਕਰ ਸਕੇ। ਬਲਵੰਤ ਗਾਰਗੀ ਦੇ ਵਾਰਤਾਲਾਪ ਸਿਰਫ਼ ਜਾਣਕਾਰੀ ਪੱਧਰ ਜਾਂ ਨਾਟਕੀ ਕਾਰਜ ਕਰਨ ਦੇ ਲਈ ਸਹਾਈ ਹੀ ਨਹੀਂ ਹੁੰਦੇ ਬਲਕਿ ਪਾਠਕ/ਦਰਸ਼ਕ ਦੇ ਭਾਵਾਂ ਤੱਕ ਪਹੁੰਚ ਕਰਦੇ ਹਨ। ਨਾਟਕ ਦੇ ਅੰਤ ਤੱਕ ਪਾਠਕ ਨੂੰ ਟੁੰਬਦੇ ਰਹਿੰਦੇ ਹਨ। ਗਾਰਗੀ ਪੇਸ਼ ਕਰਦਾ ਹੈ ਕਿ ਧਰਮ ਤੇ ਜਬਰ ਜੁਲਮ ਦੀ ਆੜ ਵਿੱਚ ਮਨੁੱਖ ਨੂੰ ਠੱਗਿਆ ਜਾ ਰਿਹਾ ਹੈ। ਇਸ ਕੂੜ ਨੂੰ ਤੇ ਅੱਤਿਆਚਾਰ ਨੂੰ ਨਾਨਕ ਦੀ ਬਾਣੀ 'ਦਾਤੀ' ਵਾਂਗ ਕੱਟਦੀ ਹੈ। ਜੁਲਮ ਦੀ ਅੱਗ ਪਿਛੋਂ ਸ਼ਬਦ ਹੀ ਠੰਡ ਪਾਉਂਦੇ ਹਨ।

ਰੰਗ ਮੰਚ ਉਪਰ ਬਹੁਤ ਦੀ ਘੱਟ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਮੰਚ ਉੱਤੇ ਇਹ ਕੰਮ ਗਾਰਗੀ ਨੇ ਦੋ ਨਟੀਆਂ ਤੋਂ ਕਰਵਾਇਆ ਹੈ। ਮੰਚ ਤੇ ਇਹਨਾਂ ਵਸਤੂਆਂ ਵਰਤੋਂ ਪਿਛੋਂ ਨਟੀਆਂ ਅਛੋਪਲੇ ਇਹ ਸਮੱਗਰੀ ਚੁੱਕ ਕੇ ਲੈ ਜਾਂਦੀਆਂ ਹਨ। ਜਿਵੇਂ ਮੌਲਵੀ ਦੇ ਆਉਣ ਤੋਂ ਪਹਿਲਾਂ ਇੱਕ ਨਟੀ ਮੰਚ 'ਤੇ ਪਾਣੀ ਦਾ ਲੋਟਾ ਰੱਖ ਜਾਂਦੀ ਹੈ। ਮੌਲਵੀ ਵੁਜ਼ੂ ਕਰ ਲੈਂਦਾ ਹੈ ਤਾਂ ਉਹ ਲੋਟਾ ਚੁੱਕ ਲੈ ਜਾਂਦੀ ਹੈ। ਮਰਦਾਨਾ ਭੋਜਨ ਨਾਲ ਭਰੇ ਹੋਏ ਕੌਲੇ ਦੀ ਗੱਲ ਕਰਦਾ ਹੈ ਜੋ ਨਾਟਕੀ ਅਵਸਰ ਵਾਪਰਨ ਤੋਂ ਥੋੜੀ ਦੇਰ ਪਹਿਲਾਂ ਹੀ ਉਥੇ ਰੱਖਿਆ ਜਾਂਦਾ ਹੈ।

ਮੰਚ ਜੜਤ ਵਿੱਚ ਵੀ ਕੋਈ ਖਾਸ ਸਮੱਗਰੀ ਨਹੀਂ ਹੁੰਦੀ ਜੋ ਮਹੱਲ ਦੌਲਤ ਖਾਂ ਲੋਧੀ ਦਾ ਹੈ। ਉਹੀ ਚੌਂਕੀ ਨੂੰ ਨੂਰਸ਼ਾਹ ਦਾ ਸਿੰਘਾਸਣ ਦਿਖਾਇਆ ਗਿਆ ਹੈ। ਮੰਚ 'ਤੇ ਸਿਰਫ਼ ਇਕ ਥੜਾ-ਨੁਮਾ ਚੌਂਤਰਾ ਹੈ ਜੋ ਕਿ ਇਕ ਤਖਤ ਦਾ ਕੰਮ ਕਰਦਾ ਹੈ। ਬਾਬਰ ਦਾ ਦਰਬਾਰ ਵੀ ਅਤੇ ਜਦੋਂ ਬਾਬਰ ਦੋਸਤਾਂ-ਮੰਤਰੀਆਂ ਨਾਲ ਸ਼ਰਾਬ ਆਦਿ ਦਾ ਜਾਮ ਪੀਂਦਾ ਹੈ ਤਾਂ ਉਸੇ ਥੜੇ ਨੂੰ ਹੀ ਦਿਖਾਇਆ ਗਿਆ ਹੈ। ਗਾਰਗੀ ਨੇ ਵਾਰਤਾਲਾਪ ਨੂੰ ਬੜੀ ਸੁੰਦਰਤਾ ਨਾਲ ਪੇਸ਼ ਕੀਤਾ ਹੈ। ਉਸ ਵਿੱਚ ਚਿੰਨਾਤਮਕ ਰੰਗਣ ਤੇ ਸਦੀਵੀਂ ਸੁੰਦਰਤਾ ਹੈ। ਕੂੜ ਦੀ ਲੇਫ਼ ਵਿੱਚ ਲਿੱਪਦਿਆਂ ਬ੍ਰਾਹਮਣ ਸੁਥਰਾ ਹੋ ਕੇ ਬੋਲਦਾ ਦਿਖਾਇਆ ਗਿਆ ਹੈ :-

ਬ੍ਰਾਹਮਣ :- ਰਾਣੀ ਦਾ ਪਾਣੀ ਕਿੰਨਾ ਮਿੱਠਾ ਹੈ, ਮੈਂ ਸਾਰੇ ਭਰਮ ਰੋੜ ਆਇਆ ਹਾਂ, ਜਨੇਊ ਨਾਲ ਮੇਰੇ ਪਿੰਡੇ ਤੇ ਲਾਸ਼ਾਂ ਪੈ ਗਈਆਂ ਸਨ। ਤਿਲਕ ਲਾ-ਲਾ ਕੇ ਮੇਰੇ ਮੱਥੇ ਦੀ ਬੁੱਧ ਜਾਂਦੀ ਰਹੀ ਸੀ, ਹੁਣ ਮੇਰਾ ਚਿੱਤ ਕਿੰਨਾ ਨਿਰਮਲ ਹੈ।[9]

ਇਵੇਂ ਹੀ ਵਿਅੰਗਾਤਮਕ ਸ਼ੈਲੀ ਦੀ ਵਾਰਤਾਲਾਪ ਦੀ ਵੀ ਨਾਟਕ ਵਿੱਚ ਭਰਮਾਰ ਹੈ।

ਸੱਜਣ :- ਮੇਰੇ ਤੇ ਇਹਨਾਂ ਲੋਕਾਂ ਵਿੱਚ ਫਰਕ ਹੈ ਕਿ ਮੈਂ ਸੱਚਾ ਠੱਗ ਹਾਂ ਤੇ ਉਹ ਝੂਠੇ।[10]

ਨਾਟਕ ਵਿੱਚ ਲੋਕ-ਨਾਟਕੀ ਅੰਸ਼ਾਂ ਦੀ ਵਰਤੋਂ ਵੀ ਕੀਤੀ ਗਈ ਹੈ। ਰਬਾਬੀਆਂ ਦਾ ਇੱਕ ਟੋਲਾ ਨਾਟਕ ਵਿੱਚ ਗਾ-ਗਾ ਕੇ ਨਾਟਕੀ ਸਿਖਰ ਦੀ ਉਸਾਰੀ ਕਰਦਾ ਹੋਇਆ, ਨਾਨਕ ਸਾਹਿਬ ਦੇ ਆਪਣੇ ਸਕੇ ਸੰਬੰਧੀਆਂ ਨੂੰ ਲੋਕ ਭਲਾਈ ਲਈ ਛੱਡ ਕੇ ਉਦਾਸੀਆਂ ਉੱਪਰ ਜਾਣ ਸਮੇਂ ਉਹਨਾਂ ਦੇ ਨਾਇਕਤਵ ਨੂੰ ਇਉਂ ਬਿਆਨ ਕਰਾਇਆ ਗਿਆ ਹੈ :-

ਰਬਾਬੀਆਂ ਦਾ ਕੋਰਸ :- ਇਕ ਦੇ ਸਿਰ ਦਾ ਸਾਈਂ
ਮੁੜਿਆ ਇਕ ਦੀ ਅੱਖ ਦਾ ਨੂਰ
ਇਕ ਦੀ ਮਮਤਾ ਸਾਗਰ ਬਣ ਗਈ
ਨੂਰ ਹੋਇਆ ਸੰਧੂਰ।[11]

ਜਾਂ

ਤੀਵੀਆਂ ਦਾ ਕੋਰਸ:-ਇੱਕ ਦੇ ਥਣ ਵਿੱਚ ਬਿਰਹਾ ਰੋਵੇ

ਇੱਕ ਦੀ ਮਾਂਗ ਸੰਧੂਰ।[12]

ਭਾਸ਼ਾ ਦੀ ਵੀ ਨਾਟਕਕਾਰ ਨੇ ਸੰਸਕ੍ਰਿਤ ਨਾਟ-ਪਰੰਪਰਾ ਵਾਂਗੂ ਖਾਸ ਵਰਤੋਂ ਕੀਤੀ ਹੈ। ਪਾਤਰਾਂ ਦੀ ਸਥਿਤੀ ਅਨੁਸਾਰ ਉਹਨਾਂ ਦੇ ਮੂੰਹੋਂ ਭਾਸ਼ਾ ਬੁਲਵਾਈ ਹੈ। ਪੰਡਤਾਂ ਪਾਸੋਂ ਸੰਸਕ੍ਰਿਤ ਸ਼ਬਦਾਂ ਵਾਲੇ ਵਾਕਾਂ ਦੀ ਵਰਤੋਂ ਤੇ ਮੌਲਵੀ ਤੋਂ ਉਰਦੂ-ਫ਼ਾਰਸੀ ਵਾਲੇ ਸ਼ਬਦਾਂ ਦਾ ਉਚਾਰਨ ਕਰਵਾਇਆ ਹੈ। ਜਿਵੇਂ :-

ਬ੍ਰਾਹਮਣ:-

ਓਮ ਸ਼ਿਵਾਏ ਨਮਹ ਜੈ-ਜੈ ਜਲ ਕੀ ਧਾਰਾ,
ਕ੍ਰਿਸ਼ਨ ਮੁਰਾਰਾ। ਹੇ ਸੂਰਜ ਦੇਵ
ਹਮਾਰੀ ਓਰ ਭੀ ਦੇਖ,
ਖੜਾ ਹੈ ਭਗਤ ਤੁਮਾਰਾ, ਲੈ ਕੇ ਜਲ ਕੀ ਧਾਰਾ।[13]

ਮੌਲਵੀ:-

ਅੱਜ ਬਕਰੀਦ ਹੈ ਵੱਡੀ ਨਮਾਜ਼ ਹੈ। ਰਮਜ਼ਾਨ ਦਾ ਸਾਰਾ ਮਹੀਨਾ ਸ਼ਹਿਰੀ ਖਾਂਦੇ-ਖਾਂਦੇ ਅੱਕ ਗਏ ਆਂ ਦੁੰਬਾ ਦਾ ਰੜਿਆ ਗੋਸ਼ਤ ਖਾਣਾ ਨਸੀਬ ਹੋਵੇਗਾ।[14]

ਗਾਰਗੀ ਨੇ ਇਸ ਨਾਟਕ ਵਿੱਚ ਬਾਬਰ ਸਮੇਂ ਦੇ ਭਾਰਤ ਦੇ ਸਮਾਜਿਕ, ਆਰਥਿਕ, ਰਾਜਸੀ ਸਥਿਤੀਆਂ ਨੂੰ ਦਰਸਾਇਆ ਹੈ। ਉਸ ਦੇ ਵਿਰੋਧ ਵਿੱਚ ਵਿਚਾਰਧਾਰਕ ਵਿਰੋਧੀ ਦੇ ਰੂਪ ਵਿੱਚ ਖੜੇ ਗੁਰੂ ਨਾਨਕ ਨੂੰ ਸਦੀ ਦੇ ਮਹਾਂ-ਨਾਇਕ ਵਜੋਂ ਚਿਤਵਿਆ ਹੈ।

ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨਾਲ ਸੰਬੰਧਿਤ ਪ੍ਰਮੁੱਖ ਨਾਟਕਾਂ ਦਾ ਆਲੋਚਨਾਤਮਕ ਅਧਿਐਨ ਕਰਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਚਾਹੇ ਇਹਨਾਂ ਨਾਟਕਾਂ ਦਾ ਵਿਸ਼ਾ ਵਸਤੂ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਸਾਖੀ ਸਾਹਿਤ ਤੋਂ ਲਿਆ ਗਿਆ ਹੈ। ਸਾਖੀ ਸਾਹਿਤ ਗੁਰੂ ਵਿਅਕਤੀਆਂ ਦੀ ਸ਼ਖ਼ਸੀਅਤ ਅਤੇ ਨਾਇਕਤਵ ਅਤੇ ਉਹਨਾਂ ਨੂੰ ਹੋਰ ਧਰਮਾਂ ਦੇ ਦੇਵੀ ਦੇਵਤਿਆਂ ਦੇ ਬਰਾਬਰ ਦੀ ਸ਼ਖ਼ਸੀਅਤ ਬਣਾ ਕੇ ਪੇਸ਼ ਕਰਨ ਦੇ ਮੰਤਵ ਲਈ ਰਚਿਆ ਗਿਆ। ਇਨ੍ਹਾਂ ਸਾਖੀਆਂ ਵਿੱਚ ਸ਼ਰਧਾ ਭਾਵ ਪ੍ਰੇਮ ਭਾਵਨਾ ਅਤੇ ਅਲੌਕਿਕਤਾ ਦੇ ਅੰਸ਼ ਕਾਫ਼ੀ ਪਾਏ ਗਏ ਪਰ ਪੰਜਾਬੀ ਨਾਟਕਾਂ ਵਿੱਚ ਇਹ ਸਾਖੀਆਂ ਨੂੰ ਬਹੁਤ ਹੀ ਲੌਕਿਕ ਢੰਗ ਨਾਲ ਪੇਸ਼ ਕੀਤਾ ਗਿਆ ਅਤੇ ਸਿੱਖ ਗੁਰੂ ਨਾਨਕ ਦੇ ਨਾਇਕਤਵ ਨੂੰ ਵੀ ਅਧਿਕ ਲੌਕਿਕਤਾ ਵਿੱਚ ਚਿਤਰਿਆ ਗਿਆ ਹੈ। ਸੋ ਪੰਜਾਬੀ ਨਾਟਕ ਗੁਰੂ ਨਾਨਕ ਦੇਵ ਜੀ ਦੇ ਨਾਇਕਤਵ ਨੂੰ ਵਧੇਰੇ ਯਥਾਰਥਵਾਦੀ ਅਤੇ ਲੌਕਿਕ ਰੰਗਤ ਪ੍ਰਦਾਨ ਕਰਦਾ ਹੈ।

**ਹਵਾਲੇ**


1. ਡਾ. ਬਲਦੇਵ ਸਿੰਘ ਬੱਦਨ, ਬਾਣੀ ਭਗਤ ਰਵਿਦਾਸ ਇਕ ਵਿਵੇਚਨ, ਪੰਨਾ - 39
2. ਕੁਸਮ ਵਾਰਸ਼ਨਯ, ਹਿੰਦੀ ਉਪਨਿਆਸੋਂ ਮੇਂ ਨਾਇਕ, ਪੰਨਾ - 23
3. ਡਾ. ਸਰਬਜੀਤ ਸਿੰਘ, ਪਰੰਪਰਾ ਅਤੇ ਪ੍ਰਵਾਹ, ਪੰਨਾ - 140
4. ਡਾ. ਆਤਮਜੀਤ ਸਿੰਘ, ਗੁਰੂ ਨਾਨਕ ਨਾਟ ਅਧਿਐਨ, ਪੰਨਾ - 82
5. ਉਹੀ, ਪੰਨਾ - 83
6. ਡਾ. ਹਰਚਰਨ ਸਿੰਘ, ਮਿਟੀ ਧੁੰਦ ਜਗ ਚਾਨਣ ਹੋਆ (ਨਾਟਕ), ਪੰਨੇ - 27- 28
7. ਉਹੀ, ਪੰਨਾ - 44
8. ਬਲਵੰਤ ਗਾਰਗੀ, ਗਗਨ ਮੈ ਥਾਲੁ (ਨਾਟਕ), ਪੰਨਾ - 19
9. ਉਹੀ, ਪੰਨਾ - 11
10. ਉਹੀ, ਪੰਨਾ - 75
11. ਉਹੀ, ਪੰਨਾ - 39
12. ਉਹੀ, ਪੰਨਾ - 30
13. ਉਹੀ, ਪੰਨਾ - 30
14. ਉਹੀ, ਪੰਨਾ - 22



ਖੋਜਾਰਥੀ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
94655-05128

# ਮਨਜੀਤ ਟਿਵਾਣਾ ਦੀ ਲੰਬੀ ਕਵਿਤਾ : ਸਾਵਿਤਰੀ

ਰਮਨਪ੍ਰੀਤ ਕੌਰ



ਪੰਜਾਬੀ ਕਵਿਤਾ ਵਿੱਚ ਇੱਕ ਪ੍ਰਤੀਨਿਧ ਸ਼ਾਇਰਾ ਦੇ ਤੌਰ 'ਤੇ ਜਾਣੀ ਜਾਣ ਵਾਲੀ ਮਨਜੀਤ ਟਿਵਾਣਾ ਆਪਣੀ ਪੀੜ੍ਹੀ ਦੀ ਵਿਲੱਖਣ ਕਾਵਿ ਪ੍ਰਤਿਭਾ ਕਰਕੇ ਸਾਹਿਤਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ ਰਹੀ ਹੈ। ਡਾ. ਸੁਤਿੰਦਰ ਸਿੰਘ ਨੂਰ ਨੇ ਮਨਜੀਤ ਟਿਵਾਣਾ ਨੂੰ ਸਮਕਾਲੀ ਕਵੀਆਂ 'ਚ ਅੰਮ੍ਰਿਤਾ ਦੀ ਪੀੜ੍ਹੀ ਤੋਂ ਬਾਅਦ ਸਭ ਤੋਂ ਵੱਧ ਸਥਾਪਿਤ ਕਵੀ ਕਿਹਾ ਹੈ। ਮਨਜੀਤ ਟਿਵਾਣਾ ਬਾਰੇ ਡਾ. ਅਤਰ ਸਿੰਘ ਦਾ ਵਿਚਾਰ ਸੀ ਕਿ, "ਇਹ ਕਹਿਣ ਵਿਚ ਅਤਿਕਥਨੀ ਨਹੀਂ ਹੋਵੇਗੀ ਕਿ ਮਨਜੀਤ ਟਿਵਾਣਾ ਨੇ ਹੋਰਨਾਂ ਇਸਤਰੀ ਲੇਖਿਕਾਵਾਂ ਨੂੰ ਅਮਲੀ ਰੂਪ ਵਿਚ ਉਲੰਘਿਆ ਜਾਂ ਪਛਾੜਿਆ ਹੈ। ਜਿਹੜੀ ਜ਼ਿੰਦਗੀ ਪ੍ਰਤੀ ਆਪਣੇ ਨਜ਼ਰੀਏ ਨੂੰ ਇਕ ਔਰਤ ਹੋਣ ਦੇ ਬਾਵਜੂਦ ਨਿਝੱਕ ਤੇ ਨਜ਼ਰੀਏ ਬੇਝਿਜਕ ਸਾਹਮਣੇ ਰੱਖਦੀ ਹੈ।" ਉਸ ਦੀ ਸਭ ਤੋਂ ਪਹਿਲੀ ਕਾਵਿ-ਪੁਸਤਕ 'ਇਲਹਾਮ ਕਵਿੱਤਰੀ' ਦੇ ਛਪਣ ਤੋਂ ਬਾਅਦ ਉਹ ਅਤਿ ਸਫਲਤਾ ਨਾਲ ਸਥਾਪਿਤ ਹੋਈ। ਉਸ ਦਾ ਪਰਿਚੈ-ਪੱਤਰ ਸਿਰਫ਼ ਮਹੱਤਵਪੂਰਨ ਔਰਤ ਕਵਿੱਤਰੀ ਦੇ ਤੌਰ 'ਤੇ ਨਹੀਂ ਸਗੋਂ ਉਹ ਨਵੀਂ ਪੀੜ੍ਹੀ ਦੀ ਪ੍ਰਮੁੱਖ ਕਵਿੱਤਰੀ ਹੈ। ਉਸ ਦੀਆਂ ਕਵਿਤਾਵਾਂ ਜ਼ਿੰਦਗੀ ਪ੍ਰਤੀ ਪੂਰੀ ਤਰ੍ਹਾਂ ਨਵਾਂ ਨਰੋਇਆ ਤੇ ਸਿਆਣਾ ਵਿਚਾਰ ਪ੍ਰਤੀਬਿੰਬਤ ਕਰਦੀਆਂ ਹਨ। "ਮਨਜੀਤ ਟਿਵਾਣਾ ਨੂੰ 'ਉਣੀਦਾ ਵਰਤਮਾਨ' ਲਈ ਸਾਹਿਤ ਅਕਾਦਮੀ ਪੁਰਸਕਾਰ (1990) ਅਤੇ ਸ਼੍ਰੋਮਣੀ ਪੰਜਾਬੀ ਕਵੀ ਪੁਰਸਕਾਰ, ਪੰਜਾਬ ਸਟੇਟ ਭਾਸ਼ਾ ਵਿਭਾਗ ਵੱਲੋਂ 1990 ਵਿੱਚ ਮਿਲਿਆ।

ਪੰਜਾਬੀ ਦੀ ਰੈਡੀਕਲ ਨਾਰੀਵਾਦੀ ਕਵਿੱਤਰੀ ਮਨਜੀਤ ਟਿਵਾਣਾ, ਜਿਸ ਨੇ ਆਪਣੇ ਕਾਵਿ-ਸੰਗ੍ਰਹਿ ਇਲਹਾਮ (1976) ਤੋਂ ਲੈ ਕੇ ਅੱਗ ਦੇ ਮੋਤੀ (2008) ਤੱਕ ਦੇ ਤਿੰਨ-ਸਾਢੇ ਤਿੰਨ ਦਹਾਕਿਆਂ ਦੇ ਲੰਮੇ ਵਕਫ਼ੇ ਦੌਰਾਨ ਆਪਣੀਆਂ ਲਿਖਤਾਂ ਰਾਹੀਂ ਜਾਂ ਪਿਤਰਕੀ ਸਮਾਜ ਦੁਆਰਾ ਔਰਤ 'ਤੇ ਕੀਤੇ ਜਾ ਰਹੇ ਜਬਰ-ਜ਼ੁਲਮ ਦਾ ਤਿੱਖਾ ਵਿਰੋਧ ਹੀ ਜ਼ਾਹਿਰ ਨਹੀਂ ਕੀਤਾ, ਸਗੋਂ ਪਰੰਪਰਕ ਸਮਾਜ ਦੁਆਰਾ ਔਰਤ 'ਤੇ ਜਬਰਨ ਥੋਪੀਆਂ ਗਈਆਂ ਨੈਤਿਕ ਕਦਰਾਂ-ਕੀਮਤਾਂ ਜੋ ਔਰਤ ਦੇ ਸੰਤਾਪ ਤੇ ਹੋਣੀ ਦਾ ਸਿੱਧੇ-ਅਸਿੱਧੇ ਰੂਪ ਵਿੱਚ ਕਾਰਨ ਬਣਦੀਆਂ ਰਹੀਆਂ ਹਨ, ਨੂੰ ਆਪਣੀ ਬੋਧਿਕ ਕਾਵਿ-ਚੇਤਨਾ ਰਾਹੀਂ ਖੰਡਿਤ ਕੀਤਾ ਹੈ। ਪੰਜਾਬੀ ਦੀ ਇਹ ਚੇਤਨ ਸ਼ਾਇਰਾ ਇਤਿਹਾਸ ਤੇ ਮਿਥਿਹਾਸ ਵਿਚ ਸਿਰਜੇ ਗਏ ਔਰਤ ਦੇ ਬਿੰਬ ਅਤੇ ਪਰਿਭਾਸ਼ਾਵਾਂ ਨੂੰ ਵੀ ਸੁਆਲੀਆ ਘੇਰੇ ਵਿੱਚ ਲੈਂਦੀ ਹੈ ਕਿਉਂਕਿ "ਆਖ਼ਰ ਇਹ ਉਹ ਮਿੱਥਾਂ ਹਨ ਜੋ ਇਕ ਪੱਧਰ ਉੱਤੇ ਨਾਰੀ ਦੇ ਦਮਨ ਨੂੰ ਪੇਸ਼ ਕਰਦੀਆਂ ਹਨ ਤੇ ਦੂਜੇ ਪੱਧਰ ਉੱਤੇ ਨਾਰੀ ਦੇ ਪਿਤਰਕੀ ਵਿਚ ਆਤਮਸਾਤੀ ਕਰਨ ਦਾ ਸਾਧਨ ਬਣਦੀਆਂ ਹਨ। ਇਹਨਾਂ ਮਿੱਥਾਂ ਰਾਹੀਂ ਹੀ ਨਾਰੀ ਦੀ ਪ੍ਰਕਿਰਤਕ ਪ੍ਰਯਤਨਸ਼ੀਲਤਾ ਨੂੰ ਅਪਵਿੱਤਰ ਸਿੱਧ ਕਰਕੇ ਉਸ ਦੀ ਜ਼ਿੰਦਗੀ ਦਾ ਪ੍ਰਯੋਜਨ ਪਤੀ-ਪਰਮੇਸ਼ਰ ਦੀ ਭਗਤੀ ਨਿਰਧਾਰਿਤ ਕੀਤਾ ਗਿਆ ਹੈ। ਮਨਜੀਤ ਟਿਵਾਣਾ ਔਰਤ ਦੀ ਪ੍ਰਮਾਣਿਕ ਹੋਂਦ ਦੀ ਤਲਾਸ਼ ਵਿੱਚ ਪਿਤਰਕੀ ਸਮਾਜ ਦੁਆਰਾ ਸਿਰਜੀਆਂ ਮਿੱਥਾਂ ਦੀਆਂ ਪਰਤਾਂ ਨੂੰ ਆਪਣੀ ਲੰਮੀ ਕਵਿਤਾ 'ਸਵਿੱਤਰੀ' ਵਿੱਚ ਮੁੜ ਫਰੋਲਦੀ ਤੇ ਉਧੇੜਦੀ ਹੋਈ ਨਜ਼ਰ ਆਉਂਦੀ ਹੈ।

ਮਨਜੀਤ ਟਿਵਾਣਾ ਦੁਆਰਾ ਲਿਖਤ ਲੰਮੀ ਕਵਿਤਾ 'ਸਵਿੱਤਰੀ' ਦਾ ਆਰੰਭ ਕੁਰਬਾਨੀ ਦੀ ਮੂਰਤ ਮਾਂ ਦੀ ਧੀ ਨਾਲ ਭਾਵੁਕ/ਜਜ਼ਬਾਤੀ ਸਾਂਝ ਤੋਂ ਹੁੰਦਾ ਹੈ। ਮਾਂ ਦੀ ਮਮਤਾ ਜੋ ਹਮੇਸ਼ਾ ਆਪਣੀ ਧੀ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹੋਈ ਦੁਆਵਾਂ ਦੇ ਨਾਲ-ਨਾਲ ਫ਼ਿਕਰਮੰਦੀ ਵੀ ਜ਼ਾਹਿਰ ਕਰਨੋਂ ਨਹੀਂ ਰਹਿ ਪਾਉਂਦੀ-

ਅੰਮੜੀ ਬੈਠੀ ਚਰਖਾ ਡਾਏ,
ਸੁਫ਼ਨੇ ਕੱਤੇ ਸਹਿਮ ਹੰਢਾਏ,
ਵੇਖੇ ਨਿੱਤ ਭਵਿੱਖ ਦੇ ਸੁਫ਼ਨੇ,
ਕਾਸ਼ ਇਹ ਤਾਰੇ ਹੱਥ ਆ ਜਾਂਦੇ
ਧੀ ਦੀ ਫੁਲਕਾਰੀ ਵਿੱਚ ਮੜ੍ਹਦੀ,
ਕਾਸ਼ ਕਦੀ ਧੀ ਦੇ ਸ਼ਗਨਾਂ
ਦੀ ਘੜੀ ਸੁਭਾਗੀ ਆਏ। (ਸਾਵਿਤਰੀ ਪੰਨਾ-17)

ਚੰਬੇ ਦੀ ਵੇਲ ਜਿਹੜੀ ਅਸਾਂ ਨੇ ਸੀ ਲਾਈ
ਅੱਜ ਤਾਂ ਉਹ ਨਿੱਸਰੀ ਬਨੇਰੇ ਚੜ੍ਹ ਆਈ
ਅਜੇ ਵੀ ਸਾਵਿਤਰੀ ਨੂੰ ਦੇਹਲੀ ਨੀ ਥਿਆਈ,
(ਸਾਵਿਤਰੀ ਪੰਨਾ 18)

ਮਾਂ ਹੈ ਹੋਈ ਫ਼ਿਕਰਮੰਦ
ਡਾਢੀ ਸੋਚਵਾਨ
ਚਾਹੁੰਦਾ ਏ ਧੀ ਦੇ ਲਈ
ਕੋਈ ਧਨਵਾਨ
ਹਰ ਧਨਵਾਨ ਤਾਂ ਹੈ ਹੁੰਦਾ ਲੋਭਵਾਨ

ਫੁੱਲ ਕਸੁੰਭੜੇ ਦੇ ਚਮਕੀਲੇ
ਹੱਥ ਨਾ ਧੀ ਦੇ ਹੋਏ ਪੀਲੇ (ਸਾਵਿਤਰੀ ਪੰਨਾ 19)

ਮਾਂ ਦੀ ਫ਼ਿਕਰਮੰਦੀ ਹੋਰ ਤੀਖਣ ਰੂਪ ਗ੍ਰਹਿਣ ਕਰ ਲੈਂਦੀ ਹੈ ਜਦੋਂ ਸਾਵਿਤਰੀ ਮਾਂ ਨੂੰ ਆਪਣੇ ਖੋਫਨਾਕ ਸੁਪਨੇ ਬਾਰੇ ਦੱਸਦੀ ਹੈ ਜਿਸ ਵਿਚ ਮੌਤ ਦੇ ਦੇਵਤੇ ਨੇ ਉਸ ਦੇ ਸੁਪਨਿਆਂ ਦੇ ਸ਼ਹਿਜ਼ਾਦੇ ਨੂੰ ਉਸ ਕੋਲੋਂ ਖੋਹ ਕੇ ਉਸ ਦੀਆਂ ਖ਼ੁਸ਼ੀਆਂ ਲੁੱਟ ਲਈਆਂ ਸਨ:-

ਧੀਏ ਸੁਫ਼ਨਾ ਕਿਹਾ ਸੁਣਾਇਆ
ਇਸ ਵਿਚ ਦਿਸੇ ਪ੍ਰੇਤ ਦਾ ਛਾਇਆ,
ਸੋਚ ਭਵਿੱਖ ਤੇਰਾ ਨੀ ਧੀਏ,
ਅੱਜ ਡਾਢਾ ਹੀ ਜੀ ਘਬਰਾਇਆ। (ਪੰਨਾ 18)

ਮਾਂ ਫ਼ਿਕਰਮੰਦੀ ਤੇ ਘਬਰਾਹਟ ਵਿੱਚ ਪੰਡਿਤ ਨਾਰਦ ਨੂੰ ਧੀ ਦੀ ਕੁੰਡਲੀ ਦਿਖਾਉਂਦੀ ਹੈ ਤੇ ਪੰਡਿਤ ਨਾਰਦ ਧੀ ਦੇ ਮੰਗਲੀਕ ਹੋਣ ਬਾਰੇ ਦੱਸਦਾ ਹੈ। ਮਾਂ ਪੰਡਿਤ ਕੋਲੋਂ ਕੋਈ ਉਪਾਅ ਪੁੱਛਦੀ ਹੈ ਪਰ ਪੰਡਿਤ ਸਾਵਿਤਰੀ ਦੀ ਮਾਂ ਨੂੰ ਸਵਾਲ ਕਰਦਾ ਹੈ ਕਿ-

"ਇਸ ਮੰਗਲੀਕ ਦਾ ਵਿਆਹ ਕਿਹਦੇ ਨਾਲ ਰਚਾਏਂਗੀ ?
ਇਹ ਸਾਵਿਤਰੀ ਅੱਜ ਦੀ ਪੂਰੀ ਪੀੜ੍ਹੀ ਹੈ
ਇਹ ਪੂਰੀ ਪੀੜ੍ਹੀ ਮੰਗਲੀਕ ਏ...।" (ਪੰਨਾ-3)

ਅਸਲ ਵਿੱਚ ਸਾਵਿਤਰੀ ਦਾ ਪ੍ਰਤੀਕ ਮਨਜੀਤ ਟਿਵਾਣਾ ਨੇ ਅਜੋਕੀ ਬਿਮਾਰ ਸਦੀ ਲਈ ਵਰਤਿਆ ਹੈ, ਜੋ ਮੰਗਲੀਕ ਹੈ। ਮਨਜੀਤ ਟਿਵਾਣਾ ਅੰਮ੍ਰਿਤਾ ਪ੍ਰੀਤਮ ਨੂੰ ਕਹਿੰਦੀ ਹੈ ਕਿ "ਦੀਦੀ! ਇਹ ਮੇਰੀ ਸਾਵਿਤਰੀ ਮੇਰੀ ਪੂਰੀ ਪੀੜ੍ਹੀ ਏ- ਮੇਰੀ ਪੂਰੀ ਪੀੜ੍ਹੀ ਮੰਗਲੀਕ ਏ-।" ਜਦੋ ਸੱਤਿਆਵਾਨ ਵੀ ਸਾਵਿਤਰੀ ਨੂੰ ਸਵਾਲ ਕਰਦਾ ਹੈ ਕਿ ਤੂੰ ਕੌਣ ਹੈ, ਕਿਹੜੇ ਦੇਸੋਂ ਆਈ ਹੈ, ਕਿਹੜੀ ਮਾਂ ਦੀ ਜਾਈ ਹੈ ਤਾਂ ਸਾਵਿਤਰੀ ਦਾ ਜਵਾਬ ਵੀ ਕੁੱਝ ਇਸ ਤਰ੍ਹਾਂ ਦਾ ਹੀ ਹੁੰਦਾ ਹੈ-

ਮੈ ਹਾਂ ਵੀਹਵੀਂ ਸਦੀ
ਹਾਂ ਉਦਾਸ ਤੇ ਨਿਰਾਸ਼
ਬਿਨ ਵਫ਼ਾ ਮਰ ਜਾਣਾ
ਹੋ ਕੇ ਆਸੋ ਬੇਆਸ (ਪੰਨਾ-22)

ਪੰਡਿਤਾਂ ਪਾਸੋਂ ਧੀ ਦੇ ਲੇਖਾਂ ਦਾ ਸੱਚ ਜਾਣਨ ਮਗਰੋਂ ਮਾਂ ਧੀ ਨੂੰ ਨਸੀਹਤਾਂ ਦਿੰਦੀ ਹੈ ਤੇ ਭਵਿੱਖ ਬਾਰੇ ਜਾਗਰੂਕ ਕਰਦਿਆਂ ਸੋਚ-ਵਿਚਾਰ ਕੇ ਫ਼ੈਸਲੇ ਲੈਣ ਬਾਰੇ ਕਹਿੰਦੀ ਹੈ :-

ਧੀਏ ਸਿਆਣੀ ਹੋ ਤੂੰ ਮੁੜ
ਐਵੇਂ ਨਾ ਉਸ ਮਗਰੇ ਟੁਰ
ਦਿਲ ਦੀ ਗੱਲ ਨੂੰ ਪਿੱਛੇ ਕਰ
ਸੋਚ ਵਿਚਾਰ ਕੇ ਪੱਬ ਤੂੰ ਧਰ
ਇੰਝ ਨਾ ਹੋਵੇ ਧੋਖਾ ਖਾਵੇ
ਮੇਰੇ ਵਰਗੇ ਲੇਖ ਲਿਖਾਵੇ
ਉਮਰ ਦੀ ਸਿਖਰ ਦੁਪਹਿਰ ਗੁਆਵੇ
ਹਾਸੇ ਤੇ ਖ਼ੁਸ਼ੀਆਂ ਖੋ ਆਵੇ
ਜਨਮ ਜਨਮ ਦਾ ਰੋਗ ਲਗਾਵੇ

ਪਰ ਸਾਵਿਤਰੀ ਦਾ ਜਵਾਬ ਹੁੰਦਾ ਹੈ ਕਿ—

ਜਾਣ ਲਿਆ ਜਾਂਚ ਲਿਆ ਹੈ
ਇਹੋ ਹੈ ਇਕ ਸਖਸ ਸਹੀ
ਏਸ ਬਿਨਾਂ ਨਹੀਂ ਮੁਕਤੀ ਮੇਰੀ
ਏਸ ਬਿਨਾਂ ਨਹੀ ਹੋਣੀ ਗਤੀ (ਪੰਨਾ-23)

ਜਿੱਥੇ ਸਾਡਾ ਸਮਾਜ ਔਰਤ ਤੋਂ ਸਾਵਿਤਰੀ ਵਰਗੀ ਸਤੀ ਔਰਤ ਹੋਣ ਦੀ ਕਾਮਨਾ ਕਰਦਾ ਹੈ ਉੱਥੇ ਔਰਤ ਦਾ ਅਵਚੇਤਨ ਵੀ ਪਿਤਰਕੀ ਦਾਬੇ ਦਾ ਏਨਾ ਸ਼ਿਕਾਰ ਹੋ ਗਿਆ ਹੈ ਕਿ ਅਚੇਤ ਹੀ ਪਿਤਰਕੀ ਤਾਣੇ-ਬਾਣੇ ਦੁਆਰਾ ਸਿਰਜੀਆਂ ਰਵਾਇਤਾਂ ਤੇ ਨੈਤਿਕਤਾ ਦੇ ਨਾਂਅ ਹੇਠ ਔਰਤਾਂ ਮਿੱਥਕ ਪ੍ਰਵਚਨਾਂ ਨੂੰ ਸਹਿਜੇ ਹੀ ਸਵੀਕਾਰ ਕਰ ਲੈਂਦੀਆਂ ਹਨ। ਜੇਕਰ ਸਾਵਿਤਰੀ ਦੀ ਗੱਲ ਕਰੀਏ ਤਾਂ ਉਹ ਸਾਡੇ ਮਿੱਥ ਸੰਸਾਰ ਵਿੱਚ ਇੱਕ ਨਿਡਰ ਔਰਤ ਦੇ ਰੂਪ ਵਿੱਚ ਪੇਸ਼ ਕੀਤੀ ਗਈ ਹੈ ਜੋ ਮੌਤ ਦੇ ਦੇਵਤੇ ਯਮਰਾਜ ਨੂੰ ਵੀ ਆਪਣੀ ਜ਼ਿੱਦ, ਪਵਿੱਤਰਤਾ ਤੇ ਦ੍ਰਿੜਤਾ ਅੱਗੇ ਝੁਕਣ ਲਈ ਮਜਬੂਰ ਕਰ ਦਿੰਦੀ ਹੈ ਤੇ ਆਪਣੇ ਪਤੀ ਸਤਿਆਵਾਨ ਨੂੰ ਯਮਰਾਜ ਦਾ ਪਿੱਛਾ ਕਰਕੇ ਵਾਪਿਸ ਜਿਊਂਦਾ ਕਰ ਲੈਂਦੀ ਹੈ:-

ਮੈਂ ਨਾ ਹਰਗਿਜ਼ ਪਿੱਛੇ ਮੁੜਨਾ
ਸਤਿਆਵਾਨ ਨੂੰ ਸੰਗ ਹੈ ਖੜਨਾ-
ਛੱਡ ਸੁੱਟਾਂਗੀ ਦੋਏ ਜਹਾਨ
ਜੇ ਨਾ ਮੋੜੇ ਸਤਿਆਵਾਨ (ਪੰਨਾ 29)

ਉਸਦੀ ਦ੍ਰਿੜਤਾ ਨੂੰ ਦੇਖ ਕੇ ਮੌਤ ਦਾ ਦੇਵਤਾ ਵੀ ਚਕਰਾ ਜਾਂਦਾ ਹੈ।

ਸਾਵਿਤਰੀ ਨੂੰ ਹਾਲੋਂ ਬੇਹਾਲ ਦੇਖਿਆ
ਅੱਖਾਂ ਵਿਚ ਸਿਵੇ ਦਾ ਜਮਾਲ ਦੇਖਿਆ
ਚਿਹਰੇ ਤੇ ਦ੍ਰਿੜ ਇਕ ਸਵਾਲ ਦੇਖਿਆ
ਮੌਤ ਨਾਲ ਅੜਨ ਦਾ ਕਮਾਲ ਦੇਖਿਆ। (ਪੰਨਾ 28)

ਪਰ ਸਾਡਾ ਇਤਿਹਾਸ ਤੇ ਮਿਥਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਮਾਜ ਨੇ ਸਾਵਿਤਰੀ ਤੇ ਸੀਤਾ ਵਰਗੀਆਂ ਪਤੀਵਰਤਾ ਔਰਤਾਂ 'ਤੇ ਵੀ ਅਨੇਕਾਂ ਸਵਾਲ ਉਠਾਏ, ਉਸਨੂੰ ਕਮਜ਼ੋਰ ਕਰਨ ਲਈ ਸਭ ਤੋਂ ਪਹਿਲਾਂ ਉਸਦੇ ਚਰਿੱਤਰ 'ਤੇ ਉਂਗਲਾਂ ਉਠਾਈਆਂ ਗਈਆਂ, ਸਤਿਆਵਾਨ ਨੂੰ ਵਾਪਿਸ ਪਰਤਣ 'ਤੇ ਇਨਸਾਨੀ ਸ਼ਰੀਰ ਦੇ ਪੰਜ ਤੱਤ ਸੂਰਜ (ਅਗਨੀ ਤੱਤ), ਰਾਹਗੀਰ (ਆਕਾਸ਼ ਤੱਤ), ਦਰਿਆ (ਪਾਣੀ ਤੱਤ) , ਫੁੱਲ (ਹਵਾ ਤੱਤ), ਅਤੇ ਰੁੱਖ (ਧਰਤੀ ਤੱਤ) ਦੇ ਪ੍ਰਤੀਕ ਵਜੋਂ ਕਿਵੇਂ ਪੰਜੇ ਤੱਤ ਵਾਰੋ ਵਾਰੀ ਸਾਵਿਤਰੀ ਦੇ ਚਰਿੱਤਰ ਉਤੇ ਇਲਜ਼ਾਮ ਲਗਾਉਂਦੇ ਹਨ। ਮਨਜੀਤ ਟਿਵਾਣਾ ਦੀ ਲੰਬੀ ਕਵਿਤਾ 'ਸਾਵਿਤਰੀ' ਵਿਚ ਸਾਫ ਵੇਖੇ ਜਾ ਸਕਦੇ ਹਨ:-

ਸੂਰਜ: ਮੈਂ ਤਾਂ ਇਸਨੂੰ ਦਾਵਾਨਲ ਵਿੱਚ ਹੱਸਦੀ
ਨੱਚਦੀ ਤੱਕਿਆ
ਦਰਿਆ : ਮੈਂ ਵੀ ਇਸਨੂੰ ਅਲਫ ਨੰਗੀ ਨੂੰ ਲਹਿਰਾਂ
ਨਾਲ ਕਲੋਲਾਂ ਕਰਦੇ ਨ੍ਹਾਉਂਦੇ ਤੱਕਿਆ
ਫੁੱਲ: ਮੈਂ ਇਸਨੂੰ ਮਹਿਕਾਂ ਦੇ ਸੰਗ ਮਚਲਦੇ
ਤੱਕਿਆ
ਰੁੱਖ: ਮੈਂ ਇਸਨੂੰ ਨਿੱਤ ਰੋਜ਼ ਚਲਿੱਤਰ ਰਚਦੇ
ਤੱਕਿਆ
ਰਾਹਗੀਰ: ਮੈਂ ਇਸਨੂੰ ਸਾਧੂਆਂ ਹੱਥੋਂ ਤੈਨੂੰ ਵੱਸ
ਕਰਾਉਂਦੇ ਤੱਕਿਆ।" (ਪੰਨਾ 81-82)

ਸਾਵਿਤਰੀ ਨੂੰ ਆਪਣੇ ਚਰਿੱਤਰ 'ਤੇ ਉੱਠੀਆਂ ਇਨ੍ਹਾਂ ਉਂਗਲਾਂ ਕਾਰਨ ਸਤਿਆਵਾਨ ਦੀਆਂ ਸ਼ੱਕੀ ਨਜ਼ਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਸਤਿਆਵਾਨ ਇਨ੍ਹਾਂ ਤੋਹਮਤਾਂ ਨੂੰ ਸੱਚ ਮੰਨ ਕੇ ਸਾਵਿਤਰੀ ਨੂੰ ਜਦੋਂ ਛੱਡ ਕੇ ਤੁਰ ਜਾਂਦਾ ਹੈ ਤਾਂ ਉਹ ਆਪਣੇ ਆਪੇ ਨੂੰ ਸਵਾਲ ਪੁੱਛਦੀ ਹੈ -

ਕੌਣ ਹੈ ਇਹ ਜੋ
ਇਸ ਪਲ ਆਇਆ
ਨਕਸ਼ ਤਾਂ ਲੱਗਦੇ ਬੜੇ ਪਛਾਣੇ
ਫਿਰ ਵੀ ਬਹੁਤ ਪਰਾਇਆ।" (ਪੰਨਾ 82 )

ਨਿਰਾਸ਼ ਤੇ ਬੇਵੱਸ ਹੋਈ ਸਾਵਿਤਰੀ ਨੂੰ ਅਜੋਕਾ ਯੁੱਗ ਅੰਨ੍ਹਾ ਪ੍ਰਤੀਤ ਹੁੰਦਾ ਹੈ ਜੋ ਔਰਤ ਨਾਲ ਇਨਸਾਫ ਕਰਨ ਦੀ ਸਮਰੱਥਾ ਨਹੀਂ ਰੱਖਦਾ। ਮਿੱਥਕ ਕਥਾ ਵਿੱਚ ਪ੍ਰਚਲਿਤ ਸਾਵਿਤਰੀ ਦੇ ਬਿੰਬ ਨੂੰ ਮਨਜੀਤ ਟਿਵਾਣਾ ਅਜੋਕੇ ਸਮੇਂ

ਵਿੱਚ ਰੁਪਾਂਤਰਿਤ ਕਰਦੀ ਹੈ ਤੇ ਦੱਸਦੀ ਹੈ ਕਿ ਅਜੋਕੀ ਸਾਵਿਤਰੀ ਚੇਤੰਨ ਅਤੇ ਵਿਦਰੋਹੀ ਇਸਤਰੀ ਹੈ, ਜੋ ਵਰਤਮਾਨ ਸਥਿਤੀ ਨਾਲ ਸਮਝੌਤਾ ਕਰਨ ਲਈ ਹਰਗਿਜ਼ ਤਿਆਰ ਨਹੀਂ ਹੈ-

ਏਸ ਸਦੀ ਦਾ ਸੱਚ ਮੁਤਾਹਜ<br>
ਫਿਰ ਵੀ ਕਿਤੇ ਨਹੀਂ ਰੁਕਾਂਗੀ<br>
ਫਿਰ ਵੀ ਕਿਤੇ ਨਹੀਂ ਰੁਕਾਂਗੀ<br>
ਸੱਚ ਨੂੰ ਝੋਲੀ ਪਾ ਕੇ ਰਹਾਂਗੀ। (ਪੰਨਾ 47)

ਸੱਚ ਦੀ ਭਾਲ ਤੇ ਪ੍ਰਾਪਤੀ ਲਈ ਦ੍ਰਿੜ ਇਰਾਦੇ ਵਾਲੀ ਅਜੋਕੀ ਔਰਤ ਮਰਦਾਵੇਂ ਸਮਾਜ ਦੇ ਦੰਭੀ ਚਰਿੱਤਰ ’ਤੇ ਕਟਾਕਸ਼ ਕਰਦੀ ਹੋਈ ਅਜੋਕੇ ਸਮਿਆਂ ਵਿੱਚ ਸਾਵਿਤਰੀ ਬਣਨ ਤੋਂ ਇਨਕਾਰੀ ਹੋ ਜਾਂਦੀ ਹੈ ਤੇ ਪਰੰਪਰਕ ਔਰਤ ਤੋਂ ਵਿਚਾਰਧਾਰਕ ਪੱਧਰ 'ਤੇ ਵਿੱਥ ਥਾਪ ਲੈਂਦੀ ਹੈ ਕਿਉਂਕਿ ਉਹ ਮਰਦ ਪ੍ਰਧਾਨ ਸਮਾਜ ਦੇ ਵਰਤਾਰਿਆਂ ਨੂੰ ਸਹਿਜ ਨਾ ਮੰਨ ਕੇ ਇਨ੍ਹਾਂ ਅੰਦਰਲੀ ਸਿਆਸਤ ਨੂੰ ਪਛਾਣ ਲੈਂਦੀ ਹੈ। ਜਿਸ ਕਾਰਨ ਮਰਦ ਪ੍ਰਧਾਨ ਵਿਵਸਥਾ ਨੂੰ ਮੁੱਢ ਤੋਂ ਉਲਟਾ ਦੇਣ ਦੀ ਜ਼ਰੂਰਤ ਨੂੰ ਮਹਿਸੂਸ ਕਰਦੀ ਹੈ ਪਰ ਪਿਤਰਕੀ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਤੇ ਮਜ਼ਬੂਤ ਹਨ ਜੋ ਜਲਦੀ ਕਿਤੇ ਪੁੱਟੀਆਂ ਨਹੀਂ ਜਾ ਸਕਦੀਆਂ।

ਜੰਜ਼ੀਰਾਂ ਨੂੰ ਪੰਜੇਬ ਬਣਦਿਆਂ ਚਿਰ ਲੱਗਦਾ ਹੈ<br>
ਕੈਦੀਆਂ ਨੂੰ ਆਜ਼ਾਦ ਹੁੰਦਿਆਂ ਡਰ ਲੱਗਦਾ ਹੈ<br>
ਬੰਦਿਆਂ ਨੂੰ ਇਨਸਾਨ ਬਣਦਿਆਂ ਯੁੱਗ ਲੱਗਦਾ ਹੈ।<br>
(ਪੰਨਾ 38)

ਪਿਤਰਕੀ ਸਮਾਜ ਦੀ ਕਰੂਰ ਯਥਾਰਥਕ ਤਸਵੀਰ ਨੂੰ ਪੰਜਾਬੀ ਦੀ ਚੇਤੰਨ ਸ਼ਾਇਰਾ ਸਾਹਮਣੇ ਲੈ ਕੇ ਆਉਂਦੀ ਹੋਈ ਇਸ ਲੰਬੀ ਕਵਿਤਾ ਦੇ ਅੰਤ 'ਤੇ ਨਿਰਾਸ਼ਾ ਤੇ ਬੇਵਸੀ ਕਾਰਨ ਆਪਣੇ ਆਪ ਤੋਂ ਪਾਰ ਲੰਘ ਜਾਣ ਦੇ ਨਾਲ-ਨਾਲ ਆਪਣੀ ਤੁਲਨਾ ਇੱਕ ਟੁੱਟੇ ਹੋਏ ਤਾਰੇ ਨਾਲ ਕਰ ਬੈਠਦੀ ਹੈ, ਜਿਸ ਦੀ ਕੋਈ ਮੰਜ਼ਿਲ ਨਹੀਂ ਹੁੰਦੀ।

ਹੁਣ ਇਹ ਸਭ ਕੁਝ ਭੁੱਲ ਜਾਣਾ ਚਾਹੁੰਦੀ ਹਾਂ<br>
ਆਪਣੇ ਆਪ ਤੋਂ ਪਾਰ ਲੰਘ ਜਾਣਾ ਚਾਹੁੰਦੀ ਹਾਂ।

ਗੀਤ

ਕਿੱਥੇ ਕਟੇਂਗਾ ਰਾਤ<br>
ਵੇ ਟੁੱਟਿਆ ਤਾਰਿਆ<br>
ਅਰਸ਼ ਤੋਂ ਅੱਥਰੂ ਵਾਂਗ ਕਿਰੇਂਗਾ<br>
ਧਰਤ ’ਤੇ ਹੋ ਕੇ ਰਾਖ ਗਿਰੇਂਗਾ<br>
ਇਹ ਤੇਰੀ ਔਕਾਤ ...<br>
ਵੇ ਟੁੱਟਿਆ ਤਾਰਿਆ ... (ਪੰਨਾ 85)

ਸਾਵਿਤਰੀ ਦੀ ਨਿਰਾਸ਼ਾ, ਬੇਵਸੀ ਤੇ ਦੁੱਖਾਂ ਦੇ ਕਾਰਨਾਂ ਨੂੰ ਘੋਖਣਾ ਸਮਾਜ ਦੀ ਸਦਾਚਾਰਕ ਤੌਰ 'ਤੇ ਸਰਬ ਸਾਂਝੀ ਜ਼ਿੰਮੇਵਾਰੀ ਬਣਦੀ ਹੈ। ਭਾਵੇਂ ਸਾਵਿਤਰੀ ਸਮਾਜ ਦੀ ਹਰੇਕ ਬੇਇਨਸਾਫ਼ੀ ਤੋ ਚੁੱਪ ਧਾਰਨ ਕਰ ਲੈਂਦੀ ਹੈ ਪਰ ਸਮਾਜ ਹਰੇਕ ਬੇਇਨਸਾਫ਼ੀ ਨੂੰ ਮੂਕ ਦਰਸ਼ਕ ਬਣ ਕੇ ਦੇਖੇ ਇਹ ਜਾਇਜ਼ ਨਹੀਂ ਹੋਵੇਗਾ। ਮਨਜੀਤ ਟਿਵਾਣਾ ਆਪਣੀ ਬੌਧਿਕ ਚੇਤਨਾ ਸਦਕਾ ਪਰੰਪਰਾਗਤ ਮਿੱਥ ਨੂੰ ਨਵੇਂ ਅਰਥਾਂ ਵਿੱਚ ਰੂਪਾਂਤਰਿਤ ਕਰਦੀ ਹੋਈ ਸਮਾਜ ਨੂੰ ਅਗਾਂਹ ਕਰਨਾ ਚਾਹੁੰਦੀ ਹੈ ਕਿ ਜਿਹੜੀ ਔਰਤ ਆਪਣੀ ਨਿਡਰਤਾ, ਦ੍ਰਿੜ੍ਹਤਾ, ਬੁੱਧੀ ਤੇ ਸ਼ਾਂਤ ਸੁਭਾਅ ਸਦਕਾ ਸੰਕਟ ਦੇ ਪਲਾਂ ਵਿਚੋਂ ਲੰਘ ਕੇ ਵੀ ਆਪਣੇ ਆਪ ਨੂੰ ਸੰਭਾਲ ਸਕਦੀ ਹੈ, ਆਪਣੇ ਪਤੀ ਨੂੰ ਮੌਤ ਦੇ ਦੇਵਤੇ ਯਮਰਾਜ ਤੋਂ ਵਾਪਿਸ ਪ੍ਰਾਪਤ ਕਰਨ ਲਈ ਪਤੀਵਰਤਾ ਔਰਤ ਬਣ ਕੇ ਸਮੁੱਚੀ ਪ੍ਰਕਿਰਤੀ, ਕਾਇਨਾਤ ਇੱਥੋਂ ਤਕ ਕਿ ਯਮਰਾਜ ਤਕ ਨੂੰ ਆਪਣੀ ਦ੍ਰਿੜਤਾ ਅੱਗੇ ਝੁਕਣ ਲਈ ਮਜਬੂਰ ਕਰ ਸਕਦੀ ਹੈ, ਮਨਚਾਹਿਆ ਵਰ ਪ੍ਰਾਪਤ ਕਰ ਸਕਦੀ ਹੈ, ਉਹੀ ਔਰਤ ਅੱਜ ਸਮਾਜ ਦੇ ਦਿਸ਼ਾਹੀਣ ਹੋਣ ਕਾਰਨ ਸੰਤਾਪ ਭੋਗ ਰਹੀ ਹੈ। ਅਜੋਕੀ ਔਰਤ ਅਪੰਗ ਹੋਏ ਸਮਾਜਿਕ ਪ੍ਰਬੰਧ ਲਈ ਉਸੇ ਤਰਾਂ ਦੁਆ ਕਰਦੀ ਹੈ ਜਿਸ ਤਰ੍ਹਾਂ ਸਾਵਿਤਰੀ ਸੱਤਿਆਵਾਨ ਨੂੰ ਮੁੜ ਪ੍ਰਾਪਤ ਕਰਨ ਲਈ ਦੁਆ ਮੰਗਦੀ ਹੈ। ਮਨਜੀਤ ਟਿਵਾਣਾ ਆਪਣੀ ਕਵਿਤਾ ਵਿੱਚ ਅੰਨ੍ਹੇ ਹੋਏ ਯੁੱਗ ਲਈ ਅੱਖੀਆਂ, ਬੋਲੇ ਹੋਏ ਯੁੱਗ ਲਈ ਸੁਣਨ ਦੀ ਸ਼ਕਤੀ ਅਤੇ ਗੂੰਗੇ ਅਤੇ ਮੂਕ ਸਮਾਜ ਲਈ ਆਵਾਜ਼ ਮੰਗਦੀ ਹੈ ਜਿਸ ਕੋਲੇ ਸੱਚ ਨੂੰ ਸੁਣਨ, ਦੇਖਣ ਅਤੇ ਬਗ਼ਾਵਤ ਨੂੰ ਸਹਿਣ ਕਰਨ ਦੀ

ਹਿੰਮਤ ਤੇ ਦਲੇਰੀ ਖ਼ਤਮ ਹੋ ਚੁੱਕੀ ਹੈ। ਅਜੋਕੀ ਸਾਵਿਤਰੀ ਦੀ ਹਿੰਮਤ, ਦਲੇਰੀ ਨੂੰ ਮਨਜੀਤ ਟਿਵਾਣਾ ਨੇ ਆਪਣੀ ਕਵਿਤਾ ਵਿਚ ਵਡਿਆਇਆ ਹੈ। ਪਰੰਪਰਾਗਤ ਮਿੱਥਕ ਕਥਾ ਦੇ ਰਾਹੀਂ ਮਨਜੀਤ ਟਿਵਾਣਾ ਨੇ ਔਰਤ ਦੀ ਪਛਾਣ ਦੇ ਅਸਲ ਯਥਾਰਥ ਨੂੰ ਸਾਹਮਣੇ ਲਿਆਂਦਾ ਹੈ, ਜੋ ਅਜੋਕੀ ਸਾਵਿਤਰੀ ਦੀ ਆਵਾਜ਼ ਹੈ।

ਨਿਰਸੰਦੇਹ ਜਦੋਂ ਮਨਜੀਤ ਟਿਵਾਣਾ ਵਰਗੀ ਬੌਧਿਕ ਤੌਰ 'ਤੇ ਚੇਤੰਨ ਸ਼ਾਇਰਾ ਆਪਣੇ ਅਵਚੇਤਨ ਵਿਚ ਸਮਾਏ ਹੋਏ ਵਿਰਸੇ ਨਾਲ ਸੰਵਾਦ ਰਚਾਉਂਦੀ ਹੈ ਤਾਂ ਉਸ ਦੇ ਮਨ ਅੰਦਰ ਕਈ ਸਵਾਲਾਂ ਦਾ ਪੈਦਾ ਹੋਣਾ ਸੁਭਾਵਿਕ ਵਰਤਾਰਾ ਹੈ। ਇਹ ਸਵਾਲ ਭਾਵੇਂ ਔਰਤ ਦੇ ਵਜੂਦ ਨਾਲ ਜੁੜੇ ਹੋਣ, ਭਾਵੇਂ ਪਿਤਰਕੀ ਦੇ ਵੱਖ-ਵੱਖ ਵਰਤਾਰਿਆਂ ਅੰਦਰਲੀ ਸਿਆਸਤ ਨੂੰ ਸਮਝਣ ਨਾਲ ਸੰਬੰਧਿਤ ਹੋ ਕੇ ਭਾਵੇਂ ਪਿਤਰਕੀ ਸਮਾਜ ਦੇ ਅਵਚੇਤਨ ਨੂੰ ਹੀ ਕਿਉਂ ਨਾ ਮੁਖ਼ਾਤਬ ਹੋਣ, ਪਰ ਇਹ ਸਵਾਲ ਪਿਤਰਕੀ ਸਮਾਜ ਤੋਂ ਜਵਾਬਦੇਹੀ ਮੰਗਦੇ ਹਨ। ਨਿਸ਼ਚੇ ਹੀ ਮਨਜੀਤ ਟਿਵਾਣਾ ਦੁਆਰਾ ਆਪਣੀ ਲੰਬੀ ਕਵਿਤਾ 'ਸਾਵਿਤਰੀ' ਰਾਹੀਂ ਸਿਰਜਿਆ ਗਿਆ ਸੰਵਾਦ ਪੰਜਾਬੀ ਕਵਿਤਾ ਨੂੰ ਇਕ ਨਵੀਂ ਦਿਸ਼ਾ ਤੇ ਡੂੰਘਾਈ ਵੱਲ ਲੈ ਜਾਂਦਾ ਹੈ।

**ਸਹਾਇਕ ਪੁਸਤਕਾਂ**


1. ਸੁਤਿੰਦਰ ਸਿੰਘ ਨੂਰ, ਸਿਰਜਣਾ ਤੇ ਸਮੀਖਿਆ, ਆਰਸੀ, ਪੰਨਾ-40
2. ਅਤਰ ਸਿੰਘ, "Missings on a Workshop" Indian Express, 9th Nov, 1977, P-10.
3. ਹਰਵਿੰਦਰ ਭੰਡਾਲ , ਸਮਕਾਲੀ ਪੰਜਾਬੀ ਕਵਿਤਾ : ਪ੍ਰਵਚਨ ਤੇ ਪ੍ਰਸ਼ਨ , ਪੰਨਾ 144.
4. ਮਨਜੀਤ ਟਿਵਾਣਾ, ਸਾਵਿਤਰੀ, ਭੂਮਿਕਾ



ਖੋਜਾਰਥੀ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
62802-91029


## ਗ਼ਜ਼ਲ



**ਧਰਮਿੰਦਰ ਸ਼ਾਹਿਦ**

ਸਾਂਝਾਂ ਵਾਲੀ ਡੋਰੀ ਟੁੱਟੀ ਰਿਸ਼ਤੇ ਖੇਰੂੰ-ਖੇਰੂੰ ਹੋਏ,
ਤੱਕਿਆ ਰੰਗ ਲਹੂ ਦਾ ਚਿੱਟਾ ਨੈਣ ਮੇਰੇ ਭਰ-ਭਰ ਰੋਏ।

ਜਿਸਨੂੰ ਦਿਲ ਦਾ ਹਾਲ ਸੁਣਾਇਆ ਉਸਨੇ ਦੁਖੜਾ ਹੋਰ ਵਧਾਇਆ,
ਨਸ-ਨਸ ਮੇਰੀ ਗ਼ਮ ਦਾ ਆਲਮ ਸੁੱਜੇ ਅੱਖੀਆਂ ਵਾਲੇ ਕੋਏ।

ਮੇਰੀ-ਮੇਰੀ ਕਰਦੀ ਦੁਨੀਆਂ ਤੇਰੀ-ਤੇਰੀ ਭੁੱਲ ਗਈ ਏ,
ਗਰਜਾਂ ਦੇ ਸਭ ਆਸ਼ਕ ਏਥੇ ਕੌਣ ਕਿਸੇ ਦੀ ਖ਼ਾਤਿਰ ਮੋਏ।


ਮਿਲਿਆ ਨਾ ਹਮਦਰਦੀ ਕੋਈ ਹੱਸਿਆ ਤਾੜੀ ਮਾਰ ਜ਼ਮਾਨਾ,
ਜਦ ਮੈਂ ਮਨ ਦੇ ਮਹਿਰਮ ਬਾਝੋਂ ਅੱਥਰੂਆਂ ਦੇ ਹਾਰ ਪਿਰੋਏ।

ਮਿਲਿਆ ਸੋਹਣਾ ਰੈਣ ਬਸੇਰਾ ਵਾਹਵਾ ਦੌਲਤ ਸ਼ੁਹਰਤ ਖੱਟੀ,
ਲੱਭੇ ਨਾ ਪਰ ਦਿਲ ਦੇ ਜਾਨੀ 'ਸ਼ਾਹਿਦ' ਨੇ ਜੋ ਹੱਥੀ ਖੋਏ।


ਕ੍ਰਿਸ਼ਨਾ ਨਗਰ,
ਖੰਨਾ, ਜ਼ਿਲ੍ਹਾ-ਲੁਧਿਆਣਾ (ਪੰਜਾਬ)
99144-00151

# ਅੰਤਰਰਾਸ਼ਟਰੀ ਗੀਤਾ ਮਹੋਤਸਵ : ਵਿਸ਼ਵਾਸ ਅਤੇ ਲੋਕ ਸੰਸਕ੍ਰਿਤੀ ਦਾ ਅਨੋਖਾ ਸੰਗਮ

ਮੁਨੀਸ਼ ਭਾਟੀਆ



ਹਰਿਆਣੇ ਨੂੰ ਦੁਨੀਆ ਦੇ ਨਕਸ਼ੇ 'ਤੇ ਜੋ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ, ਉਹ ਇਸ ਦੇ ਧਾਰਮਿਕ ਮਹੱਤਵ ਕਾਰਨ ਹੈ। ਹਰਿਆਣਾ ਰਾਜ ਦਾ ਨਾਂ ਹਰੀ ਦੀ ਇਸ ਧਰਤੀ 'ਤੇ ਆਉਣ ਤੋਂ ਬਾਅਦ ਰੱਖਿਆ ਗਿਆ ਹੈ। ਇਸ ਧਰਤੀ 'ਤੇ ਸਭ ਤੋਂ ਮਹਾਨ ਗ੍ਰੰਥ ਗੀਤਾ ਰਚਿਆ ਗਿਆ ਅਤੇ ਇੱਥੇ ਮਹਾਂਭਾਰਤ ਦਾ ਯੁੱਧ ਲੜਿਆ ਗਿਆ।

ਇਤਿਹਾਸਕ ਤੌਰ 'ਤੇ, ਕੁਰੂਕਸ਼ੇਤਰ ਦੀ ਪੁਰਾਤਨਤਾ ਸਿੰਧੂ ਘਾਟੀ ਦੀ ਸਭਿਅਤਾ ਤੋਂ ਹੈ। ਕੁਰੂਕਸ਼ੇਤਰ ਦੀ ਬਦੌਲਤ ਅੱਜ ਹਰਿਆਣਾ ਅੰਤਰਰਾਸ਼ਟਰੀ ਪੱਧਰ 'ਤੇ ਵਿਸ਼ਵ ਪ੍ਰਸਿੱਧੀ ਪ੍ਰਾਪਤ ਕਰ ਰਿਹਾ ਹੈ। ਹਰ ਸਾਲ ਮਨਾਈ ਜਾਣ ਵਾਲੀ ਗੀਤਾ ਜਯੰਤੀ ਨੂੰ ਹੁਣ ਅੰਤਰਰਾਸ਼ਟਰੀ ਪੱਧਰ ਦਾ ਦਰਜਾ ਮਿਲ ਗਿਆ ਹੈ।

ਭਗਵਦ ਗੀਤਾ ਦੇ ਅਠਾਰਾਂ ਅਧਿਆਵਾਂ ਵਿਚਲੇ ਹਵਾਲੇ, ਭਗਵਾਨ ਕ੍ਰਿਸ਼ਨ ਦੁਆਰਾ ਅਰਜੁਨ ਨੂੰ ਕੁਰੂਕਸ਼ੇਤਰ ਦੇ ਯੁੱਧ ਦੇ ਮੈਦਾਨ ਵਿਚ ਦਿੱਤੇ ਗਏ ਹਨ, ਜੋ ਨਾ ਸਿਰਫ਼ ਹਿੰਦੂ ਧਰਮ ਸਗੋਂ ਹਰ ਮਨੁੱਖ ਨੂੰ, ਉਸ ਦੇ ਜੀਵਨ ਢੰਗ ਨੂੰ ਦਰਸਾਉਂਦੇ ਹਨ।

ਮੌਜੂਦਾ ਸਮੇਂ ਵਿੱਚ ਸੁੰਦਰ ਵਾਤਾਵਰਣ ਅਤੇ ਸੁੰਦਰ ਘਾਟ ਕੁਰੂਕਸ਼ੇਤਰ ਦੇ ਵਿਸ਼ਾਲ ਮੰਦਰ ਅਤੇ ਬ੍ਰਹਮਸਰੋਵਰ ਨੂੰ ਪ੍ਰਦਾਨ ਕਰਨ ਦਾ ਸਿਹਰਾ ਪ੍ਰਧਾਨ ਮੰਤਰੀ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਦਾ ਯੋਗਦਾਨ ਹੈ।

ਭਗਵਾਨ ਕ੍ਰਿਸ਼ਨ ਦੁਆਰਾ ਭਗਵਦ ਗੀਤਾ ਵਿੱਚ ਸਿਖਾਏ ਗਏ ਚਾਰ ਯੋਗ ਕਰਮ, ਭਗਤੀ, ਗਿਆਨ ਅਤੇ ਪਿਆਰ ਸਨ। ਇਨ੍ਹਾਂ ਚਾਰ ਯੋਗਾਂ ਨੂੰ ਅਪਣਾ ਕੇ, ਸ਼੍ਰੀ ਗੁਲਜ਼ਾਰੀ ਲਾਲ ਨੰਦਾ ਜੀ ਨੇ ਕੁਰੂਕਸ਼ੇਤਰ ਦੀ ਧਰਤੀ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਕੁਰੂਕਸ਼ੇਤਰ ਦੀ ਧਰਤੀ ਲਈ ਉਸ ਦੇ ਨਿਰਸਵਾਰਥ ਕੰਮ, ਸ਼ਰਧਾ ਅਤੇ ਪਿਆਰ ਕਾਰਨ ਹੀ ਇਸ ਧਰਤੀ 'ਤੇ ਗਿਆਨ ਦੀ ਰੌਸ਼ਨੀ ਪੂਰੀ ਦੁਨੀਆ ਵਿਚ ਆਪਣੀ ਲਾਲੀ ਫੈਲਾ ਰਹੀ ਹੈ। ਅੱਜ ਅਸੀਂ ਜਿਸ ਰੂਪ ਵਿਚ ਕੁਰੂਕਸ਼ੇਤਰ ਵਿਚ ਧਾਰਮਿਕ ਸੈਰ-ਸਪਾਟੇ ਦੇ ਵਿਕਾਸ ਕਾਰਜਾਂ ਨੂੰ ਦੇਖਦੇ ਹਾਂ, ਉਸ ਦੀ ਸ਼ੁਰੂਆਤ ਨੰਦਾ ਜੀ ਦੀ ਸੋਚ ਤੋਂ 1967 ਵਿਚ ਸ਼ੁਰੂ ਹੁੰਦੀ ਹੈ।

ਜਦੋਂ ਉਹ ਇੱਥੇ ਸੋਮਵਤੀ ਮੱਸਿਆ ਦੇ ਧਾਰਮਿਕ ਮੌਕੇ 'ਤੇ ਪਵਿੱਤਰ ਝੀਲ 'ਚ ਇਸ਼ਨਾਨ ਕਰਨ ਆਏ ਤਾਂ ਸ਼ਰਧਾਲੂਆਂ ਨੂੰ ਗੰਦੇ ਪਾਣੀ ਵਾਲੀ ਛੋਟੀ ਝੀਲ 'ਚ ਇਸ਼ਨਾਨ ਕਰਦੇ ਦੇਖ ਕੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ।

ਹਜ਼ਾਰਾਂ ਸ਼ਰਧਾਲੂਆਂ ਨੂੰ ਝੀਲ ਦੇ ਨਾਮਵਰ ਪਾਣੀ ਵਿੱਚ ਇਸ਼ਨਾਨ ਕਰਦੇ ਵੇਖ ਕੇ ਇੱਕ ਪ੍ਰਸਿੱਧ ਧਾਰਮਿਕ ਸਥਾਨ ਦੀ ਅਣਦੇਖੀ ਕਾਰਨ ਉਹਨਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਸੀ, ਜਿਸ ਤੋਂ ਬਾਅਦ ਉਹਨਾਂ ਨੇ ਤਤਕਾਲੀ ਹਰਿਆਣਾ ਸਰਕਾਰ ਦੇ ਸਹਿਯੋਗ ਨਾਲ ਇਸ ਨੂੰ ਕੁਰੂਕਸ਼ੇਤਰ ਵਿੱਚ ਮੁੜ ਸੁਰਜੀਤ ਕਰਨ ਦਾ ਫ਼ੈਸਲਾ ਕੀਤਾ। ਸਮੇਂ ਦੇ ਨਾਲ-ਨਾਲ ਧਾਰਮਿਕ ਸੈਰ-ਸਪਾਟੇ ਦਾ ਸੰਕਲਪ ਪੂਰੇ ਭਾਰਤ ਵਿੱਚ ਤੀਰਥ ਅਸਥਾਨਾਂ ਦਾ ਵਿਕਾਸ ਹੋਣ ਲੱਗਾ। ਕਿਸੇ ਵੀ ਤੀਰਥ ਅਸਥਾਨ ਦੇ ਵਿਕਾਸ ਲਈ ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸਫ਼ਾਈ ਵੱਲ ਵੀ ਧਿਆਨ ਦਿੱਤਾ ਜਾਣ ਲੱਗਾ। ਨੰਦਾ ਜੀ ਦੇ "ਤੀਰਥ ਯਾਤਰਾ" ਦੇ ਵਿਚਾਰ ਨੇ ਨਾ ਸਿਰਫ਼ ਭਾਰਤ ਦੇ ਬਹੁਤ ਸਾਰੇ ਤੀਰਥ ਸਥਾਨਾਂ ਵਿੱਚ ਸ਼ਰਧਾਲੂਆਂ ਦੀ ਗਿਣਤੀ ਵਿੱਚ ਵਾਧਾ ਕੀਤਾ, ਸਗੋਂ ਉਸ ਵਿਸ਼ੇਸ਼ ਰਾਜ ਲਈ ਆਮਦਨ ਦਾ ਇੱਕ ਸਾਧਨ ਵੀ ਬਣ ਗਿਆ। ਅੱਜ-ਕੱਲ੍ਹ ਕੁਰੂਕਸ਼ੇਤਰ ਦੀ ਧਰਤੀ 'ਤੇ ਗੀਤਾ ਜਯੰਤੀ ਤਿਉਹਾਰ ਅਤੇ ਸੂਰਜ ਗ੍ਰਹਿਣ ਦੇ ਮੌਕੇ ਨੂੰ ਅੰਤਰਰਾਸ਼ਟਰੀ ਤਿਉਹਾਰ ਵਜੋਂ ਮਨਾਇਆ

ਜਾਂਦਾ ਹੈ ਅਤੇ ਸੈਲਾਨੀਆਂ ਦੀ ਗਿਣਤੀ ਵੀ ਹੌਲੀ-ਹੌਲੀ ਵੱਧ ਰਹੀ ਹੈ।

ਗੀਤਾ ਜਯੰਤੀ ਦੇ ਤਿਉਹਾਰ ਦੀ ਸਾਰਥਿਕਤਾ ਹਰ ਸਾਲ ਵਧਦੀ ਗਈ ਹੈ। ਗੀਤਾ ਜਯੰਤੀ ਦੇ ਤਿਉਹਾਰ ਨੂੰ ਮਨਾਉਣ ਦਾ ਮੁੱਖ ਉਦੇਸ਼ ਭਗਵਦ ਗੀਤਾ ਦੀ ਦੈਵੀ ਵਿਰਾਸਤ ਦੁਆਰਾ ਲੋਕਾਂ ਨੂੰ ਲੁਭਾਉਣਾ ਹੈ।

ਹਰਿਆਣਾ ਸਰਕਾਰ ਕੁਰੂਕਸ਼ੇਤਰ ਸ਼ਹਿਰ ਵਿੱਚ ਕੁਰੂਕਸ਼ੇਤਰ ਵਿਕਾਸ ਬੋਰਡ ਦੇ ਸਹਿਯੋਗ ਨਾਲ 1989 ਤੋਂ ਗੀਤਾ ਜਯੰਤੀ ਉਤਸਵ ਮਨਾ ਰਹੀ ਹੈ। ਸ਼ੁਰੂ ਵਿੱਚ ਧਾਰਮਿਕ ਸੰਸਥਾਵਾਂ ਅਤੇ ਕੁਰੂਕਸ਼ੇਤਰ ਵਿਕਾਸ ਬੋਰਡ ਵੱਲੋਂ ਸਿਰਫ਼ ਧਾਰਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਸਨ, ਪਰ ਬਾਅਦ ਵਿੱਚ ਸਮਾਜਿਕ, ਸੱਭਿਆਚਾਰਕ, ਵਿੱਦਿਅਕ ਪ੍ਰੋਗਰਾਮ ਵੀ ਸ਼ਾਮਲ ਹੋ ਗਏ।

ਇਸ ਮੌਕੇ ਸਮਾਜਿਕ ਸੰਸਥਾਵਾਂ ਵੱਲੋਂ ਖ਼ੂਨਦਾਨ ਕੈਂਪ ਅਤੇ ਅੱਖਾਂ ਦੇ ਕੈਂਪ ਆਦਿ ਲਗਾਏ ਜਾਂਦੇ ਹਨ। ਸਾਲ 2016 ਵਿੱਚ, ਹਰਿਆਣਾ ਸਰਕਾਰ ਨੇ ਗੀਤਾ ਜਯੰਤੀ ਦੇ ਤਿਉਹਾਰ ਨੂੰ ਅੰਤਰਰਾਸ਼ਟਰੀ ਗੀਤਾ ਮਹੋਤਸਵ ਦੇ ਰੂਪ ਵਿੱਚ ਮਨਾਉਣ ਦਾ ਫ਼ੈਸਲਾ ਕੀਤਾ, ਜਿਸ ਵਿੱਚ ਕੁਰੂਕਸ਼ੇਤਰ ਵਿੱਚ ਵੀਹ ਲੱਖ ਤੋਂ ਵੱਧ ਲੋਕ ਆਏ, ਜੋ ਕਿ ਕੁਰੂਕਸ਼ੇਤਰ ਵਿੱਚ ਗੀਤਾ ਜਯੰਤੀ ਮਨਾਉਣ ਦੇ ਇਤਿਹਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਇਆ।

ਇਸ ਮੇਲੇ ਵਿੱਚ ਵੱਖ-ਵੱਖ ਰਾਜਾਂ ਦੀਆਂ ਸੱਭਿਆਚਾਰਕ ਗਤੀਵਿਧੀਆਂ ਅਤੇ ਸ਼ਿਲਪ ਮੇਲੇ ਵਿੱਚ ਅੰਤਰਰਾਸ਼ਟਰੀ ਕਲਾਕਾਰਾਂ ਅਤੇ ਸ਼ਿਲਪਕਾਰਾਂ ਦੀ ਸ਼ਮੂਲੀਅਤ ਨੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਕੁਰੂਕਸ਼ੇਤਰ ਦਾ ਦੌਰਾ ਕਰਨ ਲਈ ਆਕਰਸ਼ਿਤ ਕੀਤਾ। ਵੱਖ-ਵੱਖ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਵੱਲੋਂ ਕਰਵਾਏ ਜਾਂਦੇ ਗੀਤਾ ਬਾਰੇ ਸੈਮੀਨਾਰਾਂ ਵਿੱਚ ਕਈ ਭਾਰਤੀ ਅਤੇ ਵਿਦੇਸ਼ੀ ਵਿਦਵਾਨ ਵੀ ਭਾਗ ਲੈਂਦੇ ਹਨ ਅਤੇ ਇਸ ਦੌਰਾਨ ਪੂਰਾ ਮਾਹੌਲ ਵਿਸ਼ੇਸ਼ ਤੌਰ 'ਤੇ ਭਗਤੀ ਵਾਲਾ ਬਣ ਜਾਂਦਾ ਹੈ।

ਕੁਰੂਕਸ਼ੇਤਰ ਦੀ ਪ੍ਰਾਚੀਨ ਵਿਰਾਸਤ ਅਤੇ ਧਾਰਮਿਕ ਪਰੰਪਰਾਵਾਂ ਦੀ ਰੱਖਿਆ ਕਰਨ ਅਤੇ ਤੀਰਥ ਸਥਾਨਾਂ ਦੀ ਵਿਰਾਸਤ ਨੂੰ ਸੰਭਾਲਣ ਦੇ ਉਦੇਸ਼ ਨਾਲ, ਹਰਿਆਣਾ ਸਰਕਾਰ ਨੇ ਮਰਹੂਮ ਸ੍ਰੀ ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ 1 ਅਗਸਤ, 1968 ਨੂੰ ਕੁਰੂਕਸ਼ੇਤਰ ਵਿਕਾਸ ਬੋਰਡ ਦਾ ਗਠਨ ਕੀਤਾ, ਜੋ ਕਿ ਜੂਨ 1990 ਤੱਕ ਇਸ ਅਹੁਦੇ 'ਤੇ ਰਹੇ।

ਨੰਦਾ ਜੀ ਨੇ ਆਪਣੇ ਕਾਰਜਕਾਲ ਦੌਰਾਨ ਕੁਰੂਕਸ਼ੇਤਰ ਦੀਆਂ ਇਤਿਹਾਸਕ ਇਮਾਰਤਾਂ ਅਤੇ ਝੀਲਾਂ ਦਾ ਨਵੀਨੀਕਰਨ ਕੀਤਾ ਅਤੇ ਸ਼ਰਧਾਲੂਆਂ ਅਤੇ ਸੈਲਾਨੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਦੇ ਪ੍ਰਬੰਧ ਕੀਤੇ ਅਤੇ ਨਾਲ ਹੀ ਕੁਰੂਕਸ਼ੇਤਰ ਦੇ ਸੁੰਦਰੀਕਰਨ 'ਤੇ ਅਣਥੱਕ ਮਿਹਨਤ ਕੀਤੀ। ਜਯੋਤਿਸਰ ਜਿੱਥੇ ਗੀਤਾ ਦਾ ਪ੍ਰਚਾਰ ਕੀਤਾ ਸੀ, ਉਸ ਝੀਲ ਦਾ ਸੁਧਾਰ ਅਤੇ ਪੁਰਾਤਨ ਦਰਖ਼ਤ ਅਤੇ ਪੁਰਾਤਨ ਮੰਦਰਾਂ ਦੀ ਮੁਰੰਮਤ, ਜੋ ਕਿ ਇੱਕ ਮਹਾਨ ਘਟਨਾ ਦਾ ਇੱਕੋ-ਇੱਕ ਗਵਾਹ ਬਚਿਆ ਹੋਇਆ ਹੈ, ਵੀ ਉਨ੍ਹਾਂ ਦੇ ਯਤਨਾਂ ਦੇ ਨਤੀਜੇ ਵਜੋਂ ਹੋਇਆ ਹੈ। ਨੰਦਾ ਦੀ ਇੱਛਾ ਸੀ ਕਿ ਉਹ ਦੇਸ਼ ਨੂੰ ਇੱਕ ਵੱਡਾ ਅਜਾਇਬ ਘਰ ਸਮਰਪਿਤ ਕਰ ਸਕਦੇ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਕੁਰੂਕਸ਼ੇਤਰ ਦੀ ਮਹੱਤਤਾ ਤੋਂ ਜਾਣੂ ਹੋ ਸਕਣ। ਇਸ ਕੜੀ ਵਿੱਚ ਵਿਸ਼ਵ ਪ੍ਰਸਿੱਧ ਸ੍ਰੀ ਕ੍ਰਿਸ਼ਨ ਮਿਊਜ਼ੀਅਮ, ਜੋ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ 1986 ਵਿੱਚ ਪ੍ਰਸਤਾਵਿਤ ਕੀਤਾ ਗਿਆ ਸੀ ਅਤੇ ਪੈਨੋਰਾਮਾ ਬਣਾਇਆ ਗਿਆ

ਕੁਰੂਕਸ਼ੇਤਰ ਵਿੱਚ ਗੁਲਜ਼ਾਰੀ ਲਾਲ ਨੰਦਾ ਜੀ ਦਾ ਇਹ ਅਭੁੱਲ ਯੋਗਦਾਨ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਦਸੰਬਰ ਵਿੱਚ ਅੰਤਰਰਾਸ਼ਟਰੀ ਗੀਤਾ ਜਯੰਤੀ ਮਨਾਈ ਜਾ ਰਹੀ ਹੈ।

ਸੈਕਟਰ-2, ਅਰਬਨ ਅਸਟੇਟ,
ਕੁਰੂਕਸ਼ੇਤਰ, (ਹਰਿਆਣਾ)
70271-20349

# ਸਾਂਗਲਾ ਵਾਦੀ

ਨਿਰੰਜਨ ਸਿੰਘ ਸੈਲਾਨੀ



ਰਾਮ ਨਾਥ ਸ਼ੁਕਲਾ ਤੇ ਮਹਿੰਦਰ ਸਿੰਘ ਪਟਿਆਲੇ ਤੋਂ ਗੋਪਾਲ ਸਿੰਘ ਚੰਡੀਗੜ੍ਹੋਂ ਅਤੇ ਮੈਂ, ਅਸੀਂ ਸਾਂਗਲਾ ਵਾਦੀ ਦੀ ਖ਼ੂਬਸੂਰਤੀ ਦੇ ਨਜ਼ਾਰਿਆਂ ਦਾ ਆਨੰਦ ਮਾਣਨ ਦਾ ਟੂਰ ਪ੍ਰੋਗਰਾਮ ਬਣਾਇਆ। ਅਸੀਂ ਇਕ ਟੈਕਸੀ ਕਿਰਾਏ ’ਤੇ ਲਈ। ਸਭ ਤੋਂ ਪਹਿਲਾਂ ਅਸੀਂ ਚੰਡੀਗੜ੍ਹ ਹੁੰਦੇ ਹੋਏ ਸ਼ਿਮਲਾ ਦੇ ਰਾਹ ਪੈ ਗਏ। ਸ਼ਿਮਲਾ ਦੀ ਚੜ੍ਹਾਈ ਸ਼ੁਰੂ ਹੋਣ ਤੇ ਪਹਾੜੀ ਰਾਹ ਤੇ ਵਲੇਵੇਂ ਖਾਂਦੀਆਂ ਸੜਕਾਂ ’ਤੇ ਕਾਰ ਵਲੇਵੇਂ ਖਾਂਦੀ ਚੜ੍ਹਾਈ ਚੜ੍ਹਦੀ ਗਈ। ਅਸੀਂ ਧਰਮਪੁਰਾ ਪੁੱਜ ਗਏ। ਉੱਥੋਂ ਸ਼ਿਮਲਾ ਨੇੜੇ ਹੀ ਹੈ। ਸ਼ਿਮਲੇ ਪੁੱਜ ਕੇ ਅਸੀਂ ਰੋਡ ਤੇ ਸਥਿਤ ਗੁਰਦੁਆਰੇ ਵਿਚ ਠਹਿਰੇ ਜੋ ਕਿ ਗੋਪਾਲ ਸਿੰਘ ਨੇ ਪਹਿਲਾਂ ਹੀ ਕਮਰੇ ਬੁੱਕ ਕਰਾ ਦਿੱਤੇ ਸਨ। ਰਾਤ ਨੂੰ ਅਸੀਂ ਲੰਗਰ ਛਕ ਕੇ ਸੌਂ ਗਏ। ਸਵੇਰੇ ਉੱਠੇ ਤਾਂ ਅਸੀਂ ਤਾਜ਼ਾ-ਦਮ ਸਾਂ। ਸ਼ਿਮਲਾ ਘੁੰਮਣ ਦਾ ਪ੍ਰੋਗਰਾਮ ਬਣਾਇਆ।

ਸ਼ਿਮਲਾ 1971 ਤੋਂ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਹੈ। 1863 ਵਿਚ ਅੰਗਰੇਜ਼ ਵਾਇਸਰਾਏ ਜੋਹਨ ਲਾਰੈਂਸ ਦੇ ਹੁਕਮ ’ਤੇ ਗਰਮੀਆਂ ਦੀ ਰਾਜਧਾਨੀ ਬਣੀ ਕਿਉਂਕਿ ਅੰਗਰੇਜ਼ ਲੋਕਾਂ ਤੋਂ ਗਰਮੀ ਬਰਦਾਸ਼ਤ ਨਹੀਂ ਹੁੰਦੀ ਸੀ। ਉਹ ਪਹਾੜਾਂ ’ਤੇ ਰਹਿਣ ਵਾਲੇ ਹਨ। 1871 ਤੋਂ ਇਹ ਸੰਯੁਕਤ ਪੰਜਾਬ ਦੀ ਰਾਜਧਾਨੀ ਬਣੀ ਰਹੀ। 1947 ਵਿਚ ਪੰਜਾਬ ਦੀ ਵੰਡ ਹੋਣ ਕਾਰਨ ਪੰਜਾਬ ਯੂਨੀਵਰਸਿਟੀ ਲਾਹੌਰ ਰਹਿ ਗਈ। ਚੰਡੀਗੜ੍ਹ ਸੈਕਟਰ-14 ਵਿਚ ਪੰਜਾਬ ਯੂਨੀਵਰਸਿਟੀ ਉਸਰ ਰਹੀ ਸੀ ਤਾਂ ਕੁੱਝ ਸਮੇਂ ਲਈ ਪੰ: ਯੂ: ਸ਼ਿਮਲੇ ਕੰਮ ਕਰਦੀ ਰਹੀ। ਸ਼ਿਮਲੇ ਦੀ ਮਾਲ ਰੋਡ ਦਾ ਅਲੱਗ ਹੀ ਨਜ਼ਾਰਾ। ਇਸ ’ਤੇ ਸੈਲਾਨੀ ਖ਼ੂਬ ਘੁੰਮਦੇ ਹਨ। ਰੋਡ ’ਤੇ ਬੈਂਕ ਤੇ ਹੋਰ ਬਹੁਤ ਇਮਾਰਤਾਂ ਹਨ। ਜਿਵੇਂ ਹੋਟਲ, ਰੇਸਤਰਾਂ, ਮਾਲਜ਼ ਆਦਿ। ਗਰਮੀਆਂ ਵਿਚ ਸੈਲਾਨੀ ਗਰਮੀ ਤੋਂ ਬਚਣ ਲਈ ਤੇ ਸਰਦੀਆਂ ਵਿਚ ਸਨੋ ਫ਼ਾਲ ਵੇਖਣ ਲਈ ਆਉਂਦੇ ਹਨ। ਮਾਲ ਰੋਡ ਦੇ ਇਕ ਸਿਰੇ ’ਤੇ ਰਿਜ਼ ਹੈ ਜੋ ਕਾਫੀ ਚੌੜਾ ਸਥਾਨ ਹੈ। ਇਕ ਪਾਸੇ ਰਿਜ਼ ਦੇ ਚਰਚ ਹੈ। ਬਹੁਤ ਲੋਕ ਇੱਥੇ ਘੁੰਮਦੇ ਰਹਿੰਦੇ ਹਨ। ਸਰਦੀਆਂ ਵਿਚ ਇੱਥੋਂ ਹੀ ਬਰਫ਼ਾਨੀ ਚੋਟੀਆਂ ਦਾ ਨਜ਼ਾਰਾ ਲੈਂਦੇ ਹਨ।

18 ਵੀਂ ਸਦੀ ਵਿਚ ਇੱਥੇ ਝਾੜੀਆਂ ਤੇ ਰੁੱਖਾਂ ਦੀ ਬਹੁਤਾਤ ਸੀ। ਬਸ ਇਕ ਸਿਆਮਲਾ ਦੇਵੀ ਦਾ ਮੰਦਰ ਸੀ। ਜਿਸ ਦੇ ਨਾਂ ਤੇ ਸ਼ਿਮਲਾ ਸ਼ਹਿਰ ਵਸਿਆ। ਸਮੁੰਦਰੀ ਤਲ ਤੋਂ ਇਸ ਦੀ ਉਚਾਈ 2200 ਫੁੱਟ ਹੈ। ਇਸ ਇਲਾਕੇ ’ਤੇ ਪਹਿਲਾਂ ਨੇਪਾਲੀ ਭੀਮਸੈਨ ਨੇ ਕਬਜ਼ਾ ਕਰ ਲਿਆ ਸੀ। ਅੰਗਰੇਜ਼ਾਂ ਨੇ ਬਸੋਲੀ ਸੰਧੀ ਕਰਕੇ ਉਸ ਤੋਂ ਇਲਾਕੇ ਦਾ ਕਬਜ਼ਾ ਲੈ ਲਿਆ। ਅੰਗਰੇਜ਼ਾਂ ਨੇ ਇੱਥੇ ਇਕ ਥੀਏਟਰ ਦੀ ਉਸਾਰੀ ਕਰਵਾਈ ਕਿਉਂਕਿ ਉਹ ਨਾਟਕ ਕਰਨ ਤੇ ਵੇਖਣ ਦੇ ਸ਼ੌਕੀਨ ਸਨ। ਥੀਏਟਰ ਦੀ ਇਮਾਰਤ ਖ਼ੂਬਸੂਰਤ ਹੈ ਜਿੱਥੇ ਮੌਜੂਦਾ ਦੌਰ ਵਿਚ ਨਾਟਕ ਹੁੰਦੇ ਰਹਿੰਦੇ ਹਨ। ਇੱਥੇ ਅੰਮ੍ਰਿਤਾ ਸ਼ੇਰਗਿੱਲ ਰਹਿ ਕੇ ਚਿੱਤਰ ਬਣਾਉਂਦੀ ਰਹੀ। ਕਦੀ ਉਹ ਲਾਹੌਰ ਤੇ ਕਦੀ ਸ਼ਿਮਲੇ ਰਹਿੰਦੀ ਸੀ। ਸ਼ਹਿਰ ਤੇ ਇਸ ਦੇ ਚੁਗਿਰਦੇ ਦੀ ਸੁੰਦਰਤਾ ਨੂੰ ਦੇਖਦੇ ਹੋਏ ਆਮ ਫ਼ਿਲਮਾਂ ਦੀ ਸ਼ੂਟਿੰਗ ਹੁੰਦੀ ਰਹਿੰਦੀ ਹੈ। 'ਲਵ ਇਨ ਸ਼ਿਮਲਾ' ਤੇ

'ਕੁਦਰਤ' ਦੀ ਸ਼ੂਟਿੰਗ ਇੱਥੇ ਹੋਈ ਸੀ।

ਇੱਥੇ ਵੇਖਣ ਯੋਗ ਕਾਫ਼ੀ ਸਥਾਨ ਹਨ। ਇੱਥੋਂ ਦਾ ਜਾਖੂ ਮੰਦਰ ਬਹੁਤ ਮਸ਼ਹੂਰ ਹੈ। ਇੱਥੇ ਹਨੂੰਮਾਨ ਦੀ ਬੜੀ ਵੱਡੀ ਮੂਰਤੀ ਸਥਾਪਿਤ ਹੈ। ਇਹ ਮੰਦਰ ਕਾਫ਼ੀ ਉਚਾਈ 'ਤੇ ਬਣਿਆ ਹੋਇਆ ਹੈ। ਉਚਾਈ ਤੋਂ ਬਹੁਤ ਸੁੰਦਰ ਨਜ਼ਾਰੇ ਦਿੱਸਦੇ ਹਨ। ਇੱਥੇ ਬਾਂਦਰ ਬਹੁਤ ਰਹਿੰਦੇ ਹਨ। ਸ਼ਹਿਰ ਵਿਚ ਇਕ ਕ੍ਰਾਈਸਟ ਚਰਚ ਹੈ ਜੋ 1857 ਵਿਚ ਬਣਿਆ ਸੀ। ਅੰਗਰੇਜ਼ਾਂ ਦੇ ਸਮੇਂ ਦੀਆਂ ਇਮਾਰਤਾਂ ਬਹੁਤ ਸੁੰਦਰ ਹਨ ਜੋ ਕਿ ਅੰਗਰੇਜ਼ੀ ਸ਼ੈਲੀ ਵਿਚ ਬਣੀਆਂ ਹੋਈਆਂ ਹਨ। ਇਹ ਸ਼ਹਿਰ ਪ੍ਰਾਕ੍ਰਿਤਕ ਸੁੰਦਰਤਾ ਤੇ ਸਾਫ਼ ਵਾਤਾਵਰਣ ਕਾਰਨ ਵੇਖਣ ਤੇ ਰਹਿਣ ਯੋਗ ਹੈ। ਪਰ ਇੱਥੇ ਵਾਹਨਾਂ ਦੀ ਟ੍ਰੈਫ਼ਿਕ ਬਹੁਤ ਹੈ। ਉੱਥੇ ਪ੍ਰਦੂਸ਼ਣ ਕਾਰਨ ਅੱਖਾਂ ਵਿਚੋਂ ਪਾਣੀ ਆ ਜਾਂਦਾ ਹੈ। ਸ਼ਿਮਲਾ ਤੋਂ ਕਾਲਕਾ ਤੱਕ ਚੱਲਣ ਵਾਲੀ ਟੁਆਏ ਟਰੇਨ ਦੀ ਯਾਤਰਾ ਕਰਕੇ ਬਹੁਤ ਲੁਤਫ਼ ਆਉਂਦਾ ਹੈ। ਰਾਹ ਵਿਚ ਕਈ ਸੁਰੰਗਾਂ ਤੇ ਘਾਟੀਆਂ ਦੇ ਸੁੰਦਰ ਨਜ਼ਾਰੇ ਵੇਖਣ ਨੂੰ ਮਿਲਦੇ ਹਨ। ਇਹ ਅੰਗਰੇਜ਼ਾਂ ਨੇ 1898 ਵਿਚ ਚਲਾਈ ਸੀ। ਆਮ ਸੈਲਾਨੀ ਇਸ ਵਿਚ ਯਾਤਰਾ ਕਰਕੇ ਖ਼ੁਸ਼ ਹੁੰਦੇ ਹਨ। ਇਹ ਟ੍ਰੇਨ ਦੁਨੀਆ ਦੀਆਂ ਸੁੰਦਰ ਟ੍ਰੇਨਾਂ ਵਿੱਚੋਂ ਇਕ ਹੈ। ਸਮਰ ਹਿੱਲ ਸ਼ਿਮਲੇ ਦਾ ਇਕ ਸੁੰਦਰ ਇਲਾਕਾ ਹੈ।

ਉਸ ਨੇ ਸ਼ਿਮਲੇ ਦੇ ਨੇੜੇ ਹੀ ਚੈਲ ਹਿੱਲ ਸਟੇਸ਼ਨ 'ਤੇ ਆਪਣਾ ਮਹਿਲ ਬਣਵਾਇਆ ਜਿੱਥੇ ਉਹ ਗਰਮੀਆਂ ਵਿਚ ਆ ਕੇ ਠਹਿਰਦਾ ਸੀ। ਇੱਥੇ ਕ੍ਰਿਕਟ ਦਾ ਇਕ ਮੈਦਾਨ ਵੀ ਹੈ। ਸ਼ਿਮਲੇ ਵਿਚ ਆਰਕੀ ਕਿਲ੍ਹਾ ਹੈ। ਸ਼ਿਮਲੇ ਦਾ ਚੈਡਵਿਕ ਝਰਨਾ ਵੀ ਵੇਖਣ ਯੋਗ ਹੈ। ਅੰਗਰੇਜ਼ਾਂ ਨੇ 1898 ਵਿਚ ਐਡਵਾਂਸ ਸਟੱਡੀਜ਼ ਸੰਸਥਾ ਦੀ ਇਮਾਰਤ ਬਣਵਾਈ ਜਿੱਥੇ ਹਰ ਭਾਸ਼ਾ ਦੇ ਵਿਦਵਾਨ ਆ ਕੇ ਰਹਿੰਦੇ, ਪੜ੍ਹਦੇ ਤੇ ਖੋਜ ਕਰਦੇ ਹਨ। ਪੰਜਾਬੀ ਦੇ ਵੀ ਕਈ ਲੇਖਕ ਇੱਥੇ ਆ ਕੇ ਪੜ੍ਹਦੇ ਤੇ ਖੋਜ ਕਰਦੇ ਹਨ। ਇਸ ਇਮਾਰਤ ਵਿਚ ਬੈਠ ਕੇ ਹੀ ਭਾਰਤ ਦੀ ਵੰਡ ਦਾ ਫ਼ੈਸਲਾ ਕੀਤਾ ਗਿਆ। ਇੱਥੇ ਇਕ ਹਿਮਾਲੀਅਨ ਪੰਛੀ ਪਾਰਕ ਹੈ ਜਿੱਥੇ ਤਰ੍ਹਾਂ-ਤਰ੍ਹਾਂ ਦੇ ਸੁੰਦਰ ਪੰਛੀ ਰਹਿੰਦੇ ਹਨ। ਇੱਥੇ ਇਕ ਅਜਾਇਬ ਘਰ ਵੀ ਹੈ ਜਿਸ ਵਿਚ ਪੁਰਾਣੇ ਸਿੱਕੇ ਤੇ ਨਾਯਾਬ ਵਸਤਾਂ ਪਈਆਂ ਹਨ। ਸ਼ਿਮਲੇ ਬਸੋਲੀ ਵਿਚ ਇਕ ਗੁਰਦੁਆਰਾ ਤੇ ਹੋਰ ਵੀ ਕਈ ਗੁਰੂ ਘਰ ਹਨ। ਗੁਰਦੁਆਰਾ ਸਾਹਿਬ ਦੇ ਰਾਹ ਵਿਚ ਸੋਲਨ ਵੀ ਸੁੰਦਰ ਹਿੱਲ ਸਟੇਸ਼ਨ ਹੈ। ਸ਼ਿਮਲਾ ਤੋਂ 17 ਕਿ:ਮੀ: ਦੂਰ ਕੁਫ਼ਰੀ ਹੈ ਜੋ 2510 ਫ਼ੁੱਟ ਦੀ ਉਚਾਈ 'ਤੇ ਵਸਿਆ ਹੋਇਆ ਹੈ। ਇੱਥੇ ਸਰਦੀਆਂ ਵਿਚ ਬਹੁਤ ਬਰਫ਼ ਪੈਂਦੀ ਹੈ। ਇੱਥੇ ਆ ਕੇ ਸੈਲਾਨੀ ਬਰਫ਼ 'ਤੇ ਸਕੇਟਿੰਗ ਕਰਦੇ ਹਨ।

ਫਿਰ ਅਸੀਂ ਨਾਰਕੰਡਾ ਪੁੱਜ ਗਏ। ਇੱਥੇ ਨਾਰਕੰਡਾ ਦੇਵੀ ਦਾ ਮੰਦਰ ਹੈ। ਨਾਰਕੰਡਾ ਚੋਟੀ 'ਤੇ ਸਰਦੀਆਂ ਵਿਚ ਬਰਫ਼ ਪੈਂਦੀ ਹੈ ਜਿੱਥੇ ਸੈਲਾਨੀ ਸਕੇਟਿੰਗ ਕਰਦੇ ਹਨ। ਟਾਨੀ ਜਬਰ ਝੀਲ ਵੀ ਸੁੰਦਰ ਹੈ। ਹਾਤੂ ਚੋਟੀ 1200 ਫ਼ੁੱਟ ਉੱਚੀ ਹੈ। ਇਕ ਮੰਦਰ ਇੱਥੇ ਮੰਦੋਦਰੀ ਨਾਲ ਵੀ ਸੰਬੰਧਿਤ ਹੈ ਜੋ ਮਹਾਂ ਪੰਡਤ ਲੰਕਾਪਤੀ ਰਾਵਣ ਦੀ ਰਾਣੀ ਸੀ। ਇਕ ਸਟੋਨਗ ਫਾਰਮ ਵੀ ਵੇਖਣ ਵਾਲਾ ਹੈ। ਇਹ ਸਭ ਵੇਖਣ ਵਾਲੇ ਸਥਾਨ ਵੇਖ ਕੇ ਅਸੀਂ ਰਾਮ ਪੁਰ ਬੁਸ਼ਹਿਰ ਲਈ ਚੱਲ ਪਏ। ਇਹ ਸ਼ਹਿਰ ਸਤਲੁਜ ਦਰਿਆ ਦੇ ਦੋਵਾਂ ਕਿਨਾਰਿਆਂ 'ਤੇ ਵਸਿਆ ਹੋਇਆ ਹੈ। ਆਰ ਪਾਰ ਜਾਣ ਲਈ ਪੁਲ ਬਣੇ ਹੋਏ ਹਨ। ਇੱਥੇ ਇਕ ਪਦਮ ਮਹਿਲ ਹੈ ਜੋ ਬਹੁਤ ਸ਼ਾਨਦਾਰ ਹੈ। ਇਕ ਸ਼ਾਹੀ ਮਹਿਲ ਵੀ ਹੈ। ਇੱਥੇ ਹੈਲੀ ਪੈਡ ਵੀ ਹੈ। ਰਾਜ ਦਰਬਾਰ ਵੀ ਵੇਖਣ ਯੋਗ ਹੈ। ਇਕ ਲਕਸ਼ਮੀ ਦੇਵੀ ਮੰਦਰ ਹੈ ਜਿਸ ਨੂੰ ਖੋਪੜੀ ਮੰਦਰ ਵੀ ਕਹਿੰਦੇ ਹਨ।

ਹਨੂੰਮਾਨ ਮੰਦਰ ਨੂੰ ਸੰਕਟ ਮੋਚਨ ਮੰਦਰ ਵੀ ਕਹਿੰਦੇ ਹਨ। ਗਾਂਧੀ ਪਾਰਕ ਦੇ ਉੱਪਰਲੇ ਪਾਸੇ ਸ਼ਨੀ ਮੰਦਰ ਬਣਿਆ ਹੋਇਆ ਹੈ। ਇੱਥੇ ਸ਼ੰਕਰ ਭੋਲੇ ਦਾ ਵੀ ਮੰਦਰ ਹੈ। ਮਨਸਾ ਦੇਵੀ ਮੰਦਰ ਵਿਚ ਹੋਰ ਮੂਰਤੀਆਂ ਵੀ ਸਥਾਪਿਤ ਹਨ। ਸਤਲੁਜ ਦਰਿਆ ਕਿਨਾਰੇ ਨੋਗਲੀ ਬੀਚ ਸੁੰਦਰ ਸਥਾਨ ਹੈ। ਸ਼ਹਿਰ ਦੁਆਲੇ ਰੁੱਖ, ਪਹਾੜ ਤੇ ਘਾਟੀਆਂ ਦੇ ਸੁੰਦਰ ਨਜ਼ਾਰੇ ਹਨ। ਸਰਾਏ  ਕੋਟੀ ਮੰਦਰ ਵੀ ਵੇਖਣ ਯੋਗ ਹੈ।

ਰਾਮ ਪੁਰ ਬੁਸ਼ਹਿਰ ਵੇਖ ਕੇ ਅਸੀਂ ਸਾਂਗਲਾ ਵਾਦੀ ਵੱਲ ਚੱਲ ਪਏ। ਰਾਹ ਵਿਚ ਕਈ ਡੈਮ ਆਏ ਜਿੱਥੇ ਉੱਚੀ ਥਾਂ ਤੋਂ ਪਾਣੀ ਡਿੱਗ ਕੇ ਸੁੰਦਰ ਨਜ਼ਾਰਾ ਪੇਸ਼ ਕਰ ਰਿਹਾ ਸੀ। ਅਸੀਂ ਸਫ਼ਰ ਕਰਦੇ-ਕਰਦੇ ਕਲਪਾ ਕਸਬੇ ਪੁੱਜ ਗਏ। ਸਰਦੀ ਵਿਚ ਇੱਥੇ ਬਰਫ਼ ਕਈ-ਕਈ ਫੁੱਟ ਪੈਂਦੀ ਹੈ। ਇੱਥੇ ਸਾਫ਼-ਸਫਾਫ਼ ਪਾਣੀ ਦੇ ਨਾਲੇ ਵਹਿੰਦੇ ਹਨ ਜਿਨ੍ਹਾਂ ’ਚ ਪਏ ਪੱਥਰ ਗੀਟੇ ਸੁੰਦਰ ਦ੍ਰਿਸ਼ ਪੇਸ਼ ਕਰਦੇ ਹਨ। ਦਿਲ ਕਰਦਾ ਹੈ ਕਿ ਬੈਠੇ ਨਜ਼ਾਰਾ ਵੇਖਦੇ ਰਹੀਏ। ਇੱਥੇ ਕਈ ਹੋਟਲ ਹਨ। ਵਸਪਾ ਨਦੀ ਕਿਨਾਰੇ ਇਕ ਰਿਵਰ ਵਿਊ ਹੋਟਲ ਵਿਚ ਬੈਠ ਕੇ ਵਸਪਾ ਨਦੀ ਦਾ ਸੁੰਦਰ ਨਜ਼ਾਰਾ ਵੇਖਿਆ ਹੀ ਬਣਦਾ ਹੈ। ਰਕਸਮ ਪਿੰਡ ਵੀ ਸ਼ਾਨਦਾਰ ਹੈ। ਇਹ ਕਿੰਨੌਰ ਜ਼ਿਲ੍ਹੇ ਵਿਚ ਪੈਂਦਾ ਹੈ ਜਿੱਥੋਂ ਦੇ ਗੋਲਡਨ ਸੇਬ ਬਹੁਤ ਮਸ਼ਹੂਰ ਹਨ। ਇੱਥੇ ਕੱਟੂ, ਸੇਬ, ਆਲੂ ਦੀ ਖੇਤੀ ਕੀਤੀ ਜਾਂਦੀ ਹੈ। ਕੱਟੂ ਦਾ ਪੀਹ ਕੇ ਆਟਾ ਬਣਾਇਆ ਜਾਂਦਾ ਹੈ। ਇਹ 1300 ਫੁੱਟ ਦੀ ਉਚਾਈ ਤੇ ਸਥਿਤ ਹੈ। ਇੱਥੋਂ ਦੇ ਕੁਦਰਤੀ ਨਜ਼ਾਰੇ ਬਹੁਤ ਸੁੰਦਰ ਹਨ। ਵਸਪਾ ਨਦੀ ਅੱਗੇ ਜਾ ਕੇ ਸਤਲੁਜ ਵਿਚ ਮਿਲ ਜਾਂਦੀ ਹੈ। ਇਹ ਸਾਰੇ ਪਿੰਡ ਤੇ ਕਸਬੇ ਸਾਂਗਲਾ ਘਾਟੀ ਵਿਚ ਸਥਿਤ ਹਨ। ਕਈ ਪਿੰਡਾਂ ਵਿਚ ਪਾਣੀ ਰਾਹੀਂ ਘਰਾਟਾਂ ਨਾਲ ਆਟਾ ਪੀਸਿਆ ਜਾਂਦਾ ਹੈ। ਪਹਾੜਨਾਂ ਇਹ ਗੀਤ ਆਮ ਹੀ ਗਾਉਂਦੀਆਂ ਹਨ :

ਅਲਗੋਜੁਆ ਵੱਜਦਾ ਪੱਤਣੇ ਕੀ
ਮੇਰਾ ਚਿੱਤ ਨਾ ਲੱਗਦਾ ਕੱਤਣੇ ਕੀ
ਮੀਆਂ ਅਲਗੋਜੁਆ

ਸਵੇਰ ਦਾ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ। ਕਲਪਾ ’ਤੇ 122 ਰਾਜਿਆਂ ਨੇ ਰਾਜ ਕੀਤਾ। 7 ਮੰਜ਼ਲੀ ਲੱਕੜ ਦੀ ਇਮਾਰਤ ਹੈ। ਕਾਮਰੂਪ ਦੇਵੀ ਦਾ ਮੰਦਰ ਹੈ ਪਰ ਅੰਦਰ ਨਹੀਂ ਜਾਣ ਦਿੰਦੇ। ਕਲਪਾ ਵਿਚ ਜੌਂ ਦੇ ਆਟੇ ਦੇ ਸੱਤੂ ਬਣਾਉਂਦੇ ਹਨ। ਲੋਕਾਂ ਦੇ ਚਿਹਰੇ ਸਰਦੀ ਕਾਰਨ ਲਾਲ ਹਨ। ਕਿੰਨੌਰ ਵੈਲੀ ਹੋਟਲ ਦੇ ਟੈਰੇਸ ਤੋਂ ਸੁੰਦਰ ਦ੍ਰਿਸ਼ ਦਿੱਸਦਾ ਹੈ। ਇਕ ਆਤਮਘਾਤ ਪੁਆਇੰਟ ਹੈ ਪਰ ਕਿਸੇ ਨੇ ਆਤਮਘਾਤ ਨਹੀਂ ਕੀਤਾ ਹੈ। ਇੱਥੇ ਸੜਕ ਤੋਂ ਹੇਠਾਂ ਡੂੰਘੀ ਖੱਡ ਦਿੱਸਦੀ ਹੈ। ਇਸ ਪਿੰਡ ਦੀ 650 ਆਬਾਦੀ ਹੈ। ਨਮਕੀਨ ਚਾਹ ਤੇ ਸੱਤੂ ਲੋਕ ਪੀਂਦੇ ਹਨ ਅਤੇ ਭੇਡ-ਬੱਕਰੀਆਂ ਪਾਲਦੇ ਹਨ।

ਰਕਸਮ ਤੋਂ 1 ਕਿ:ਮੀ: ਦੀ ਦੂਰੀ ’ਤੇ ਚਿਤਕੁਲ ਭਾਰਤ ਦਾ ਆਖ਼ਰੀ ਪਿੰਡ ਹੈ। ਰਾਹ ਵਿਚ ਆਖ਼ਰੀ ਢਾਬਾ ਆਉਂਦਾ ਹੈ। ਅੱਗੇ ਸੜਕ ਖ਼ਤਮ ਹੋ ਜਾਂਦੀ ਹੈ। ਅੱਗੇ ਚੀਨ ਦੀ ਹੱਦ ਹੈ। ਜੇ ਕਿਸੇ ਨੇ ਅੱਗੇ ਜਾਣਾ ਹੈ ਉਹ ਟ੍ਰੈਕਿੰਗ ਕਰਕੇ ਜਾ ਸਕਦਾ ਹੈ। ਲੋਕ ਟ੍ਰੈਕਿੰਗ ਵੀ ਕਰਦੇ ਹਨ। ਚਿਤਕੁਲ ਛੋਟਾ ਜਿਹਾ ਪਿੰਡ ਹੈ ਜਿੱਥੇ ਸਰਦੀਆਂ ਵਿਚ ਬਹੁਤ ਬਰਫ਼ ਪੈਂਦੀ ਹੈ। ਸਫ਼ਰ ਕਰਕੇ ਅਸੀਂ ਰਾਜ਼ੀ ਖ਼ੁਸ਼ੀ ਘਰ ਪੁੱਜ ਗਏ।

#389, ਡਾਲਿਮਾ ਵਿਹਾਰ, ਰਾਜਪੁਰਾ,
ਜ਼ਿਲ੍ਹਾ ਪਟਿਆਲਾ (ਪੰਜਾਬ)-140 401
98762-28703

# ਐਲੂਮੀਨੀਅਮ ਫੁਆਇਲ-ਸਿਹਤ ਲਈ ਕਿੰਨੀ ਖ਼ਤਰਨਾਕ

ਡਾ. ਸੰਜੀਵ ਕੁਮਾਰੀ



ਅੱਜ-ਕੱਲ੍ਹ ਲਗਭਗ ਹਰ ਕੋਈ ਆਪਣੇ ਭੋਜਨ ਨੂੰ ਪੈਕ ਕਰਨ ਲਈ ਐਲੂਮੀਨੀਅਮ ਫੁਆਇਲ ਦੀ ਵਰਤੋਂ ਕਰਦਾ ਹੈ। ਬੇਸ਼ੱਕ ਇਸ ਵਿਚ ਤੁਹਾਡੀਆਂ ਰੋਟੀਆਂ ਨਰਮ ਰਹਿੰਦੀਆਂ ਹਨ, ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਤੁਹਾਡੀ ਸਿਹਤ ਲਈ ਨੁਕਸਾਨਦੇਹ ਸਾਬਤ ਹੋ ਸਕਦੀ ਹੈ। ਤੁਹਾਨੂੰ ਦੱਸ ਦੇਈਏ ਕਿ ਐਲੂਮੀਨੀਅਮ ਰਿਐਕਟਿਵ ਹੁੰਦਾ ਹੈ। ਇਸ ਵਿੱਚ ਕੁਝ ਫੋਇਲ ਪੇਪਰ ਹੁੰਦੇ ਹਨ, ਜੋ ਤੁਹਾਡੇ ਖਾਣੇ ਵਿੱਚ ਘੁਲ ਜਾਂਦੇ ਹਨ ਅਤੇ ਮਿਲ ਜਾਂਦੇ ਹਨ, ਜਿਸ ਕਾਰਨ ਤੁਹਾਨੂੰ ਕਈ ਖ਼ਤਰਨਾਕ ਬਿਮਾਰੀਆਂ ਲੱਗ ਸਕਦੀਆਂ ਹਨ ਜੋ ਇਸ ਪ੍ਰਕਾਰ ਹਨ-

ਖਾਣਾ ਪਕਾਉਣ ਦੇ ਭਾਂਡਿਆਂ ਵਿੱਚ ਮੌਜੂਦ ਐਲੂਮੀਨੀਅਮ ਖਾਣਾ ਪਕਾਉਣ ਦੀ ਪ੍ਰਕਿਰਿਆ ਦੌਰਾਨ ਆਕਸੀਡਾਈਜ਼ਡ ਹੋ ਜਾਂਦਾ ਹੈ। ਜੇਕਰ ਹੱਡੀਆਂ ਅਤੇ ਦਿਮਾਗ ਵਿੱਚ ਐਲੂਮੀਨੀਅਮ ਇਕੱਠਾ ਹੋ ਜਾਂਦਾ ਹੈ, ਤਾਂ ਇਹ ਓਸਟੀਓਪੋਰੋਸਿਸ ਅਤੇ ਅਲਜ਼ਾਈਮਰ ਦਾ ਕਾਰਨ ਬਣ ਸਕਦਾ ਹੈ।

ਸਰੀਰ ਵਿੱਚ ਐਲੂਮੀਨੀਅਮ ਦੀ ਜ਼ਿਆਦਾ ਮਾਤਰਾ ਕਈ ਸਿਹਤ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ। ਸਰੀਰ ਵਿੱਚ ਐਲੂਮੀਨੀਅਮ ਦੇ ਜਮਣ ਨਾਲ ਐਲੂਮੀਨੀਅਮ ਦਾ ਜ਼ਹਿਰੀਲਾਪਣ, ਮਾਸਪੇਸ਼ੀਆਂ ਵਿੱਚ ਦਰਦ, ਪੇਟ ਵਿੱਚ ਦਰਦ ਅਤੇ ਫੋੜੇ, ਭੁੱਖ ਨਾ ਲੱਗਣਾ ਅਤੇ ਮੂੰਹ ਵਾਰ-ਵਾਰ ਸੁੱਕਦਾ ਹੈ।

ਦਿਮਾਗ ਦੀਆਂ ਕੋਸ਼ਿਕਾਵਾਂ ਵਿੱਚ ਐਲੂਮੀਨੀਅਮ ਦੇ ਜਮ੍ਹਾ ਹੋਣ ਨਾਲ ਕੋਸ਼ਿਕਾਵਾਂ ਦੇ ਵਿਕਾਸ ਵਿੱਚ ਕਮੀ ਆਉਂਦੀ ਹੈ ਜਿਸ ਨਾਲ ਅਲਜ਼ਾਈਮਰ ਰੋਗ ਹੋ ਜਾਂਦਾ ਹੈ। ਅਲਜ਼ਾਈਮਰ ਰੋਗ ਦਿਮਾਗ਼ ਦੇ ਸੈੱਲਾਂ ਦੇ ਨੁਕਸਾਨ ਕਾਰਨ ਯਾਦਦਾਸ਼ਤ ਦੀ ਕਮੀ ਅਤੇ ਦਿਮਾਗ ਦੇ ਕੰਮ ਵਿੱਚ ਕਮੀ ਆਉਂਦੀ ਹੈ।

ਸਰੀਰ ਵਿੱਚ ਉੱਚ ਐਲੂਮੀਨੀਅਮ ਦਾ ਪੱਧਰ ਹੱਡੀਆਂ ਦੇ ਖਣਿਜੀਕਰਨ, ਮੈਟ੍ਰਿਕਸ ਗਠਨ ਦੇ ਨਾਲ-ਨਾਲ ਪੈਰਾਥਾਈਰੋਇਡ ਅਤੇ ਹੱਡੀਆਂ ਦੇ ਸੈੱਲਾਂ ਦੀ ਗਤੀਵਿਧੀ ਨੂੰ ਬਦਲਦਾ ਹੈ। ਕੈਲਸ਼ੀਅਮ ਅਤੇ ਐਲੂਮੀਨੀਅਮ ਦੇ ਮੁਕਾਬਲੇ ਵਿਚ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ।

ਬਹੁਤ ਜ਼ਿਆਦਾ ਐਲੂਮੀਨੀਅਮ ਇਕੱਠਾ ਹੋਣ ਨਾਲ ਖ਼ੂਨ ਵਿੱਚ ਹਾਈਪਰਕੈਲਸੀਮੀਆ ਜਾਂ ਉੱਚ ਕੈਲਸ਼ੀਅਮ ਦਾ ਪੱਧਰ ਹੁੰਦਾ ਹੈ। ਕਿਉਂਕਿ ਐਲੂਮੀਨੀਅਮ ਦੀ ਮੌਜੂਦਗੀ ਹੱਡੀਆਂ ਵਿੱਚ ਕੈਲਸ਼ੀਅਮ ਜਮ੍ਹਾਂ ਕਰਨ ਵਿੱਚ ਵਿਘਨ ਪਾਉਂਦੀ ਹੈ। ਇਸ ਤਰ੍ਹਾਂ ਖ਼ੂਨ ਵਿੱਚ ਕੈਲਸ਼ੀਅਮ ਦੇ ਉੱਚ ਪੱਧਰਾਂ ਨੂੰ ਵਧਾਉਂਦਾ ਹੈ। ਨਤੀਜੇ ਵਜੋਂ, ਬਹੁਤ ਘੱਟ ਪੀ.ਅਚ.ਟੀ. ਸਨਾਵ ਹੁੰਦਾ ਹੈ।

ਐਲੂਮੀਨੀਅਮ ਦੇ ਜ਼ਹਿਰ ਨਾਲ ਓਸਟੀਓਬਲਾਸਟ ਦੇ ਵੱਧਣ ਅਤੇ ਹੱਡੀਆਂ ਦੇ ਗਠਨ ਵਿੱਚ ਕਮੀ ਆਉਂਦੀ ਹੈ। ਨਤੀਜੇ ਵਜੋਂ ਓਸਟੀਓਪੋਰੋਸਿਸ ਹੋ ਜਾਂਦਾ ਹੈ।

ਖਾਣਾ ਪਕਾਉਣ ਦੌਰਾਨ ਐਲੂਮੀਨੀਅਮ ਦੇ ਬੇਲੋੜੇ ਸੰਪਰਕ ਨੂੰ ਘਟਾਉਣ ਲਈ ਤੁਸੀਂ ਕੁਝ ਕਦਮ ਚੁੱਕ ਸਕਦੇ ਹੋ-

ਫੁਆਇਲ ਖਾਣਾ ਪਕਾਉਣ ਅਤੇ ਸਬਜ਼ੀਆਂ ਜਿਵੇਂ ਕਿ ਟਮਾਟਰ, ਨਿੰਬੂ ਦੇ ਰਸ ਜਾਂ ਮਸਾਲਿਆਂ ਨਾਲ ਵਰਤਣ ਲਈ ਢੁਕਵੀਂ ਨਹੀਂ ਹੈ।

ਉੱਚ ਤਾਪਮਾਨ 'ਤੇ ਖਾਣਾ ਪਕਾਉਣ ਤੋਂ ਬਚੋ। ਜਦੋਂ ਵੀ ਸੰਭਵ ਹੋਵੇ ਆਪਣੇ ਭੋਜਨ ਨੂੰ ਘੱਟ ਤਾਪਮਾਨ 'ਤੇ ਪਕਾਓ। ਗਰਮ ਭੋਜਨ ਨੂੰ ਐਲੂਮੀਨੀਅਮ ਫੁਆਇਲ 'ਤੇ ਸਟੋਰ ਨਾ ਕਰੋ। ਖਾਸ ਕਰਕੇ ਤੇਜ਼ਾਬ ਵਾਲੇ ਭੋਜਨ ਜਿਵੇਂ ਕਿ ਟਮਾਟਰ,

ਖੱਟੇ ਫਲ, ਜਾਂ ਮਸਾਲੇ ਨੂੰ ਸਟੋਰ ਕਰਨ ਤੋਂ ਪਰਹੇਜ਼ ਕਰੋ।

ਗੈਰ-ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਕਰੋ। ਆਪਣੇ ਭੋਜਨ ਨੂੰ ਪਕਾਉਣ ਲਈ ਗੈਰ-ਐਲਮੀਨੀਅਮ ਦੇ ਭਾਂਡਿਆਂ, ਜਿਵੇਂ ਕਿ ਕੱਚ ਜਾਂ ਮਿੱਟੀ ਦੀ ਵਰਤੋਂ ਕਰੋ।

ਐਲੂਮੀਨੀਅਮ ਫੁਆਇਲ ਦੀ ਬਜਾਏ ਕੱਪੜੇ ਦੇ ਰੁਮਾਲ ਦੀ ਵਰਤੋਂ ਕਰੋ, ਜਿਸ ਨੂੰ ਧੋ ਕੇ ਦੁਬਾਰਾ ਵਰਤਿਆ ਜਾ ਸਕਦਾ ਹੈ।

ਅੱਜ ਦੇ ਫੈਸ਼ਨ ਅਤੇ ਦਿਖਾਵੇ ਕਾਰਨ ਐਲੂਮੀਨੀਅਮ ਫੋਇਲ ਦੀ ਵਰਤੋਂ ਸਾਡੀ ਸਿਹਤ ਲਈ ਬਹੁਤ ਖ਼ਤਰਨਾਕ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਸਾਨੂੰ ਇਸ ਦੀ ਵਰਤੋਂ ਬੰਦ ਕਰ ਦੇਣੀ ਚਾਹੀਦੀ ਹੈ।

ਵਜੀਰਪੁਰ ਟਿਵਾਣਾ, ਤਹਿ-ਡਿਡਵਾੜੀ,
ਜ਼ਿਲ੍ਹਾ-ਪਾਣੀਪਤ (ਹਰਿਆਣਾ)-132145
94665-57958

---

## ਕਵਿਤਾ



ਗੁੰਜਨ

ਰੱਬ ਦੀ ਦਿੱਤੀ
ਫੁੱਲਾਂ ਜਿਹੀ ਜ਼ਿੰਦਗੀ ਨੂੰ
ਗੱਭਰੂ ਗਵਾ ਰਹੇ ਨੇ
ਨਸ਼ਿਆਂ ਦੇ ਅੰਨ੍ਹੇ ਖੂਹ ਵਿੱਚ
ਛਾਲਾਂ ਲਾ ਰਹੇ ਨੇ
ਰੱਬ ਦੇ ਬਣਾਏ
ਮੰਦਰ ਜਿਹੇ ਸਰੀਰ ਨੂੰ
ਕਿਉਂ ਉਜਾੜੀ ਜਾਂਦੇ ਹੋ
ਲਗਦਾ ਰੱਬ ਵੀ
ਰੌਂਦਾ ਹੋਵੇਗਾ
ਤੁਹਾਨੂੰ ਨਸ਼ੇ ਕਰਦੇ ਹੋਏ
ਵੇਖ ਕੇ
ਨਹੀਂ ਹੋਣਾ ਭਲਾ
ਨਸ਼ਿਆਂ ਨਾਲ
ਫਿਰ ਕਿਉਂ
ਜਵਾਨੀ ਦੇਸ਼ ਦੀ
ਇਸ ਦਲਦਲ ਵਿੱਚ
ਫਸਾਈ ਜਾਂਦੇ ਹੋ
ਸਮਾਜ ਵਿੱਚ ਫੈਲਿਆ
ਨਸ਼ਾ ਘਾਤਕ ਰੋਗ ਹੈ
ਇਸ ਨਸ਼ੇ ਨੇ ਅਤੇ
ਇਸ ਨਸ਼ੇ ਦੇ ਵਪਾਰੀਆਂ ਨੇ
ਬਲੀ ਹੈ ਲਈ
ਕਈ ਮਾਵਾਂ ਦੇ ਜਾਇਆਂ ਦੀ
ਜਿਸ ਨੂੰ ਡੱਸ ਲਵੇ
ਇਹ ਨਸ਼ਿਆਂ ਦਾ ਨਾਗ
ਉਹ ਵੀ ਉੱਜੜੇ ਤੇ
ਉਸ ਦਾ ਘਰ ਵੀ ਉੱਜੜੇ
ਸਾਰਿਆਂ ਨੂੰ ਬੇਨਤੀ ਹੈ
ਆਪ ਵੀ ਸੁਧਰੋ
ਨਾਲ ਦੂਜਿਆਂ ਨੂੰ
ਵੀ ਸੁਧਾਰੋ
ਨਸ਼ੇ ਦੇ ਇਸ
ਜਾਲ ਨੂੰ ਤੋੜ ਕੇ
ਦੇਸ਼ ਦੇ ਵਿਚੋਂ
ਨਸ਼ਾ ਮਿਟਾਉਣਾ ਹੈ
ਨਸ਼ੇ ਦੀ ਗੰਦੀ
ਆਦਤ ਨੂੰ ਤਿਆਗ ਕੇ
ਭਾਰਤ ਨੂੰ
ਮਜ਼ਬੂਤ ਦੇਸ਼ ਬਣਾਉਣਾ ਹੈ।

ਜਮਾਤ - ਬਾਰਵੀਂ
12 ਕਰਾਸ ਰੋਡ, ਬੱਕਰਾ ਬਜ਼ਾਰ,
ਅੰਬਾਲਾ ਕੈਂਟ, (ਹਰਿਆਣਾ)-133001
82959-64625



## ਗੀਤ

ਰਮੇਸ਼ ਰਜਪੁਰੇਵਾਲਾ

ਅਸੀਂ ਰਲ ਮਿਲ ਮਾਰ ਮੁਕਾਵਾਂਗੇ
ਇਸ ਕਰੋਨਾ ਜਿਹੇ ਸ਼ੈਤਾਨ ਨੂੰ।
ਕਦੇ ਤੱਤੀ ਵਾ ਨਾ ਲੱਗਣ ਦੇਣੀ
ਇਸ ਪਿਆਰੇ ਹਿੰਦੋਸਤਾਨ ਨੂੰ।

ਸਾਨੂੰ ਮਾਣ ਹੈ ਜਾਂਬਾਜਾਂ ਤੇ
ਜਿਹੜੇ ਦੇਸ਼ ਲਈ ਕੁਰਬਾਨ ਹੋਏ।
ਦੂਜਿਆਂ ਨੂੰ ਜ਼ਿੰਦਗੀ ਦੇਣ ਲਈ
ਉਹ ਸਾਡੇ ਤੇ ਮਿਹਰਬਾਨ ਹੋਏ।
ਰਹਿੰਦੀ ਦੁਨੀਆਂ ਤੱਕ ਯਾਦ ਰਹਿਣ
ਜਿਹੜੇ ਛੱਡ ਤੁਰਗੇ ਜਹਾਨ ਨੂੰ
ਕਦੇ ਤੱਤੀ ਵਾ ਨਾ ਲੱਗਣ ਦੇਣੀ

ਹਰ ਥਾਂ ਤੇ ਲੰਗਰ ਲੱਗੇ ਨੇ
ਨਾ ਭੁੱਖਾ ਕਿਸੇ ਨੂੰ ਸੌਣ ਦਿੱਤਾ।
ਅਸੀਂ ਮੁਕਾਬਲਾ ਡਟ ਕੇ ਕਰਨਾ ਏ
ਇਹ ਐਲਾਨ ਸਰਕਾਰ ਨੇ ਹੈ ਕੀਤਾ।
ਨਾ ਉਹਨੂੰ ਵੀ ਭੁੱਖਾ ਰਹਿਣ ਦਿੱਤਾ
ਪਸ਼ੂ ਵਿਚਾਰੇ ਬੇਜ਼ੁਬਾਨ ਨੂੰ
ਕਦੇ ਤੱਤੀ ਵਾ ਨਾ ਲੱਗਣ ਦੇਣੀ

ਕਦੀ ਮੁਲਕਾਂ ਦੇ ਤਾਂ ਲੀਡਰ
ਪਰਜਾ ਨੂੰ ਬੇਕਾਰ ਸਮਝਦੇ ਨੇ।
ਪਰ ਸਾਡੇ ਪ੍ਰਧਾਨ ਮੰਤਰੀ
ਭਾਰਤ ਨੂੰ ਪਰਿਵਾਰ ਸਮਝਦੇ ਨੇ।
ਦੁਸ਼ਮਣ ਜਿੰਨਾ ਮਰਜ਼ੀ ਜ਼ੋਰ ਲਾਵੇ
ਮਿਟਾ ਨਹੀਂ ਸਕਦਾ ਸਾਡੀ ਪਹਿਚਾਣ ਨੂੰ
ਕਦੇ ਤੱਤੀ ਵਾ ਨਾ ਲੱਗਣ ਦੇਣੀ

ਕਰੋਨਾ ਮੁਕਤ ਹੋਵੇ ਦੇਸ਼ ਸਾਡਾ
ਕੋਸ਼ਿਸ਼ ਅਜੇ ਵੀ ਜਾਰੀ ਆ।
ਬਹੁਤ ਚਿਰ ਰਹਿਣ ਨਾ ਦੇਣੀ
ਭਾਵੇਂ ਕਿੰਨੀ ਵੱਡੀ ਬੀਮਾਰੀ ਆ।
'ਰਜਪੁਰੇ' ਵਾਲਿਆਂ ਝੁਕਾ ਨਹੀਂ ਸਕਦਾ
ਵੇਰੀ ਸਾਡੇ ਈਮਾਨ ਨੂੰ
ਕਦੇ ਤੱਤੀ ਵਾ ਨਹੀਂ ਲੱਗਣ ਦੇਣੀ
ਪਿਆਰੇ ਹਿੰਦੋਸਤਾਨ ਨੂੰ।

ਪਿੰਡ-ਰਜਪੁਰਾ, ਡਾਕ-ਕੜਾਸਨ,
ਜ਼ਿਲ੍ਹਾ-ਅੰਬਾਲਾ (ਹਰਿਆਣਾ)-134202
89013-29154[21]

**ਜ਼ਿੰਮੇਵਾਰ ਉਹ ਹੁੰਦੇ ਹਨ,
ਜਿਹੜੇ ਆਪਣੇ ਨਿਰਣਿਆਂ ਦੇ
ਸਿੱਟੇ ਭੁਗਤਣ ਲਈ ਤਿਆਰ ਰਹਿੰਦੇ ਹਨ।
ਨਰਿੰਦਰ ਸਿੰਘ ਕਪੂਰ**



## ਊਧਮ ਸਿੰਘ

ਗੁਰਦਿਆਲ ਸਿੰਘ ਮੌਜੀ

ਦਿਨ ਵਿਸਾਖੀ ਅੰਮ੍ਰਿਤਸਰ 'ਚ ਕੀ ਵਰਤਿਆ ਕਾਰਾ।
ਜਲ੍ਹਿਆਂ ਵਾਲੇ ਬਾਗ 'ਚ ਕੱਠ ਹੋਇਆ ਭਾਰਾ।
ਕੱਢਣਾ ਫਰੰਗੀ ਦੇਸ਼ 'ਚੋਂ ਸਭ ਰਲ ਇਹ ਸੀ ਮਤਾ ਪਕਾਇਆ।
'ਇਨਕਲਾਬ ਜਿੰਦਾਬਾਦ' ਦਾ ਸਭ ਰਲ ਕੇ ਨਾਰਾ ਲਾਇਆ।
ਉਡਵਾਇਰ ਵੇਖ ਖਾਧੀ ਖਾਰ, ਲੱਗਾ ਫਿਰ ਜ਼ੁਲਮ ਕਮਾਵਣ ਨੂੰ।
ਭਾਰਤ ਦੇਸ਼ ਦਿਆਂ ਲਾਲਾਂ 'ਤੇ ਲੱਗਾ ਗੋਲੀਆਂ ਵਰਸਾਵਣ ਨੂੰ।
ਚਾਰ-ਚੁਫੇਰੇ ਤਾਣ ਬੰਦੂਕਾਂ ਐਸਾ ਕਹਿਰ ਕਮਾਇਆ ਸੀ।
ਨਾ ਵੇਖ ਕੋਈ ਨਿਰਦੋਸ਼ ਸਭ ਨੂੰ ਮਾਰ ਮੁਕਾਇਆ ਸੀ।
ਬਾਗ 'ਚ ਲੱਗਾ ਖੂਹ ਨਾਲ ਲਾਸ਼ਾਂ ਦੇ ਭਰਿਆ ਸੀ।
ਨਾ ਪਾਪੀ ਉਡਵਾਇਰ ਦਾ ਮਨ ਰਤਾ ਨਾ ਡਰਿਆ ਸੀ।
ਤੜਫ਼ਦੀਆਂ ਲਾਸ਼ਾਂ ਵੇਖ ਰੂਹ ਈਸਾ ਦੀ ਕੰਬੀ ਸੀ।
ਨਾ ਕਲਮ ਤੋਂ ਲਿਖੀ ਜਾਂਵਦੀ, ਕਥਾ ਜ਼ੁਲਮ ਦੀ ਲੰਬੀ ਸੀ।
ਜ਼ੁਲਮ ਹੋਇਆ ਵੇਖ ਦਿਲਾਂ ਤੇ ਫਿਰ ਗਈ ਆਰੀ ਸੀ।
ਬਦਲਾ ਲੈਣਾ ਉਡਵਾਇਰ ਤੋਂ ਜੋਧਿਆਂ ਦਿਲ 'ਚ ਧਾਰੀ ਸੀ।
ਊਧਮ ਸਿੰਘ ਨੇ ਉੱਦਮ ਕਰ ਰਾਹ ਮੰਜ਼ਲ ਦਾ ਪਾਇਆ ਸੀ।
ਜਾ ਪਾਪੀ ਉਡਵਾਇਰ ਨੂੰ ਵਿਚ ਲੰਡਨ ਢਾਹਿਆ ਸੀ।
ਕਰ ਜ਼ੁਲਮ ਮੇਰੇ ਦੇਸ਼ ਏਥੇ ਆ ਬੈਠਾ ਤੂੰ ਹੰਕਾਰੀ ਏ।
ਤਾੜ-ਤਾੜ ਕਰ ਗੋਲੀ ਊਧਮ ਸਿੰਘ, ਵਿਚ ਸੀਨੇ ਮਾਰੀ ਏ।
ਬਦਲਾ ਲਿਆ ਸੂਰਮੇ ਸੱਤ ਸਮੁੰਦਰੋਂ ਪਾਰ ਜਾ ਕੇ ਸੀ।
ਵਿੱਚ ਅਸੈਂਬਲੀ ਸਭ ਨੂੰ ਉਸ ਮੂਧੇ ਪਾ ਕੇ ਸੀ।
ਬਦਲਾ ਲਿਆ ਸੂਰਮੇ ਨਾ ਗੋਰੇ ਤੋਂ ਡਰਿਆ ਸੀ।
'ਮੌਜੀ' ਖਾਤਰ ਆਪਣੇ ਦੇਸ਼ ਹੱਸ ਫਾਂਸੀ ਚੜ੍ਹਿਆ ਸੀ।

ਵਾਰਡ ਨੰ. 13, ਜੀਵਨ ਨਗਰ, ਰਾਣੀਆ
ਜ਼ਿਲ੍ਹਾ-ਸਿਰਸਾ (ਹਰਿਆਣਾ)
98129-37513



## ਹਾਲਾਤ

ਜੱਸ ਵਰਮਾ

ਮੈਂ ਕੋਸ਼ਿਸ਼ ਕੀਤੀ ਹਵਾਵਾਂ ਨੂੰ ਬੰਦ ਕਰਨ ਦੀ,
ਪਾਣੀਆਂ ਦੇ ਸਾਗਰ ਨੂੰ ਇਕ ਕੁੱਜੇ ਵਿੱਚ ਭਰਨ ਦੀ,
ਕਾਮਯਾਬ ਹੋਣ ਈ ਲੱਗੀ ਸੀ,
ਪਿੱਛੋਂ ਆਵਾਜ਼ ਮਾਰ ਕਿਸੇ ਨੇ ਹੌਂਸਲਾ ਢਾਹ ਦਿੱਤਾ,,

ਕੋਸ਼ਿਸ਼ ਕੀਤੀ ਮੈਂ ਦੁਨੀਆ ਦੀ ਰੀਤ ਬਦਲਣ ਦੀ,
ਅੱਜਕੱਲ ਜੋ ਲਿਖੇ ਜਾਂਦੇ ਉਹ ਗੀਤ ਬਦਲਣ ਦੀ,
ਮੈਥੋਂ ਵੀ ਲਿਖਾ ਕੇ ਉਹੀ ਗੀਤ,
ਮੈਨੂੰ ਵੀ ਉਹੀ ਰਾਹੇ ਪਾ ਦਿੱਤੀ,,

ਲੱਗੀ ਸੀ ਮੈਂ ਜਾਤਾਂ ਮਿਟਾਉਣ ਜੀ,
ਧਰਮਾਂ ਦੇ ਨਾਂ ਤੇ ਸੁਲਾਹ ਕਰਾਉਣ ਜੀ,
ਮੈਨੂੰ ਸੁਣਾ ਕੇ ਗੱਲਾਂ ਪੁੱਠੀਆਂ,
ਜਾਤਾਂ ਦੇ ਵਿੱਚ ਈ ਉਲਝਾ ਦਿੱਤੀ,,

ਕੋਸ਼ਿਸ਼ ਕੀਤੀ ਮੈਂ ਆਪਣਾ ਅਸਲੀ ਨਾਂ ਚਲਾਉਣ ਦੀ,
ਲਿਖ ਕੇ ਤਹਿਰੀਰਾਂ ਵਿੱਚ ਸਭ ਦੇ ਅੱਗੇ ਲਿਆਉਣ ਦੀ,
ਪਰ ਬਣ ਕੇ ਸ਼ਰੀਕ ਮੇਰੇ ਖ਼ਿਲਾਫ਼ ਚਾਲਾਂ ਚੱਲਕੇ,
ਜੱਸ ਤੋਂ ਉਹਦਾ ਕਿਰਦਾਰ ਹੀ ਲੁਕਵਾ ਦਿੱਤਾ,
ਕੋਸ਼ਿਸ਼ ਕੀਤੀ ਮੈਂ ਹਾਲਾਤ ਬਦਲਣ ਦੀ,
ਪਿੱਛੋਂ ਮਾਰ ਕੇ ਆਵਾਜ਼ ਮੇਰਾ ਹੌਂਸਲਾ ਢਾਹ ਦਿੱਤਾ,,,,

ਪਿੰਡ ਤੇ ਡਾਕ :- ਲੱਕੜਵਾਲੀ
ਜ਼ਿਲ੍ਹਾ :- ਸਿਰਸਾ (ਹਰਿਆਣਾ)
jasveerkaur78910@gmail.com

# ਜਿਊਣ ਦੀ ਰੀਤ

ਇੰਦੂ ਗੁਪਤਾ



ਪਿਛਲੇ ਕੁਝ ਦਿਨਾਂ ਤੋਂ ਵਰਕ ਫਰਾੱਮ ਹੋਮ (ਘਰ ਤੋਂ ਹੀ ਕੰਮ) ਚਲ ਰਿਹਾ ਸੀ। ਆਫਿਸ ਬੰਦ ਸੀ ਪਰੰਤੂ ਘਰ ਅੰਦਰ ਤਾਂ ਸਭ ਕੁਝ ਚਲ ਰਿਹਾ ਸੀ। ਦੋਸਤ-ਮਿੱਤਰਾਂ ਦਾ ਥੋੜ੍ਹਾ ਵਾਧੂ ਆਉਣ-ਜਾਣ, ਮਸਤ ਖਾਣ-ਪੀਣ ਅਤੇ ਮਿਊਜ਼ਿਕ-ਡਾਂਸ ਪਰੰਤੂ ਹਾਂ, ਕੰਮ ਵੀ... ਕੰਮ ਤੋਂ ਬਗੈਰ ਤਾਂ ਨਾ ਇਹ ਘਰ ਅਤੇ ਨਾ ਹੀ ਜ਼ਿੰਦਗੀ ਦੇ ਰਾਸ-ਰੰਗ ਸਨ।

ਫ਼ੋਨ ਦੀ ਘੰਟੀ ਵੱਜਣ ’ਤੇ ਗੁਰਪ੍ਰੀਤ ਨੇ ਫ਼ੋਨ ’ਤੇ ਨਿਗਾਹ ਮਾਰੀ। ਫ਼ੋਨ ਸੁਣਨ ਮਗਰੋਂ ਉਹ ‘ਮੋਬਾਇਲ’ ਨੂੰ ਹੱਥ ਵਿਚ ਫੜ੍ਹੀ ਇਕ ਟੱਕ ਫ਼ੋਨ ਨੂੰ ਹੀ ਘੂਰ ਰਹੀ ਸੀ। ਦਿਮਾਗ ਜਿਵੇਂ ਸੁੰਨ ਹੋ ਗਿਆ ਹੋਵੇ। ਉਹ ਫ਼ੋਨ ਦਫ਼ਤਰ ਤੋਂ ਹੀ ਆਇਆ ਸੀ ਕਿ ਮਾਰਚ ਮਹੀਨੇ ਦੀ ਤਨਖ਼ਾਹ ਅੱਧੀ ਹੀ ਮਿਲੂਗੀ ਅਤੇ ਅੱਗਿਓਂ ਵੀ...।

ਓਏ ਰੱਬ ਜੀ, ਇਹ ਕੀ ਭਾਣਾ ਵਰਤ ਗਿਐ। ਅੱਜ ਛੇ ਅਪ੍ਰੈਲ ਹੈਗੀ ਏ ਅਤੇ ਮਕਾਨ ਦਾ ਕਿਰਾਇਆ, ਮੋਬਾਇਲ ਦਾ ਬਿਲ, ਰਾਸ਼ਨ, ਬਿਜਲੀ... ਸਾਰੇ ਜ਼ਰੂਰੀ ਕੰਮ ਉਹ ਕਿਵੇਂ ਕਰੂਗੀ? ਉਹ ਵੀ ਬਸ ਸਾਢੇ ਸਤਾਈ ਹਜ਼ਾਰ ਵਿਚ? ਪੰਦਰਾਂ ਹਜ਼ਾਰ ਘਰ ਦਾ ਕਿਰਾਇਆ ਹੈਗੇ ਅਤੇ ਹੁਣ ਗਰਮੀ ਦੇ ਮੌਸਮ ਕਰਕੇ ਏਅਰ ਕੰਡੀਸ਼ਨਰ ਤਾਂ ਚਲਾਉਣਾ ਹੀ ਪਵੇਗਾ। ਉਸ ਬਗੈਰ ਨਾ ਤਾਂ ਕੰਮ ਕਰ ਹੋਣਾ ਹੈ ਅਤੇ ਨਾ ਹੀ ਰਾਤੀ ਨੀਂਦਰ ਆਉਣੀ ਹੈ। ਕਿਵੇਂ ਨਿਭਾਏਗੀ ਉਹ ਸਭ ਚੀਜ਼ਾਂ?

ਲਾਕਡਾਊਨ ਵਜੋਂ ਘਰ ਵੀ ਤਾਂ ਨਹੀਂ ਪਰਤ ਸਕਦੀ। ਹਾਂ, ਘਰੋਂ ਪੈਸੇ ਮੰਗਵਾ ਤਾਂ ਸਕਦੀ ਹੈ ਪਰੰਤੂ ਉਸਦੇ ਨਾਲ ਸੁਰਪ੍ਰੀਤ ਨੂੰ ਮੰਮੀ-ਪਾਪਾ ਦੇ ਭਾਸ਼ਣ ਵੀ ਸੁਣਨੇ ਪੈਣਗੇ। ਉਹ ਮਦਦ ਤਾਂ ਜ਼ਰੂਰ ਕਰ ਦੇਣਗੇ ਪਰੰਤੂ ਉਸਦੇ ਨਾਲ-ਨਾਲ ਸੁਰਪ੍ਰੀਤ ਨੂੰ ਇੰਨਾ ਜ਼ਲੀਲ ਵੀ ਕਰਨਗੇ ਕਿ... ਬਸ ਸੋਚ ਕੇ ਹੀ ਉਸਦੀ ਹਿੰਮਤ ਜੁਆਬ ਦਿੰਦੀ ਜਾ ਰਹੀ ਸੀ।

ਲਗਭਗ ਸਤਾਈ ਵਰ੍ਹੇ ਦੀ ਸੁਰਪ੍ਰੀਤ ਆਪਣੇ ਕਸਬੇ ਤੋਂ ਇੱਥੇ ਗੁਰੂਗ੍ਰਾਮ ਇੰਜੀਨੀਅਰਿੰਗ ਦੀ ਪੜ੍ਹਾਈ ਕਰਨ ਆਈ ਸੀ ਤਾਂ ਫਿਰ ਉਹ ਮੁੜ ਪਰਤ ਨਹੀਂ ਸਕੀ ਸੀ ਕਦੀ। ਬੀ.ਟੈੱਕ. ਕਰਨ ਮਗਰੋਂ ਉਸਨੂੰ ਉੱਥੇ ਹੀ ਨੌਕਰੀ ਮਿਲ ਗਈ ਸੀ। ਬੱਤੀ ਹਜ਼ਾਰ ਰੁਪਏ ਤਨਖ਼ਾਹ ਤੋਂ ਸ਼ੁਰੂਆਤ ਹੋਈ ਸੀ, ਹੁਣ ਸਾਢੇ ਤਿੰਨ ਸਾਲਾਂ ਅੰਦਰ ਹੀ ਪਚਵੰਜਾ ਹਜ਼ਾਰ ਰੁਪਈਏ ਹੋ ਗਈ ਸੀ। ਉਸਨੇ ਉੱਤੇ ਹੀ ਇਕ ਨਿੱਕਾ ਜਿਹਾ ਘਰ ਕਿਰਾਏ ’ਤੇ ਲੈ ਲਿੱਤਾ ਸੀ। ਉੱਪਰ ਦਾ ਪੋਰਸ਼ਨ ਸੀ। ਇੱਕ ਬੈੱਡਰੂਮ, ਕਿਚਨ, ਬਾਥਰੂਮ ਅਤੇ ਮੂਹਰੇ ਇਕ ਬਰਸਾਤੀ ਸੀ। ਸੁਰਪ੍ਰੀਤ ਨੂੰ ਇਹ ਬਰਸਾਤੀ ਖਾਸੀ ਪਿਆਰੀ ਸੀ। ਉਸਨੇ ਉੱਥੇ ਕਈ ਕਿਸਮਾਂ ਦੇ ਹਰੇ-ਭਰੇ ਪੌਦਿਆਂ ਦੇ ਗਮਲੇ ਰੱਖੇ ਸਨ। ਘਰ ਵਿਚ ਕੁਝ ਸਮਾਨ ਜਿਵੇਂ ਇਕ ਦੀਵਾਨ, ਦੋ ਕੁਰਸੀਆਂ ਆਦਿ ਪਹਿਲਾਂ ਤੋਂ ਹੀ ਸਨ।

ਸੁਰਪ੍ਰੀਤ ਦੇ ਮਕਾਨ-ਮਾਲਿਕ ਹੇਠਾਂ ਰਹਿੰਦੇ ਸਨ ਅਤੇ ਸੁਰਪ੍ਰੀਤ ਦਾ ਉਨ੍ਹਾਂ ਨਾਲ ਵਾਹ ਅਤੇ ਮਤਲਬ ਨਾ ਦੇ ਬਰਾਬਰ ਹੀ ਸੀ, ਉਹ ਕਾਫੀ ਰੁੱਖੇ-ਸੁੱਕੇ ਸੁਭਾਅ ਦੇ ਸਨ ਕਿਉਂਕਿ ਉਨ੍ਹਾਂ ਦਾ ਮਤਲਬ ਸੁਰਪ੍ਰੀਤ ਤੋਂ ਸਿਰਫ ਕਿਰਾਏ ਤੱਕ ਹੀ ਸੀਮਿਤ ਨਹੀਂ ਸੀ, ਸਗੋਂ ਉਹ ਉਸ ਨੂੰ ਮੁਫ਼ਤ ਦਾ ਨੈਤਿਕ ਗਿਆਨ ਵੀ ਵੰਡ ਦਿੰਦੇ ਸਨ, ਜੋ ਉਸਨੂੰ ਜ਼ਰਾ ਵੀ ਚੰਗਾ ਨਹੀਂਓਂ ਲਗਦਾ ਸੀ। ਮੰਮੀ-ਪਾਪਾ ਵਾਂਗੂ ਟੋਕਾ-ਟੋਕੀ...।

ਕਦੇ ਕਹਿੰਦੇ, “ਇੰਨੀ ਉੱਚੀ ਆਵਾਜ਼ ਵਿਚ ਮਿਊਜ਼ਿਕ ਨਾ ਸੁਣੋ, ਕੰਨਾਂ ਅਤੇ ਦਿਮਾਗ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। “ਕਦੇ ਪੁੱਛਦੇ” ਕੱਲ੍ਹ ਰਾਤ ਨੂੰ ਪਰਤਨ ਵਿਚ ਐਨੀ ਦੇਰ ਕਿਵੇਂ ਹੋ ਗਈ ਸੀ। ਹੁਣ ਸੁਰਪ੍ਰੀਤ ਆਪਣੀ ਪਸੰਦ ਅਤੇ ਮਨੋਰੰਜਨ ਨੂੰ ਵੇਖੇ ਜਾਂ ਫਿਰ ਉਨ੍ਹਾਂ ਦੇ ਕੰਨਾਂ ਅਤੇ ਦਿਮਾਗ਼ ਦਾ ਖ਼ਿਆਲ ਕਰਕੇ ਉੱਚਾ ਸੰਗੀਤ ਨਾ ਸੁਣੇ ਅਤੇ ਆਪਣੇ ਮਿੱਤਰਾਂ ਨਾਲ ਦੇਰ ਰਾਤ ਤੱਕ ਖਾਣ-ਪੀਣ, ਸ਼ੁਗਲ-ਮਸਤੀ ਹੁਣ ਹਫ਼ਤੇ ਦੇ ਅੰਤਿਮ ਦਿਨਾਂ ਵਿਚ ਕਰਦੇ ਹੋਏ ਸਮਾਂ ਕਿੱਥੇ ਅਤੇ ਕਿਵੇਂ ਲੰਘ ਜਾਂਦਾ ਹੈ, ਖ਼ਬਰ ਹੀ ਨਹੀਂ ਹੁੰਦੀ। ਇਸ ਲਈ ਉਹ ਲੇਟ ਹੋ

ਜਾਂਦੀ ਹੈ। ਜ਼ਿੰਦਗੀ ਦਾ ਲੁਤਫ਼ ਲੁੱਟਣਾ ਉਸਦਾ ਹੱਕ ਹੈ, ਉਹ ਇਸ ਦੀ ਕੈਫੀਅਤ ਅੰਕਲ-ਆਂਟੀ ਨੂੰ ਕਿਉਂ ਦੇਵੇ। ਉਹ ਘੂਰੀ ਵੱਟ ਕੇ ਅਣਸੁਣੀ ਕਰ ਦਿੰਦੀ । ਇਹ ਤਾਂ ਚੰਗਾ ਸੀ ਕਿ ਸੁਰਪ੍ਰੀਤ ਦੇ ਘਰ ਦੇ ਹਿੱਸੇ ਦਾ ਰਸਤਾ ਬਾਹਰੋਂ ਸੀ ਪਰ ਫਿਰ ਵੀ ਹੇਠਾਂ ਵਾਲੇ ਆਂਟੀ-ਅੰਕਲ ਦੀ ਪੁੱਛਗਿੱਛ ਅਕਸਰ ਚਲਦੀ ਰਹਿੰਦੀ ਸੀ।

ਉੱਨੀ ਜਨਵਰੀ ਨੂੰ ਉਸ ਦੇ ਜਨਮ ਦਿਨ ’ਤੇ ਰਮਨ ਉਸ ਦੇ ਘਰ ਉਹਨੂੰ ਬਾਹਰ ਲੈ ਜਾਣ ਲਈ ਆਇਆ ਸੀ ਅਤੇ ਘਰ ਤੋਂ ਨਿਕਲਣ ਲਈ ਉਨ੍ਹਾਂ ਨੂੰ ਇੱਕ-ਡੇਢ ਘੰਟੇ ਦਾ ਸਮਾਂ ਲੱਗ ਗਿਆ ਸੀ। ਉਹ ਬਾਹਰ ਨਿਕਲੇ ਤਾਂ ਗੇਟ ਦੇ ਬਾਹਰ ਪਹਿਲਾਂ ਤੋਂ ਖਲੋਤੇ ਅੰਕਲ-ਆਂਟੀ ਦੀਆਂ ਨਜ਼ਰਾਂ ਉਨ੍ਹਾਂ ਦੋਹਾਂ ਨੂੰ ਘੂਰ ਰਹੀਆਂ ਸਨ। ਇਸ ਲਈ ਉਹ ਆਪਣਾ ਜ਼ਿਆਦਾ ਮਿਲਣਾ-ਜੁਲਣਾ ਬਾਹਰ ਹੀ ਰੱਖਦੇ। ਹੁਣ ਚੌਦਾਂ ਫਰਵਰੀ ਦੀ ਸ਼ਾਮ ਨੂੰ ਰਮਨਦੀਪ ਉਸ ਦੇ ਘਰ ਆ ਗਿਆ ਸੀ। ਦੋਹਾਂ ਨੇ ਨਾਲ-ਨਾਲ ਰਾਤ ਦਾ ਭੋਜਨ ਕੀਤਾ ਸੀ ਫਿਰ ਮਿਊਜ਼ਿਕ ਅਤੇ ਰਾਤ ਦੇ ਸਾਢੇ ਦਸ ਹੀ ਵੱਜੇ ਸਨ ਕਿ ਬੂਹੇ ’ਤੇ ਖੜਕ ਹੋਈ। ‘ਕੌਣ ਹੋ ਸਕਦਾ ਹੈ, ਭਲਾ?’ ਸੋਚਦੇ ਹੋਇਆਂ ਜਿਵੇਂ ਹੀ ਦਰਵਾਜ਼ਾ ਖੋਲ੍ਹਿਆ ਜਿਵੇਂ ਉਨ੍ਹਾਂ ਨੂੰ ਸਕੈਨ ਕਰ ਰਹੇ ਹੋਣ...। ਆਖਣ ਲੱਗੇ, “ਇਕੱਲੀ ਕੁੜੀ ਰਹਿੰਦੀ ਹੈ ਤੂੰ ਇੱਥੇ! ਕੱਲ੍ਹ ਨੂੰ ਜੇਕਰ ਕੁਝ ਘੱਟ-ਵੱਧ ਹੋ ਗਿਆ ਤਾਂ ਅਸੀਂ ਕੀ ਕਰਾਂਗੇ? ਤੂੰ ਆਪਣੇ ਦੋਸਤਾਂ ਨੂੰ ਇੱਥੇ ਨਾ ਸੱਦਿਆ ਕਰ ਅਤੇ...” ਘੂਰੀਆਂ ਵੱਟ ਕੇ ਜਿਸ ਲਹਿਜ਼ੇ ਨਾਲ ਗੱਲ ਕਹੀ ਗਈ ਸੀ, ਸੁਰਪ੍ਰੀਤ ਤਾਂ ਸ਼ਰਮ ਨਾਲ ਜਿਵੇਂ ਪਾਣੀ-ਪਾਣੀ ਹੋ ਗਈ ਸੀ। ਰਮਨਦੀਪ ਵੀ ਘਬਰਾ ਕੇ ਉਸੇ ਵੇਲੇ ਚਲਿਆ ਗਿਆ ਸੀ।

ਰੱਬ ਜਾਣੇ ਉਨ੍ਹਾਂ ਨੂੰ ਰਾਤੀ ਨੀਂਦਰ ਵੀ ਆਈ ਸੀ ਜਾਂ ਨਹੀਂ, ਕਿਉਂਕਿ ਅਗਲੇ ਦਿਨ ਆਂਟੀ ਨੇ ਉਸ ਨੂੰ ਹੇਠਾਂ ਸੱਦਿਆ ਸੀ। ਇੱਧਰ-ਉੱਧਰ ਦੀ ਕੋਈ ਗੱਲ ਬਾਤ ਨਾ ਕਰਕੇ ਉਹ ਸਿੱਧਾ ਮੁੱਦੇ ਉੱਤੇ ਆ ਗਈ। ਕਹਿਣ ਲੱਗੀ, “ਬੇਟਾ, ਕੀ ਤੂੰ ਉਸ ਲੜਕੇ ਨਾਲ ਵਿਆਹ ਕਰਨ ਵਾਲੀ ਹੈਂ? ਤੇਰੇ ਮੰਮੀ-ਪਾਪਾ ਜਾਣਦੇ ਹਨ ਕੀ ਉਸ ਨੂੰ?”

“ਤੂੰ ਪੜ੍ਹੀ-ਲਿਖੀ ਸੋਹਣੀ ਅਤੇ ਪਿਆਰੀ ਕੁੜੀ ਹੈ ਅਤੇ ਸਾਡੇ ਲਈ ਧੀ ਵਰਗੀ, ਇਸ ਲਈ ਸਮਝਾਉਂਦੀ ਹਾਂ ਕਿ ਇੰਝ ਭਟਕ-ਵਿਗੜ ਕੇ ਆਪਣੀ ਜਿੰਦ ਖ਼ਰਾਬ...” ਸੁਰਪ੍ਰੀਤ ਨੇ ਵਿਚਕਾਰ ਹੀ ਗੱਲ ਛੱਡ ਕੇ ਤ੍ਰਭਕ ਕੇ ਬਸ ਇੰਨਾ ਹੀ ਕਿਹਾ ਸੀ, “ਮੈਂ ਆਪਣਾ ਭਲਾ-ਬੁਰਾ ਸਮਝਦੀ ਹਾਂ।”

ਉਸ ਤੋਂ ਮਗਰੋਂ ਰਮਨਦੀਪ ਦੇ ਨਾਲ ਰਲ ਕੇ ਉਸ ਨੇ ਇਕ ਦੋ ਹੋਰ ਘਰ ਵੀ ਵੇਖੇ ਪਰੰਤੂ ਇੰਨੇ ਘੱਟ ਕਿਰਾਏ ’ਤੇ ਅਜਿਹਾ ਹਵਾਦਾਰ ਅਤੇ ਸੁਰੱਖਿਅਤ ਘਰ ਉਸ ਨੂੰ ਨਹੀਂ ਮਿਲ ਸਕਿਆ ਸੀ। ਹਾਲੇ ਤਾਂ ਘਰ ਵੇਖ ਹੀ ਰਹੀ ਸੀ ਕਿ ਲਾੱਕਡਾਊਨ ਹੋ ਗਿਆ। ਹੁਣ...ਹੁਣ ਕੀ?

ਸੁਰਪ੍ਰੀਤ ਦੇ ਖਾਤੇ ਵਿਚ ਸੱਤ ਅਪ੍ਰੈਲ ਨੂੰ ਸੈਲਰੀ ਆ ਗਈ ਸੀ। ਸਾਢੇ ਸਤਾਈ ਹਜ਼ਾਰ ਅਤੇ ਬਸ ਛੇ ਹਜ਼ਾਰ ਪਹਿਲਾਂ ਦੇ ਬਚੇ ਹੋਏ ਸਨ। ਸੁਰਪ੍ਰੀਤ ਵੀ ਤਾਂ ਆਖ਼ਿਰ ਅੱਜ-ਕੱਲ੍ਹ ਦੇ ਉਨ੍ਹਾਂ ਨੌਜੁਆਨਾਂ ਵਾਂਗੂ ਸੀ ਜੋ ਬਸ ਅੱਜ ਵਿਚ ਹੀ ਜਿਉਂਦੇ ਹਨ। ਉਹੀਓ ‘ਖਾਓ ਪੀਓ ਐਸ਼ ਕਰੋ’ ਢੰਗ ਵਾਲੀ। ਉਹ ਸਾਰੇ ਪੈਸੇ ਘੁੰਮਣ-ਫਿਰਨ, ਖਾਣ-ਪੀਣ ਅਤੇ ਸੈਰ-ਸਪਾਟੇ ਵਿਚ ਉਡਾ ਦਿੰਦੀ ਸੀ। ਸਿੱਧੇ ਸਾਦੇ ਮੰਮੀ-ਪਾਪਾ ਵੀ ਕੀ ਅਤੇ ਕਿੰਨਾ ਸਮਝਾਉਂਦੇ। ਆਖ਼ਿਰ ਕੁੜੀ ਵੱਡੀ ਅਤੇ ਸਮਝਦਾਰ ਹੋ ਚੁੱਕੀ ਸੀ। ਨਾਲੇ ਸੁਰਪ੍ਰੀਤ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਅਜਿਹਾ ਵੀ ਕੁਝ ਹੋਵੇਗਾ। ਹੁਣ ਉਹ ਪਰੇਸ਼ਾਨ ਸੀ।

ਅੱਠ ਅਪ੍ਰੈਲ ਨੂੰ ਸੁਰਪ੍ਰੀਤ ਮਕਾਨ ਦਾ ਕਿਰਾਇਆ ਦੇਣ ਹੇਠਾਂ ਗਈ ਸੀ ਤਾਂ ਅੰਕਲ-ਆਂਟੀ ਅਰਾਮ ਨਾਲ ਬਹਿ ਕੇ ਰਾਤ ਦਾ ਭੋਜਨ ਕਰ ਰਹੇ ਸਨ। ਉਨ੍ਹਾਂ ਨੇ ਇਕ ਵਾਰੀ ਵੀ ਨਹੀਂ ਪੁੱਛਿਆ ਕਿ ਉਹ ਕਿਹੋ ਜਿਹੀ ਹੈ। ਲਾੱਕਡਾਊਨ ਤੋਂ ਕੋਈ ਪਰੇਸ਼ਾਨੀ ਤਾਂ ਨਹੀਂ। ਉਸ ਨੂੰ ਕੁਝ ਚਾਹੀਦਾ ਤਾਂ ਨਹੀਂ। ਸੁਰਪ੍ਰੀਤ ਭਰੀਆਂ ਅੱਖਾਂ ਲੈ ਕੇ ਉੱਤੇ ਆਪਣੇ ਘਰ ਆ ਗਈ। ਪੰਦਰਾਂ ਹਜ਼ਾਰ ਦੇਣ ਮਗਰੋਂ ਹੁਣ ਸਾਢੇ ਅਠਾਰਾਂ ਹਜ਼ਾਰ ਬਚੇ ਹਨ ਅਤੇ ਅਗਲੇ ਮਹੀਨੇ ਦਾ ਕੋਈ ਭਰੋਸਾ ਵੀ ਨਹੀਂ ਕਿ ਸੈਲਰੀ ਮਿਲਣੀ ਵੀ ਹੈਗੀ ਏ ਜਾਂ ਨਹੀਂ। ਅੱਜ ਸੁਰਪ੍ਰੀਤ ਨੂੰ ਜਾਪ ਰਿਹਾ ਸੀ ਕਿ ਮੰਮੀ-ਪਾਪਾ ਕੁਝ ਗਲਤ ਨਹੀਂ ਆਖਦੇ ਕਿ ਥੋੜ੍ਹੀ-ਥੋੜ੍ਹੀ ਬਚਤ ਕਰਿਆ ਕਰ। ਪਰੰਤੂ ਸੁਰਪ੍ਰੀਤ ਨੂੰ ਉਦੋਂ ਤਾਂ ਇਹ ਗੱਲਾਂ ਦਕਿਆਨੂਸੀ ਅਤੇ ਪੁਰਾਣੇ ਫ਼ੈਸ਼ਨ ਦੀਆਂ ਜਾਪਦੀਆਂ ਸਨ। ਹਰ ਵੀਕੈਂਡ ਦਾ ਮਤਲਬ

ਹੀ ਉਸ ਲਈ ਬੀਅਰ, ਸ਼ਰਾਬ ਅਤੇ ਡਿਸਕੋ ਵਗ਼ੈਰਾ ਵਿਚ ਮੌਜ-ਮਸਤੀ ਹੁੰਦਾ ਸੀ। ਇਸ ਲਈ ਹਰ ਹਫ਼ਤੇ ਦੀ ਮਸਤੀ ਵਿਚ ਉਸਦੇ ਤਿੰਨ ਕੁ ਹਜ਼ਾਰ ਰੁਪਈਏ ਤਾਂ ਖ਼ਰਚ ਹੋ ਹੀ ਜਾਂਦੇ ਸਨ।

ਸੁਰਪ੍ਰੀਤ ਨੇ ਇੱਕ ਸੂਚੀ ਬਣਾਉਣੀ ਸ਼ੁਰੂ ਕੀਤੀ ਕਿ ਖ਼ਰਚਿਆਂ ਅੰਦਰ ਕਟੌਤੀ ਕਿਵੇਂ ਕੀਤੀ ਜਾਵੇ। ਚਾਹ-ਕੌਫ਼ੀ ਲਈ ਦੁੱਧ ਇੱਕ ਕਿੱਲੋ ਦੀ ਜਗ੍ਹਾ ਅੱਧਾ ਕਿੱਲੋ ਕਾਫ਼ੀ ਹੈ। ਫਰੂਟ ਨਹੀਂ ਖਾਵੇਗੀ। ਸਬਜ਼ੀ ਇੱਕੋ ਵੇਲੇ ਘਰੇ ਬਣਾ ਕੇ ਦੋਵੇਂ ਵੇਲੇ ਖਾਵੇਗੀ। ਬਾਹਰੋਂ ਕੁੱਝ ਨਹੀਂ ਮੰਗਵਾਏਗੀ। ਘਰ ਵਿਚ ਪਏ ਦਲੀਆ, ਚਣੇ, ਮੱਠੀਆਂ ਜੋ ਮੰਮੀ ਨੇ ਬਣਾ ਕੇ ਭੇਜੇ ਸਨ, ਸਨੈਕਸ ਦੀ ਜਗ੍ਹਾ ਉਹ ਇਹ ਖਾਵੇਗੀ।

ਇਕ ਹਫ਼ਤਾ ਬੀਤ ਗਿਆ, ਉਹ ਆਪਣੇ ਭੋਜਨ ’ਤੇ ਕਾਬੂ ਪਾ ਰਹੀ ਸੀ ਅਤੇ ਖ਼ੁਸ਼ ਹੋ ਕੇ ਸੋਚ ਰਹੀ ਸੀ ਕਿ ਜੇਕਰ ਅਗਲੇ ਮਹੀਨੇ ਵੀ ਅੱਧੀ ਤਨਖ਼ਾਹ ਮਿਲੇਗੀ ਤਾਂ ਉਸ ਸਮੇਂ ਵੀ ਇੰਜ ਬੱਚਤ ਕਰਕੇ ਘੱਟ ਵਿਚ ਅਰਾਮ ਨਾਲ ਕੰਮ ਚਲਾ ਲਵੇਗੀ। ਹੁਣ ਸੁਰਪ੍ਰੀਤ ਰੋਜ਼ ਸਵੇਰੇ ਛੇ ਵਜੇ ਉੱਠ ਕੇ ਸਾਰਾ ਕੰਮ ਨਿਬੇੜ ਕੇ ਅੱਠ ਵਜੇ ਲੈਪਟਾਪ ਮੂਹਰੇ ਕੰਮ ਲੈ ਕੇ ਬਹਿ ਜਾਂਦੀ ਸੀ। ਦਿਨ ਕਦੋਂ ਅਤੇ ਕਿਵੇਂ ਬੀਤ ਜਾਂਦਾ ਉਸ ਨੂੰ ਇਸ ਬਾਰੇ ਪਤਾ ਹੀ ਨਹੀਂ ਲਗਦਾ ਸੀ।

ਪਰੰਤੂ ਤੇਈ ਅਪ੍ਰੈਲ ਨੂੰ ਅਚਾਣਕ ਉਸ ਦਾ ਲੈਪਟਾੱਪ ਹੈਂਗ ਹੋ ਗਿਆ। ਸੁਰਪ੍ਰੀਤ ਦੇ ਤਾਂ ਹੋਸ਼ ਈ ਉੱਡ ਗਏ। ਉਸ ਨੇ ਝਟਪਟ ਫ਼ੋਨ ਕਰਕੇ ਆਪਣੇ ਬੌਸ ਨੂੰ ਸੂਚਨਾ ਦੇ ਕੇ ਆਪਣੀ ਮੁਸ਼ਕਿਲ ਦੱਸੀ ਤਾਂ ਉਨ੍ਹਾਂ ਦਾ ਘਿਸਿਆ ਪਿੱਟਿਆ ਜੁਆਬ ਸੀ, “ਬਈ ਸੁਰਪ੍ਰੀਤ ਕੁਝ ਵੀ ਉਪਰਾਲਾ ਕਰਕੇ ਕੰਮ ਕਰੋ। ਉਂਝ ਵੀ ਛੱਟਣੀ ਸ਼ੁਰੂ ਹੋ ਚੁੱਕੀ ਹੈ। ਕਈ ਵੀ ਅਜਿਹਾ ਕੰਮ ਨਾ ਕਰੀਂ ਕਿ ਕੰਪਨੀ ਨੂੰ ਕੋਈ ਕਮਜੋਰੀ ਦਾ ਬਿੰਦ ਅਤੇ ਫਿਰ ਮੌਕਾ ਮਿਲ ਜਾਵੇ।” ਬੌਸ ਦੀ ਆਵਾਜ਼ ਵਿਚ ਸਮਝਾਹਟ ਅਤੇ ਸੁੱਕਾਪਣ ਸੀ।

ਸੁਰਪ੍ਰੀਤ ਨੇ ਬੜੀ ਉਮੀਦ ਨਾਲ ਰਮਨਦੀਪ ਨੂੰ ਫ਼ੋਨ ਕੀਤਾ ਪਰੰਤੂ ਉਸ ਨੇ ਵੀ ਮਦਦ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਇਕ-ਇਕ ਕਰਕੇ ਉਸ ਨੇ ਗੁਰੂਗ੍ਰਾਮ ਵਿਚ ਰਹਿਣ ਵਾਲੇ ਆਪਣੇ ਸਭ ਦੋਸਤਾਂ ਨੂੰ ਫ਼ੋਨ ਕੀਤਾ ਪਰੰਤੂ ਸਭ ਦੋਸਤਾਂ ਨੇ ਆਪੋ-ਆਪਣੀ ਮਜਬੂਰੀ ਦੱਸ ਦਿੱਤੀ ਸੀ।

ਥੱਕ-ਹਾਰ ਕੇ ਸੁਰਪ੍ਰੀਤ ਨੇ ਆਪਣੇ ਘਰ ਫ਼ੋਨ ਕੀਤਾ ਹਾਲਾਂਕਿ ਉਸ ਨੂੰ ਪੂਰੀ ਉਮੀਦ ਸੀ ਕਿ ਲੈਕਚਰ ਤੋਂ ਵੱਖ ਉਸ ਨੂੰ ਹੋਰ ਕੁਝ ਨਹੀਂ ਮਿਲਣਾ, ਪਰੰਤੂ ਨਹੀਂ। ਉਸ ਦੇ ਪਾਪਾ ਨੇ ਉਸ ਨਾਲ ਬਹੁਤ ਪਿਆਰ ਨਾਲ ਗੱਲ ਕੀਤੀ। ਉਸ ਨੂੰ ਹੌਂਸਲਾ ਅਤੇ ਹਿੰਮਤ ਦਿੱਤੀ ਅਤੇ ਕਿਹਾ, “ਪੁੱਤਰ ਮੈਨੂੰ ਤਾਂ ਤੇਰੇ ਉੱਤੇ ਮਾਣ ਹੈ ਕਿ ਅਜਿਹੀ ਮੁਸ਼ਕਿਲ ਦੇ ਵਕਤ ਵੀ ਤੂੰ ਡੱਟ ਕੇ ਖਲੋਤੀ ਹੋਈ ਐਂ। ਤੇਰੀ ਇਸ ਸਮੱਸਿਆ ਬਾਰੇ ਮੈਂ ਇੰਨੀ ਦੂਰ ਤੋਂ ਕਿਵੇਂ ਅਤੇ ਕੀ ਮਦਦ ਕਰਾਂ। ਪਰੰਤੂ ਹਾਂ ਜੇਕਰ ਸਮੱਸਿਆ ਹੈ ਤਾਂ ਉਸ ਦਾ ਸਮਾਧਾਨ ਵੀ ਹੋਣਾ ਹੀ ਹੋਣਾ ਹੈ। ਇਕ ਵਾਰੀ ਆਪਣੇ ਮਕਾਨ-ਮਾਲਿਕ ਅੰਕਲ-ਆਂਟੀ ਨਾਲ ਗੱਲ ਕਰਕੇ ਵੇਖੋ। ਉਹ ਸੁਲਝੇ ਹੋਏ ਅਤੇ ਸਮਝਦਾਰ ਲੋਕ ਹਨ...।” ਸੁਣ ਕੇ ਸੁਰਪ੍ਰੀਤ ਦੇ ਅੰਦਰ ਕੁਝ ਹੌਂਸਲਾ ਆ ਗਿਆ ਸੀ, ਹਾਲਾਂ ਕਿ ਉਸ ਨੂੰ ਖ਼ਬਰ ਸੀ ਕਿ ਉਨ੍ਹਾਂ ਨਾਲ ਗੱਲ ਕਰਕੇ ਵੀ ਕੋਈ ਫ਼ਾਇਦਾ ਨਹੀਂ ਹੋਣਾ। ਫਿਰ ਵੀ ਉਹ ਪਿਤਾ ਦੀ ਗੱਲ ਮੰਨ ਕੇ ਹੇਠਾਂ ਚਲੀ ਗਈ ਅਤੇ ਵੇਖਿਆ ਕਿ ਅੰਕਲ ਲੈਪ-ਟਾਪ ’ਤੇ ਕੁੱਝ ਕੰਮ ਕਰ ਰਹੇ ਸਨ ਅਤੇ ਆਂਟੀ ਅਖ਼ਬਾਰ ਪੜ੍ਹ ਰਹੇ ਹਨ। ਉਸ ਨੂੰ ਵੇਖਦਿਆਂ ਸਾਰ ਆਂਟੀ ਬੋਲੀ, “ਸੁਰਪ੍ਰੀਤ, ਕੀ ਹੋਇਐ ਤੈਨੂੰ, ਤੂੰ ਤਾਂ ਬਹੁਤ ਕੁਮਲਾ ਗਈ ਹੈਂ। ਖਾਂਦੀ-ਪੀਂਦੀ ਨਹੀਂ ਕੀ ਤੂੰ ਕੁਝ?”

ਅੰਕਲ ਕਹਿਣ ਲੱਗੇ, “ਬਈ ਬੱਚਾ ਹੈ। ਸਾਰਾ ਦਿਨ ਇਕੱਲੀ ਕੰਮਾਂ ਵਿਚ ਉਲਝੀ ਰਹਿੰਦੀ ਹੋਣੀ ਏ। ਅਜਿਹੇ ਵਿਚ ਕੀ ਬਣਾਵੇਗੀ ਅਤੇ ਕੀ ਖਾਵੇਗੀ ਭਲਾ?”

ਸੁਰਪ੍ਰੀਤ ਹਿਚਕਿਚਾਉਂਦੇ ਹੋਏ ਬੋਲੀ, “ਅੰਕਲ ਮੇਰਾ ਲੈਪ-ਟਾੱਪ ਨਹੀਂ ਚੱਲ ਰਿਹਾ ਹੈ, ਕੁਝ ਮਦਦ ਕਰ ਸਕਦੇ ਹੋ, ਤੁਸੀਂ?”

ਅੰਕਲ ਦੇ ਕੁੱਝ ਜੁਆਬ ਦੇਣ ਤੋਂ ਪਹਿਲਾਂ ਹੀ ਆਂਟੀ ਬੋਲ ਪਈ, “ਓ, ਤੇਰੇ ਅੰਕਲ ਲੈਪ-ਟਾੱਪ ’ਤੇ ਸਾਰਾ ਸਮੇਂ ਕੰਪਿਊਟਰ ਗੇਮਜ਼ ਈ ਤਾਂ ਖੇਡਦੇ ਹਨ, ਅੰਕਲ ਦੇ ਲੈਪ-ਟਾੱਪ ’ਤੇ ਕੰਮ ਕਰ ਲੈ। ਠੀਕ ਹੈ ਨਾ ਜੀ?” ਅੰਕਲ ਕਹਿਣ ਲੱਗੇ, “ਬੇਟਾ ਤੂੰ ਹੇਠਾਂ ਆ ਕੇ ਹੀ ਕੰਮ ਕਰ ਲੈ। ਮੈਂ ਆਪਣਾ ਲੈਪ-ਟਾੱਪ ਉੱਤੇ ਨਹੀਂ ਲੈ ਜਾਣ ਦੇਣਾ।” ਸੁਰਪ੍ਰੀਤ ਝੱਟ ਨੱਸ ਕੇ ਆਪਣਾ ਮੋਬਾਈਲ ਚੁੱਕ ਕੇ ਹੇਠਾਂ ਲੈ ਆਈ ਅਤੇ ਆਪਣੇ ਮੋਬਾਈਲ ਦੇ ਹੌਟ-ਸਪੌਟ ਨੂੰ ਲੀਡ ਨਾਲ ਉਨ੍ਹਾਂ ਦੇ ਲੈਪ-

ਟਾੱਪ ਨਾਲ ਜੋੜਨ ਲੱਗੀ ਤਾਂ ਅੰਕਲ ਬੋਲ ਪਏ, "ਪੁੱਤਰ, ਤੂੰ ਕਿਉਂ ਆਪਣੇ ਮੋਬਾਇਲ ਦਾ ਬਿਲ ਵਧਾਉਂਦੀ ਹੈ। ਸਾਡਾ ਵਾਈ-ਫਾਈ ਨੈੱਟ ਚਾਲੂ ਰਹਿੰਦਾ ਹੈ। ਮੈਂ ਤੈਨੂੰ ਉਸਦਾ ਪਾਸਵਰਡ ਦਿੰਦਾ ਹਾਂ। ਕੰਮ ਕਰਕੇ ਉਹ ਲੰਚ ਲਈ ਉੱਤੇ ਜਾਣ ਲੱਗੀ ਤਾਂ ਆਂਟੀ ਬੋਲੇ, "ਬੇਟੇ ਅਸੀਂ ਸਾਦਾ ਭੋਜਨ ਹੀ ਕਰਦੇ ਹਾਂ ਪਰੰਤੂ ਜਿਹੋ-ਜਿਹਾ ਵੀ ਹੈ ਅੱਜ ਮੈਂ ਤੇਰਾ ਭੋਜਨ ਵੀ ਤਿਆਰ ਕਰ ਲਿੱਤਾ ਹੈ। ਤੂੰ ਇੱਥੇ ਸਾਡੇ ਨਾਲ ਹੀ ਭੋਜਨ ਕਰ ਲੈ।" ਸੁਰਪ੍ਰੀਤ ਨੂੰ ਜਾਪਿਆ ਜਿਵੇਂ ਉਹ ਆਪਣੇ ਘਰ ਵਿਚ ਮੰਮੀ-ਪਾਪਾ ਨਾਲ ਭੋਜਨ ਕਰ ਰਹੀ ਹੋਵੇ। ਮਮਤਾ, ਮਿਠਾਸ ਅਤੇ ਪਿਆਰ ਨਾਲ ਆਂਟੀ ਨੇ ਉਸ ਨੂੰ ਖਾਣਾ ਖਵਾਇਆ। ਅੱਜ ਦਾ ਖਾਣਾ ਜਿਵੇਂ ਉਸ ਨੂੰ ਅੰਮ੍ਰਿਤ ਵਰਗਾ ਲੱਗ ਰਿਹਾ ਸੀ। ਉਹ ਵਿਚ-ਵਿਚ ਨਜ਼ਰਾਂ ਚੁੱਕ ਕੇ ਆਂਟੀ-ਅੰਕਲ ਨੂੰ ਵੇਖ ਲੈਂਦੀ ਜਿਵੇਂ ਕੁਝ ਸੁੱਖ ਦੀ ਅਨੁਭੂਤੀ ਨੂੰ ਪੀ ਰਹੀ ਹੋਵੇ ਅਤੇ ਉਨ੍ਹਾਂ ਨੂੰ ਧੰਨਵਾਦ ਦੇ ਰਹੀ ਹੋਵੇ।

ਅੱਜ ਦਾ ਦਿਹਾੜਾ ਸਹੀ ਬੀਤ ਗਿਆ ਸੀ। ਪਰੰਤੂ ਲੈਪ-ਟਾੱਪ ਦੀ ਮੁਸ਼ਕਿਲ ਤਾਂ ਉਸੇ ਤਰ੍ਹਾਂ ਮੂਹਰੇ ਖਲੋਤੀ ਸੀ। ਅੰਕਲ ਨੇ ਆਪ ਮੂਹਰੇ ਹੋ ਕੇ ਕਿਹਾ,"ਸੁਰਪ੍ਰੀਤ ਮੈਂ ਆਪਣੀ ਜਾਣ-ਪਛਾਣ ਦੇ ਇਕ ਹਾਰਡਵੇਅਰ ਜਾਣੂ ਮੁੰਡੇ ਨੂੰ ਫ਼ੋਨ ਕੀਤਾ ਹੈ। ਉਹ ਤੇਰਾ ਲੈਪ-ਟਾੱਪ ਵੇਖ ਲਵੇਗਾ।"

ਸੁਰਪ੍ਰੀਤ ਨੇ ਸੁੱਖ ਅਤੇ ਰਾਹਤ ਦਾ ਸਾਹ ਲਿਆ। ਰਾਤੀ ਭੋਜਨ ਕਰਦੇ ਵੇਲੇ ਉਹ ਸੋਚ ਰਹੀ ਸੀ ਕਿ ਉਹ ਬੇਕਾਰ ਵਿਚ ਹੀ ਅੰਕਲ-ਆਂਟੀ ਲਈ ਧਾਰਨਾਵਾਂ ਬਣਾ ਕੇ ਉਨ੍ਹਾਂ ਨੂੰ ਭਲਾ-ਬੁਰਾ ਕਹਿੰਦੀ ਰਹੀ ਸੀ।

ਅਗਲੀ ਸਵੇਰ ਸੁਰਪ੍ਰੀਤ ਆਪਣਾ ਲੈਪ-ਟਾੱਪ ਵੀ ਹੇਠਾਂ ਲੈ ਆਈ। ਲੈਪਟਾੱਪ ਟੈਕਨੀਸ਼ੀਅਨ ਨੇ ਆਉਣਾ ਸੀ। ਅੰਕਲ ਲੈਪਟਾੱਪ 'ਤੇ ਆਨਲਾਈਨ ਬਿਜਲੀ ਦਾ ਬਿੱਲ ਭਰਨ ਦੇ ਜਤਨ ਕਰ ਰਹੇ ਸਨ। ਸੁਰਪ੍ਰੀਤ ਨੇ ਅਗਾਂਹ ਵੱਧ ਕੇ ਉਨ੍ਹਾਂ ਨੂੰ ਕੁੱਝ ਸਮਝਾਇਆ ਤਾਂ ਝੱਟ ਮਿੰਟਾਂ ਵਿਚ ਉਨ੍ਹਾਂ ਦਾ ਕੰਮ ਹੋ ਗਿਆ। ਅੰਕਲ ਨੇ ਖੁਸ਼ੀ ਵਿਚ ਕਿਹਾ, "ਸੁਰਪ੍ਰੀਤ ਬੇਟੇ, ਲੈ ਹੁਣ ਤੂੰ ਅੱਜ ਵੀ ਮੇਰੇ ਲੈਪ-ਟਾੱਪ 'ਤੇ ਕੰਮ ਕਰ ਲੈ।"

ਦੁਪਹਿਰ ਵੇਲੇ ਲੈਪ-ਟਾੱਪ ਨੂੰ ਜਾਂਚ ਕੇ ਮੁੰਡਾ ਬੋਲਿਆ, "ਇਸ ਦੇ ਮਦਰ ਬੋਰਡ ਵਿਚ ਖ਼ਰਾਬੀ ਹੈ। ਅੰਕਲ ਦੀ ਲਿਹਾਜ ਕਰ ਰਿਹੈਂ, ਇਸ ਲਈ ਤੁਹਾਡਾ ਕੰਮ ਪੰਜ ਹਜ਼ਾਰ ਵਿਚ ਕਰ ਦਿਆਂਗਾ, ਤੁਸੀਂ ਪੈਸੈ ਦਾ ਭੁਗਤਾਨ ਨੈੱਟ ਬੈਂਕਿੰਗ ਰਾਹੀਂ ਕਰ ਦੇਵੋ। ਸ਼ਾਮ ਤੱਕ ਲੈਪ-ਟਾੱਪ ਠੀਕ ਹੋ ਕੇ ਤੁਹਾਡੇ ਹੱਥਾਂ ਵਿਚ ਹੋਵੇਗਾ। "ਪੰਜ ਹਜ਼ਾਰ।" ਬਾਕੀ ਬਚੇ ਪੈਸਿਆਂ ਵਿਚ ਬਾਕੀ ਸਮਾਂ ਕਿਵੇਂ ਬਿਤੇਗਾ?" ਉਹ ਸੋਚੀਂ ਪੈ ਗਈ। ਅੰਕਲ ਨੇ ਰੁੱਖੇ-ਸੁੱਕੇ ਸੁਰ ਵਿਚ ਕਿਹਾ, "ਸੁਰਪ੍ਰੀਤ, ਲੜਕਾ ਇੰਨਾ ਸਮਾਂ ਨਹੀਂ ਰੁਕ ਸਕਦਾ, ਤੂੰ ਛੇਤੀ ਫ਼ੈਸਲਾ ਕਰ ਲੈ। ਲੈਪ-ਟਾਪ ਸਹੀ ਕਰਵਾਉਣਾ ਹੈ ਜਾਂ ਇਹ ਵਾਪਿਸ ਪਰਤ ਜਾਵੇ...?"

ਸੁਰਪ੍ਰੀਤ ਕਹਿਣ ਲੱਗੀ, "ਅੰਕਲ ਜੇਕਰ ਤੁਸੀਂ ਇਸ ਮਹੀਨੇ ਵਾਸਤੇ ਮੈਨੂੰ ਆਪਣਾ ਲੈਪਟਾੱਪ ਕੰਮ ਕਰਨ ਲਈ ਉਧਾਰਾ ਦੇ ਦੇਵੋ ਪਲੀਜ਼, ਫਿਰ ਅਗਲੇ ਮਹੀਨੇ ਮੈਂ ਕੁਝ ਵੇਖਦੀ ਹਾਂ।"

ਅੰਕਲ ਇਕਦਮ ਬੋਲੇ, "ਤੇਰੀ ਪਰੇਸ਼ਾਨੀ ਵੇਖ ਕੇ, ਇਕ ਦੋ ਦਿਨ ਲਈ ਤਾਂ ਠੀਕ ਸੀ ਪਰੰਤੂ ਮੈਂ ਆਪਣਾ ਇੰਨਾ ਮਹਿੰਗਾ ਲੈਪ-ਟਾੱਪ ਤੈਨੂੰ ਨਹੀਂ ਦੇ ਸਕਦਾ। ਅਜਿਹੀਆਂ ਚੀਜ਼ਾਂ ਸਿੰਗਲ ਹੈਂਡੇਡ (ਇਕ ਹੱਥ ਵਿਚ) ਸਹੀ ਕੰਮ ਕਰਦੀਆਂ ਹਨ। ਹੱਥ ਬਦਲੀ ਨਾਲ ਖ਼ਰਾਬ ਹੋਣ ਦਾ ਖ਼ਤਰਾ ਵੱਧ ਜਾਂਦਾ ਹੈ।"

ਨਾ ਚਾਹੁੰਦੇ ਹੋਏ ਵੀ ਸੁਰਪ੍ਰੀਤ ਨੂੰ ਪੰਜ ਹਜ਼ਾਰ ਪੇ.ਟੀ.ਐਮ ਰਾਹੀਂ ਖ਼ਰਚਣੇ ਪੈ ਗਏ। ਉਸ ਤੋਂ ਬਾਅਦ ਸੁਰਪ੍ਰੀਤ ਨੇ ਅੰਕਲ-ਆਂਟੀ ਨਾਲ ਨਾ ਤਾਂ ਕੋਈ ਗੱਲ ਕੀਤੀ ਅਤੇ ਨੀ ਹੀ ਖਾਣਾ ਖਾਧਾ। ਅਸਲ ਵਿਚ ਰੋਹ ਅਤੇ ਫ਼ਿਕਰ ਵਜੋਂ ਸੁਰਪ੍ਰੀਤ ਦੀ ਭੁੱਖ ਹੀ ਗ਼ਾਇਬ ਹੋ ਗਈ ਸੀ।

ਰਾਤ ਨੂੰ ਉਸਦਾ ਲੈਪ-ਟਾੱਪ ਸਹੀ ਹੋ ਕੇ ਆ ਗਿਆ ਸੀ। ਜਦੋਂ ਉਹ ਲੈਪ-ਟਾੱਪ ਲੈਣ ਗਈ ਤਾਂ ਅੰਕਲ-ਆਂਟੀ ਦੋਵੇਂ ਕੋਲਡ ਕਾਫ਼ੀ ਪੀ ਰਹੇ ਸਨ। ਅੰਕਲ ਨੇ ਸੁਰਪ੍ਰੀਤ ਨੂੰ ਬੈਠਣ ਲਈ ਕਿਹਾ ਅਤੇ ਫਿਰ ਆਂਟੀ ਨੂੰ ਕਿਹਾ, "ਸੁਰਪ੍ਰੀਤ ਲਈ ਵੀ ਕਾਫ਼ੀ ਲੈ ਆਓ, ਪਲੀਜ਼!"

ਅੰਕਲ ਬੋਲੇ, "ਸੁਰਪ੍ਰੀਤ ਬੇਟਾ ਮੈਂ ਜਾਣਦਾ ਹਾਂ ਕਿ ਤੈਨੂੰ ਪੈਸਿਆਂ ਦੀ ਤੰਗੀ ਹੋ ਰਹੀ ਹੋਵੇਗੀ। ਹਾਂ, ਜੇਕਰ ਅੱਜ ਮੈਂ ਇਹ ਪੈਸੇ ਦੇ ਦਿੰਦਾ ਜਾਂ ਫਿਰ ਆਪਣਾ ਲੈਪ-ਟਾੱਪ ਦੇ ਦਿੰਦਾ ਤਾਂ ਤੂੰ ਹਰ ਵਾਰੀ ਇਹੋ ਸੋਚਦੀ ਕਿ ਅੰਕਲ ਮਦਦ ਕਰ ਦੇਣਗੇ। ਨਾ ਤੂੰ ਵਸਤਾਂ ਦਾ ਮੁੱਲ ਸਮਝਦੀ ਅਤੇ ਨਾ ਹੀ ਪੈਸੇ ਦੇ ਕੋਲ ਹੋਣ

ਦਾ। ਮੈਂ ਉਮੀਦ ਕਰਦਾ ਹਾਂ ਕਿ ਇਸ ਲੋਕਡਾਊਨ ਸਮੇਂ 'ਚ ਤੂੰ ਆਪਣੇ ਜੀਵਨ ਮੁੱਲਾਂ ਬਾਰੇ ਚੰਗੀ ਤਰ੍ਹਾਂ ਸੋਚ-ਵਿਚਾਰ ਕਰਕੇ ਆਪਣੀ ਲੋੜ ਅਨੁਸਾਰ ਉਨ੍ਹਾਂ ਨੂੰ ਆਪਣੇ ਵਿਵਹਾਰ ਵਿਚ ਸ਼ਾਮਿਲ ਕਰੇਂਗੀ।" ਜੋ ਤੂੰ ਉਂਜ ਸਾਧਾਰਨ ਹਾਲਾਤਾਂ ਸਮੇਂ ਬਿਲਕੁਲ ਵੀ ਨਹੀਂ ਸਿੱਖ ਸਕਦੀ ਸੀ।

ਦਿਨ-ਬ-ਦਿਨ ਦੀਆਂ ਮੁਸ਼ਕਲਾਂ ਨਾਲ ਇਕੱਲੇ ਲੜਦੇ, ਸਾਹਮਣਾ ਕਰਦੇ ਹੋਏ ਸੁਰਪ੍ਰੀਤ ਨੂੰ ਲੱਗ ਰਿਹਾ ਸੀ ਕਿ ਜ਼ਿੰਦਗੀ ਜਿਊਣ ਦਾ ਢੰਗ ਅਤੇ ਹੁਨਰ ਤਾਂ ਉਸ ਨੂੰ ਹੁਣ ਸਮਝ ਆਇਆ ਹੈ। ਸ਼ੁਕਰ ਹੈ ਉਸ ਨੂੰ ਅੱਧੀ ਹੀ ਸਹੀ, ਤਨਖ਼ਾਹ ਇਸ ਮਹੀਨੇ ਵੀ ਮਿਲੀ ਸੀ। ਉਹ ਸੱਤ ਮਈ ਨੂੰ ਕਿਰਾਇਆ ਦੇਣ ਮੁੜ ਹੇਠਾਂ ਗਈ ਸੀ। ਅੰਕਲ ਨੇ ਪੰਜ ਹਜ਼ਾਰ ਰੁਪਇਆ ਉਸ ਨੂੰ ਮੋੜਦੇ ਹੋਏ ਕਿਹਾ, "ਬੇਟਾ ਜਦੋਂ ਤੱਕ ਤੇਰੀ ਤਨਖ਼ਾਹ ਮੁੜ ਸਹੀ ਨਹੀਂ ਹੋ ਜਾਂਦੀ, ਉਦੋਂ ਤੱਕ ਅਸੀਂ ਤੇਰੇ ਕੋਲ ਦਸ ਹਜ਼ਾਰ ਹੀ ਕਿਰਾਇਆ ਲਵਾਂਗੇ। ਲੋਕਡਾਊਨ ਨੇ ਸੁਰਪ੍ਰੀਤ ਨੂੰ ਪਹਿਲਾਂ ਤੋਂ ਜ਼ਿਆਦਾ ਸਮਝਦਾਰ ਅਤੇ ਜ਼ਿੰਮੇਵਾਰ ਬਣਾ ਦਿੱਤਾ ਸੀ। ਉਹ ਸਮਝ ਗਈ ਸੀ ਜ਼ਿੰਦਗੀ ਦਾ ਮਤਲਬ ਐਸ਼ਪ੍ਰਸਤੀ ਅਤੇ ਸੈਰ-ਸਪਾਟਾ ਹੀ ਨਹੀਂ ਬਲਕਿ ਮੁੱਲਾਂ ਨੂੰ ਨਾਲ ਲੈ ਕੇ ਆਪਣੇ ਨਾਲ ਹੋਰਾਂ ਲਈ ਵੀ ਸੋਚਣਾ ਅਤੇ ਜਿਊਣਾ ਹੁੰਦਾ ਹੈ। ਉਹ ਹੁਣ ਜ਼ਿਆਦਾ ਸੰਵੇਦਨਸ਼ੀਲ ਹੋ ਗਈ ਸੀ।

ਹੁਣ ਸ਼ਰਾਬ ਦੀਆਂ ਦੁਕਾਨਾਂ ਵੀ ਖੁੱਲ੍ਹ ਗਈਆਂ ਸਨ। ਅੱਜ ਸਾਰੇ ਦੋਸਤਾਂ ਦਾ ਸੁਰਪ੍ਰੀਤ ਦੇ ਘਰ ਅਨੰਦ-ਮੇਲ ਮਨਾਉਣ ਦਾ ਪ੍ਰੋਗਰਾਮ ਸੀ, ਕਿਉਂਕਿ ਉਸ ਦੇ ਮਕਾਨ ਮਾਲਕ ਇਕ ਹਫ਼ਤੇ ਲਈ ਬਾਹਰ ਆਪਣੇ ਬੇਟੇ ਕੋਲ ਗਏ ਹੋਏ ਸਨ...। ਇੱਥੇ ਕੋਈ ਰੋਕ ਟੋਕ ਨਹੀਂ ਪੂਰੀ ਆਜ਼ਾਦੀ ਸੀ। ਰਮਨਦੀਪ ਨੇ ਚਹਿਕ ਕੇ ਪੁੱਛਿਆ, "ਬੇਬੀ ਤੇਰੇ ਲਈ ਵੋਡਕਾ ਲਿਆਉਣੀ ਹੈ ਜਾਂ ਫਿਰ...।"

ਸੁਰਪ੍ਰੀਤ ਨੇ ਉਸ ਦੀ ਗੱਲ ਨੂੰ ਵਿਚਕਾਰੋਂ ਕੱਟ ਕੇ ਕਿਹਾ, "ਵੇਖੋ ਗਾਈਜ਼, ਮੇਰੇ ਕੋਲ ਫ਼ਾਲਤੂ ਖ਼ਰਚ ਕਰਨ ਲਈ ਪੈਸੇ ਨਹੀਂ ਹਨ। ਤੁਸੀਂ ਕਿਸੀ ਹੋਰ ਦੇ ਘਰ ਜਸ਼ਨ ਮਨਾਉਣ ਦਾ ਪ੍ਰੋਗਰਾਮ ਬਣਾ ਲਵੋ।"

ਰਮਨਦੀਪ ਆਖਣ ਲੱਗਾ, "ਓ ਸੁਰਪ੍ਰੀਤ ਕਮ ਆੱਨ! ਅੱਜ ਵਿਚ ਜੀਓ, ਕੱਲ੍ਹ ਕਿਸ ਨੇ ਵੇਖਿਆ। ਇਹ ਕੀ ਬੁੱਢਿਆਂ ਵਰਗੀਆਂ ਬੱਚਤ ਅਤੇ ਸਾਦੀ ਜ਼ਿੰਦਗੀ ਦੀਆਂ ਗੱਲਾਂ ਕਰਕੇ ਜ਼ਿੰਦਗੀ ਨੂੰ ਨੀਰਸ ਅਤੇ ਵਿਅਰਥ ਕਰ ਰਹੀ ਹੈਂ ਤੂੰ।"

ਸੁਰਪ੍ਰੀਤ ਪੂਰੇ ਆਤਮ ਵਿਸ਼ਵਾਸ ਅਤੇ ਮਾਣ ਨਾਲ ਆਖਣ ਲੱਗੀ, "ਰਮਨ, ਸੱਚ ਪੁੱਛੇ ਤਾਂ ਮੇਰੀ ਜ਼ਿੰਦਗੀ ਹੁਣ ਬੋਰਿੰਗ ਅਤੇ ਨੀਰਸ ਨਹੀਂ ਸਗੋਂ ਤਨਾਅਮੁਕਤ ਅਤੇ ਸੁਹਣੀ ਹੋ ਗਈ ਹੈ। ਸਭ ਦੀਆਂ ਨਜ਼ਰਾਂ ਵਿਚ ਆਪਣੇ ਲਈ ਇੱਜ਼ਤ ਮਾਣ, ਪ੍ਰੇਮ ਅਤੇ ਆਪਣਾਪਣ ਵੇਖ ਕੇ ਜਿਊਣ ਦਾ ਮਜ਼ਾ ਹੀ ਹੋਰ ਹੈ।

ਸੁਰਪ੍ਰੀਤ ਨੂੰ ਪੂਰਾ ਭਰੋਸਾ ਸੀ ਕਿ ਉਸ ਦੀ ਤਨਖ਼ਾਹ ਚਾਹੇ ਪਹਿਲਾਂ ਤੋਂ ਹੋਰ ਵੀ ਘੱਟ ਹੋ ਜਾਵੇਗੀ ਤਾਂ ਵੀ ਉਹ ਘਬਰਾਏਗੀ ਨਹੀਂ, ਜ਼ਿੰਦਗੀ ਬਸ ਵਹਾਅ ਦੇ ਨਾਲ ਵਗਣਾ ਨਹੀਂ ਸਗੋਂ ਸਲੀਕੇ ਨਾਲ ਜਿਊਣ ਦਾ ਨਾਂਅ ਹੈ। ਉਹ ਆਤਮ-ਨਿਰਭਰ ਅਤੇ ਸ੍ਵੈ-ਅਨੁਸ਼ਾਸਨ ਵਿਚ ਰਹਿ ਕੇ ਜ਼ਿਆਦਾ ਨਹੀਂ ਤਾਂ ਥੋੜ੍ਹਾ ਜਿਹਾ ਹੋਰਾਂ ਲਈ ਵੀ ਜੀਏਗੀ, ਉਨ੍ਹਾਂ ਬਾਰੇ ਵੀ ਸੋਚੇਗੀ ਜਿਵੇਂ ਉਹ ਆਪ ਹੋਰਾਂ ਤੋਂ ਆਪਣੇ ਲਈ ਚਾਹੁੰਦੀ ਹੈ, ਉਸ ਨੇ ਸੋਚ ਲਿਆ ਸੀ।

"ਅੰਕਲ-ਆਂਟੀ ਘਰ ਨਹੀਂ ਹੈਗੇ ਤਾਂ ਕੀ? ਮੈਂ ਤਾਂ ਹੈਗੀ ਹੈਂ ਨਾ ਉਨ੍ਹਾਂ ਦੀ ਸੁਰਪ੍ਰੀਤ! ਫਿਰ ਉਨ੍ਹਾਂ ਦੇ ਘਰ ਵਿਚ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਕਿਵੇਂ ਕੁਝ ਹੋ ਸਕਦੈ?"

"ਰਮਨ, ਅਸਲ ਵਿਚ ਮੈਂ ਜ਼ਿੰਦਗੀ ਜਿਊਣ ਦਾ ਢੰਗ ਹੁਣੇ ਹੀ ਸਿੱਖਿਆ ਹੈ... ਕੁੱਝ ਚਿਰ ਲਈ ਤੁਸੀਂ ਮੈਨੂੰ ਇਕੱਲੇ ਰਹਿ ਕੇ ਇਹ ਸੁੱਖ ਮਾਣਨ ਦੇਵੋ, ਪਲੀਜ਼!"

348/14, ਫਰੀਦਾਬਾਦ
(ਹਰਿਆਣਾ)-121007
98710-84402

**ਮਾਤਾ ਪਿਤਾ ਦੀ ਸੇਵਾ ਕਰਨ ਨਾਲ ਸਾਰੇ ਤੀਰਥਾਂ ਦਾ ਫਲ ਘਰ ਬੈਠਿਆਂ ਹੀ ਮਿਲ ਜਾਂਦਾ ਹੈ।**

**(ਸਵਾਮੀ ਵਿਵੇਕਾਨੰਦ)**

# ਸਿੰਘਣੀ

ਗੁਰਦਾਸ ਸਿੰਘ ਪਾਲਣਾ



ਧੰਨੋ ਉਸ ਨੂੰ ਪਿਆਰ ਨਾਲ ਕਹਿ ਰਹੀ ਸੀ, "ਰੋਏ ਤੋਂ ਕੀ ਬਣੂ ਭਲਾਂ। ਉੱਠ ਹੌਸਲਾ ਕਰ, ਭੈਣ ਨਸੀਰਾ। ਐਵੇਂ ਸਾਰਾ ਦਿਨ ਨਾ ਰੋਇਆ ਕਰ। ਉੱਠ ਕੇ ਮੰਜੇ 'ਤੇ ਬੈਠ, ਇਹ ਤਾਂ ਕੁਦਰਤ ਦਾ ਭਾਣਾ ਹੈ। ਨਸੀਰਾਂ, ਤੇਰੇ ਵਰਗੀਆਂ ਬਹੁਤ ਕੁੜੀਆਂ ਇੱਧਰ ਰਹਿ ਗਈਆਂ। ਇੱਧਰ ਹਿੰਦੁਸਤਾਨ ਬਣ ਗਿਆ ਤੇ ਛਿਪਦੇ ਵੱਲ ਪਾਕਿਸਤਾਨ। ਉੱਧਰ ਹਿੰਦੂ ਸਿੱਖਾਂ ਦੀਆਂ ਮੁਟਿਆਰਾਂ ਕੁੜੀਆਂ ਮੁਸਲਮਾਨਾਂ ਨੇ ਮੱਲੋ-ਮੱਲੀ ਰੱਖ ਲਈਆਂ। ਕਟਾ-ਵਢੀ ਬਹੁਤ ਹੋਈ ਜਾਂਦੀ ਹੈ। ਨਸੀਰਾਂ ਕਿਸੇ ਦੇ ਸਹਾਰੇ ਦੀ ਗੱਲ ਨਹੀਂ ਹੈ। ਐਧਰ ਮੁਸਲਮਾਨ ਲੋਕ ਮਾਰੇ ਗਏ। ਇਉਂ ਹੀ ਉੱਧਰ ਹੋਇਆ ਹੈ। ਸਾਰੇ ਪਾਸੇ ਹੀ ਕਤਲੇਆਮ ਹੋ ਰਿਹਾ ਐ। ਭਾਵੀ ਦਾ ਚੱਕਰ ਐ, ਭੈਣ ਨਸੀਰਾਂ।" ਧੰਨੋ ਹਮਦਰਦੀ ਨਾਲ ਨਸੀਰਾਂ ਨੂੰ ਚੁੱਪ ਕਰਾਉਂਦੀ। ਜਦੋਂ ਟਿਕ-ਟਿਕਾ ਹੋ ਗਿਆ ਤੇ ਤੈਨੂੰ ਤੇਰਾ ਕੋਈ ਲੈਣ ਆ ਗਿਆ, ਅਸੀਂ ਤੈਨੂੰ ਘੱਲ ਦੇਵਾਂਗੇ। ਜੇ ਭਾਈ ਮਾਂ-ਪਿਓ ਮਾਰੇ ਗਏ ਤਾਂ ਸਾਡੇ ਕੀ ਵੱਸ ਹੈ। ਸਬਰ ਕਰ, ਮੇਰੀ ਭੈਣ...। ਤੇਰੀ ਜਾਨ ਤਾਂ ਬਚ ਗਈ, ਰੱਬ ਦਾ ਸ਼ੁਕਰ ਕਰ। ਤੇਰੇ ਵਰਗੀਆਂ ਮੁਟਿਆਰ ਜਵਾਨ ਕੁੜੀਆਂ ਨੂੰ ਜੱਟ ਵਸਾ ਲੈਣਗੇ। ਹੋਰ ਚਾਰਾ ਵੀ ਕੀ ਐ? ਮੇਰਾ ਭਰਾ ਸ਼ਾਮ ਸਿੰਘ ਤੈਨੂੰ ਜਿਊਂਦੀ ਨੂੰ ਕੱਢ ਲਿਆਇਆ। ਤੈਨੂੰ ਹੁਣ ਐਥੇ ਕੀ ਖਤਰੈ, ਕੁੜੇ। ਉੱਠ ਰੋਟੀ-ਪਾਣੀ ਖਾਹ।"

ਦਿਨ-ਰਾਤ ਧੰਨੋ ਨਸੀਰਾਂ ਨੂੰ ਧੀਰਜ ਦਿੰਦੀ। ਰੋਂਦੀ ਨੂੰ ਚੁੱਪ ਕਰਾਉਂਦੀ। ਪਰ ਕੂੰਜ ਡਾਰ 'ਚੋਂ ਵਿਛੜੀ ਕੁਰਲਾਏ ਬਿਨਾਂ ਕਿਵੇਂ ਰਹੇ। ਘਰ ਦੇ ਜੀਆਂ ਦਾ ਪਿਆਰ। ਘਰ ਦੇ ਜੀਆਂ ਦਾ ਵਿਛੋੜਾ। ਦਿਲ ਥੰਮਿਆ ਵੀ ਕਿਵੇਂ ਜਾਵੇ? ਜਿਸ ਤਨ ਲਾਗੈ ਸੋਈ ਜਾਣੈ, ਦੂਜਾ ਕੀ ਜਾਣੇ ਪੀੜ ਪਰਾਈ।

ਨਸੀਰਾਂ ਬਿੰਦੇ-ਬਿੰਦੇ ਚੁੰਨੀ ਨਾਲ ਅੱਖਾਂ ਪੂੰਝਦੀ। ਅੱਖਾਂ ਫੇਰ ਸਮੁੰਦਰ ਵਾਂਗ ਭਰ ਜਾਂਦੀਆਂ। ਮੂੰਹ ਰੋ-ਰੋ ਕੇ ਲਾਲ ਹੋ ਗਿਆ ਸੀ। ਪਿੰਜਰੇ 'ਚ ਘਿਰੇ ਜਾਨਵਰ ਵਾਂਗ ਸੁੰਗੜੀ ਬੈਠੀ ਸੀ।

ਮਨ ਹੀ ਮਨ ਸੋਚ ਰਹੀ ਸੀ, "ਮੇਰਾ ਦੀਨ ਭ੍ਰਿਸ਼ਟ ਹੋ ਗਿਆ। ਮੈਂ ਬਗਾਨਿਆਂ ਦੇ ਵੱਸ ਪੈ ਗਈ। ਮੈਂ ਕੈਦ ਹੋ ਗਈ। ਮੈਨੂੰ ਬਹਿਸ਼ਤ ਵਿਚ ਢੋਈ ਕਿਵੇਂ ਮਿਲੂ। ਮੇਰੀ ਇੱਜ਼ਤ ਲੁੱਟੀ ਜਾਊ।"

ਪਰ ਧੰਨੋ ਬੁੱਕਲ ਵਿਚ ਲੈ ਕੇ ਛੋਟੀ ਭੈਣ ਵਾਂਗ ਪਿਆਰ ਕਰਦੀ। ਗੁਲਾਬ ਦੇ ਫੁੱਲ ਵਰਗਾ ਮੂੰਹ ਚੁੰਮਦੀ। ਦਿਲਾਸਾ ਦਿੰਦੀ। ਉਸ ਦੇ ਸਰੀਰ ਵਿਚੋਂ ਧੰਨੋ ਨੂੰ ਅੱਲ੍ਹੜ ਜਵਾਨੀ ਦੀ ਮਹਿਕ ਆਉਂਦੀ।

ਨਸੀਰਾਂ ਚੰਗੇ ਮੁਸਲਮਾਨ ਘਰਾਣੇ ਦੀ ਧੀ ਸੀ। ਬਹੁਤ ਸੋਹਣੀ, ਗੋਰੀ ਤੇ ਲੰਮੇ ਕੱਦ ਵਾਲੀ। ਸੋਹਣੇ ਤੇ ਤਿੱਖੇ ਨੈਣ-ਨਕਸ਼।

ਉਹ ਧੰਨੋ ਦੇ ਭਰਾ ਸ਼ਾਮ ਨੇ ਲੜਾਈ ਵਿਚੋਂ ਕੱਢ ਲਿਆਂਦੀ ਸੀ। ਸ਼ਾਮ ਦੀ ਸਲਾਹ ਸੀ ਕਿ ਉਹ ਨਸੀਰਾਂ ਨੂੰ ਆਪਣੇ ਘਰ ਵਸਾ ਲਵੇਗਾ। ਉਹ ਘੇਰ ਕੇ ਆਪਣੀ ਭੈਣ ਦੇ ਘਰ ਲੈ ਆਇਆ ਸੀ। ਸ਼ਾਮ ਸੰਨ ਸੰਤਾਲੀ ਦੇ ਰੌਲੇ ਵੇਲੇ ਆਪਣੀ ਭੈਣ ਧੰਨੋ ਕੋਲ ਬਠਿੰਡੇ ਚਲਾ ਗਿਆ ਸੀ। ਸ਼ਾਮ ਵੀ ਬਣਦਾ-ਤਣਦਾ ਸੋਹਣਾ ਗੱਭਰੂ ਸੀ। ਉਹਨੀਂ ਦਿਨੀਂ ਉਹ ਬਠਿੰਡੇ ਆਪਣੀ ਭੈਣ ਨੂੰ ਮਿਲਣ ਗਿਆ ਹੋਇਆ ਸੀ। ਉਧਰੋਂ ਕਤਲੇਆਮ ਸ਼ੁਰੂ ਹੋ ਗਿਆ। ਬੰਦੇ, ਬੁੜ੍ਹੀਆਂ ਤੇ ਬੱਚੇ ਬਹੁਤ ਹੀ ਮਾਰੇ ਗਏ । ਮੁਟਿਆਰਾਂ ਕੁੜੀਆਂ ਲੋਕਾਂ ਨੇ ਘੇਰ ਕੇ ਆਪਣੇ ਘਰੀਂ ਲੈ ਆਂਦੀਆਂ ਸਨ।

ਉਸ ਜ਼ਮਾਨੇ ਵਿਚ ਬਿਨਾਂ ਜਨਾਨੀ ਕੋਈ ਵੀ ਨਹੀਂ ਰਿਹਾ ਸੀ। ਇਉਂ ਹੀ ਨਸੀਰਾਂ ਦੀ ਜਾਨ ਬਖਸ਼ੀ ਗਈ । ਮੁਟਿਆਰਾਂ ਨੂੰ ਕੌਣ ਮਾਰੇ?

ਸ਼ਾਮ, ਨਸੀਰਾਂ ਨੂੰ ਆਪਣੀ ਭੈਣ ਕੋਲ ਛੱਡ ਕੇ ਆਪ ਫੇਰ ਬਾਹਰ ਚਲਾ ਗਿਆ। ਉਹ ਬਹੁਤ ਦਲੇਰ ਆਦਮੀ ਸੀ। ਉਸ ਨੂੰ ਮਰਨ ਦੀ ਪ੍ਰਵਾਹ ਨਹੀਂ ਸੀ। ਇਕ ਢਾਈ ਫੁੱਟੀ ਕਿਰਪਾਨ ਰੱਖਦਾ। ਅੱਗੋਂ ਮੁਸਲਮਾਨ ਵੀ ਕੋਈ ਖਾਲ੍ਹੀ ਹੱਥ

ਨਹੀਂ ਸਨ।

ਉਹ ਕਈ ਜਣੇ ਬਠਿੰਡੇ ਦੇ ਛਿੱਪਦੇ ਵੱਲ ਬੀੜ੍ਹ ਵਿਚ ਜਾ ਬੈਠੇ। ਬੀੜ ਦੇ ਨਾਲ ਦੀ ਪਿੰਡਾਂ ਦਾ ਰਾਹ ਸੀ। ਆਉਂਦੇ-ਜਾਂਦੇ ਮੁਸਲਮਾਨਾਂ ਨੂੰ ਲੁੱਟ ਲੈਂਦੇ। ਕੱਲੇ-ਇਕਹਿਰੇ ਨੂੰ ਮਾਰ ਵੀ ਦਿੰਦੇ। ਬਠਿੰਡੇ ਦੇ ਨੇੜੇ ਦੇ ਪਿੰਡਾਂ ਦੇ ਮੁਸਲਮਾਨ ਲੋਕ ਸਟੇਸ਼ਨ ਵੱਲ ਆਉਂਦੇ। ਐਥੋਂ ਭਰ ਕੇ ਗੱਡੀ ਜਾਂਦੀ। ਉਧਰੋਂ ਵੀ ਭਰ ਕੇ ਹਿੰਦੂ-ਸਿੱਖਾਂ ਦੀ ਗੱਡੀ ਆਉਂਦੀ। ਬੇਪੱਤ ਲੜਕੀਆਂ, ਫੱਟੜ ਤੇ ਜ਼ਖ਼ਮੀ ਬੱਚੇ ਦੇਖ ਕੇ ਇੱਧਰ ਵੀ ਬਦਲੇ ਦੀ ਅੱਗ ਭੜਕ ਉਠੀ ਸੀ।

ਧੰਨੋ ਦੇ ਘਰ ਵਾਲਾ ਸ਼ਾਮ ਨੂੰ ਬਹੁਤ ਰੋਕਦਾ, “ਤੂੰ ਵੀ ਕਦੇ ਮਾਰਿਆ ਜਾਵੇਗਾ। ਘਰੇ ਟਿਕ ਕੇ ਬੈਠ ਜਾਹ । ਕੋਈ ਆਵੇ, ਕੋਈ ਜਾਵੇ।"

ਧੰਨੋ ਦੇ ਘਰ ਵਾਲਾ ਸਾਊ ਆਦਮੀ ਸੀ। ਉਹ ਕਦੇ ਘਰੋਂ ਨਹੀਂ ਨਿਕਲਿਆ ਸੀ।

ਸ਼ਾਮ ਦਾ ਛੋਟਾ ਭਾਈ ਭਾਨ ਪਿੰਡ ਹੀ ਸੀ। ਧੰਨੋ ਉਹਨਾਂ ਦੋਨਾਂ ਤੋਂ ਵੱਡੀ ਸੀ। ਧੰਨੋ ਦਾ ਵਿਆਹ ਉਹਨਾਂ ਦਾ ਪਿਓ ਹੀ ਕਰ ਗਿਆ ਸੀ। ਇਹ ਦੋਨੋਂ ਭਾਈ ਛੜੇ ਹੀ ਸਨ।

ਧੰਨੋ ਨੇ ਕਈ ਵਾਰੀ ਕਿਹਾ, “ਨਸੀਰਾਂ ਨੂੰ ਪਿੰਡ ਲੈ ਜਾਹ। ਨਾਲੇ ਛੋਟੇ ਭਾਨ ਦਾ ਵੀ ਪਤਾ ਲਵੇ ਜੰਘੀਰਾਣੇ ਜਾ ਕੇ।”

ਸ਼ਾਮ ਨੂੰ ਧਨ ਦਾ ਲਾਲਚ ਸੀ। ਜਨਾਨੀ ਤਾਂ ਕਾਬੂ ਕਰ ਲਈ ਤੇ ਮਾਲ-ਸਬਾਬ ਵੀ ਇਕੱਠਾ ਹੋ ਜਾਵੇ। ਉਹ ਕਿਸੇ ਦੀ ਨਾ ਮੰਨਦਾ। ਦੁਬਾਰਾ ਬੀੜ ਵਿਚ ਚਲਾ ਗਿਆ। ਉਥੇ ਆਉਂਦੇ ਜਾਂਦੇ ਮੁਸਲਮਾਨਾਂ ਨਾਲ ਟੱਕਰ ਹੋ ਗਈ। ਸ਼ਾਮ ਦੇ ਪਿਸਤੌਲ ਦਾ ਫਾਇਰ ਵੱਜਿਆ ਤੇ ਮਰ ਗਿਆ। ਉਸ ਦੇ ਇਕ ਦੋ ਸਾਥੀ ਵੀ ਮਾਰੇ ਗਏ। ਕੁਝ ਭੱਜ ਗਏ। ਮੁਸਲਮਾਨਾਂ ਦਾ ਕਾਫ਼ਲਾ ਵੱਡਾ ਸੀ।

ਭਾਦੋਂ ਦਾ ਮਹੀਨਾ ਮਾਰ ਮਰਾਈ ਚੱਲਦੀ ਰਹੀ। ਆਖਰ ਸਰਕਾਰ ਨੇ ਹੁਕਮ ਜਾਰੀ ਕੀਤਾ, “ਜੇ ਕੋਈ ਕਿਸੇ ਨੂੰ ਮਾਰੂਗਾ, ਉਸ ਨੂੰ ਵੀਹ ਸਾਲੀ ਕੈਦ ਭੁਗਤਣੀ ਪਊ।” ਹੁਣ ਕੰਮ ਟਿਕ ਗਿਆ ਸੀ। ਇੱਧਰ-ਉੱਧਰ ਆਵਾਜਾਈ ਵੀ ਬਹੁਤ ਘਟ ਗਈ ਸੀ। ਥਾਓਂ-ਥਾਈਂ, ਲੋਕ ਜਿਵੇਂ ਕੋਈ ਥਾਂ ਮਿਲਿਆ ਇਕ ਵਾਰੀ ਟਿਕ ਗਏ। ਕਈ ਥਾਂਈ ਸਰਕਾਰੀ ਕੈਂਪ ਲਾਏ ਗਏ।

ਭਾਨ ਨੇ ਵੀ ਸੋਚਿਆ, "ਮੈਂ ਵੀ ਸ਼ਾਮ ਦਾ ਪਤਾ ਲਵਾਂ।" ਉਹ ਬਠਿੰਡੇ ਚਲਾ ਗਿਆ। ਭੈਣ-ਭਣੋਈਏ ਦੀ ਵੀ ਖ਼ਬਰ ਲੈਣੀ ਸੀ। ਰਾਹ ਵਿਚ ਉਸ ਨੇ ਕਈ ਥਾਈਂ ਲਾਸ਼ਾਂ ਦੇਖੀਆਂ। ਸ਼ਹਿਰ ਦੇ ਆਸੇ-ਪਾਸੇ ਤਾਂ ਬਹੁਤ ਬੁਰਾ ਹਾਲ ਸੀ। ਉਹ ਸਟੇਸ਼ਨ ’ਤੇ ਉਤਰ ਕੇ ਆਪਣੀ ਭੈਣ ਦੇ ਘਰੇ ਚਲਾ ਗਿਆ। ਆਪਣੀ ਵੱਡੀ ਭੈਣ ਨੂੰ ਮੱਥਾ ਟੇਕਿਆ ਤੇ ਖੈਰ-ਸੁੱਖ ਪੁੱਛੀ।

ਉਸ ਨੇ ਇਕ ਕੁੜੀ ਮੰਜੇ ’ਤੇ ਬੈਠੀ ਦੇਖੀ।

ਆਪਣੀ ਭੈਣ ਨੂੰ ਪੁੱਛਿਆ, ਭੈਣ, “ਆਹ ਕੁੜੀ?"

“ਇਹ ਸ਼ਾਮ ਲਿਆਇਆ ਹੈ। ਮੁਸਲਮਾਨਾਂ ਦੀ ਕੁੜੀ ਐ। ਇਸ ਨੂੰ ਛੱਡ ਕੇ ਉਹ ਤਾਂ ਫੇਰ ਬਾਹਰ ਚਲਾ ਗਿਆ। ਅਜੇ ਨ੍ਹੀਂ ਆਇਆ, ਦੋ ਦਿਨ ਹੋਗੇ। ਬਾਹਰ ਐਨੀ ਅੱਗ ਮੱਚੀ ਪਈ ਐ। ਹੱਥ ਨੂੰ ਹੱਥ ਖਾਂਦੈ, ਵੀਰ ਭਾਨ ਸਿਆਂ। ਉਹਨੇ ਦੁਬਾਰੇ ਕਾਹਨੂੰ ਜਾਣਾ ਸੀ।... ਹੋਰ ਤੂੰ ਤਕੜਾ ਆਇਆ, ਉਧਰ ਵੀ ਏਹੀ ਹਾਲ ਹੋਣੈਂ?"

“ਹਾਂ ਭੈਣੇ, ਇਹੀ ਹਾਲ ਐ। ਆਪਣੇ ਪਿੰਡ ਤਾਂ ਮੁਸਲਮਾਨਾਂ ਦੇ ਥੋੜ੍ਹੇ ਘਰ ਸੀ। ਲੋਕਾਂ ਨੇ ਕੁਛ ਨਹੀਂ ਆਖਿਆ। ਰਾਤ-ਬਰਾਤੇ ਟਪਾ ਤੇ। ਇਕ ਲੁਹਾਰਾਂ ਦਾ ਘਰ ਤੇ ਇਕ ਮਰਾਸੀਆਂ ਦਾ ਤਾਂ ਐਥੇ ਈ ਐ। ਆਪਣੇ ਲੋਕਾਂ ਨਾਲ ਉਹਨਾਂ ਦਾ ਰਸੂਕ ਵੀ ਚੰਗੈ।”

ਨਸੀਰਾਂ ਗੂੜ੍ਹੇ ਰੰਗ ਦੇ ਸੂਟ ਵਿਚ ਇਕ ਪਾਸੇ ਮੰਜੇ ’ਤੇ ਬੈਠੀ ਡੁਸਕ ਰਹੀ ਸੀ। ਉਹ ਚੁੰਨੀ ਵਿਚ ਵਲ੍ਹੇਟੀ ਹੋਈ ਨੀਵੀਂ ਪਾਈ ਬੈਠੀ ਸੀ। ਭਾਵੇਂ ਉਸ ਨੂੰ ਇੱਥੇ ਕੋਈ ਕੁੱਝ ਨਹੀਂ ਆਖਦਾ ਸੀ ਪਰ ਫੇਰ ਵੀ ਉਹ ਡਰ ਨਾਲ ਸਹਿਮੀ ਹੋਈ ਸੀ।

"ਭੈਣ-ਭਾਈ, ਮਾਂ-ਪਿਓ ਸਾਰੇ ਮਾਰੇ ਗਏ। ਮੈਨੂੰ ਕੌਣ ਬਖਸ਼ੂ?" ਉਹ ਸਾਰਾ ਦਿਨ ਬੁੱਕਲ ਮਾਰੀ ਬੈਠੀ ਰਹਿੰਦੀ। ਨਾ ਕੁੱਝ ਖਾਂਦੀ ਨਾ ਪੀਂਦੀ। ਉਸ ਨੂੰ ਧੰਨੋ ’ਤੇ ਜ਼ਰੂਰ ਤਸੱਲੀ ਸੀ।

ਭਾਨ ਘੜੀ-ਘੜੀ ਬੈਠੀ ਕੁੜੀ ਵੱਲ ਵੇਖ ਰਿਹਾ ਸੀ। ਆਪਣੀ ਭੈਣ ਤੋਂ ਵੀ ਸੰਗਦਾ ਸੀ।

ਉਸ ਨੂੰ ਉਹ ਇਕ ਮੂਰਤ ਵਾਂਗ ਲੱਗ ਰਹੀ ਸੀ। ਜਿਵੇਂ ਇਕ ਫਿਲਮੀ ਅਦਾਕਾਰ ਹੋਣ ਦਾ ਰੋਲ ਕਰ ਰਹੀ ਹੋਵੇ। ਉਸ ਦਾ ਰੂਪ ਡੁੱਲ੍ਹ-ਡੁੱਲ੍ਹ ਪੈਂਦਾ ਸੀ। ਜਿਵੇਂ ਗੁਲਾਬ ਦਾ ਫੁੱਲ ਟਾਹਣੀ ਨਾਲੋਂ ਟੁੱਟ ਕੇ ਡਿੱਗ ਪਿਆ ਹੋਵੇ। ਉਹ ਮਨੋ-ਮਨ, ਅੱਲ੍ਹਾ-ਅੱਲ੍ਹਾ ਕਰ ਰਹੀ ਸੀ। ਆਪਣੇ-ਆਪ ਨੂੰ ਪਿੰਜਰੇ ਵਿਚ ਬੰਦ ਪੰਛੀ ਵਾਂਗ ਸਮਝਦੀ ਸੀ।

ਭਾਨ ਵੀ ਕੁਝ ਦਿਨਾਂ ਵਾਸਤੇ ਭੈਣ ਕੋਲ ਹੀ ਰਿਹਾ। ਆਪਣੇ ਭਾਈ ਸ਼ਾਮ ਨੂੰ ਉਡੀਕਦਾ ਰਿਹਾ, "ਜੇ ਆਵੇ ਤਾਂ ਦੋਨੋਂ ਭਾਈ ਪਿੰਡ ਨੂੰ ਮੁੜੀਏ। ਪਰ ਸ਼ਾਮ ਨੇ ਕਿੱਥੋਂ ਆਉਣਾ ਸੀ। ਉਹ ਤਾਂ ਧਨ ਦੇ ਲੋਭ 'ਚ ਮਾਰਿਆ ਗਿਆ ਸੀ। ਧੰਨੋ ਨੂੰ ਵੀ ਪੂਰਾ ਵਹਿਮ ਸੀ ਕਿ ਸ਼ਾਮ ਤਾਂ ਜਰੂਰ ਹੀ ਮਾਰਿਆ ਗਿਆ ਹੋਊ।

ਆਪਣੇ ਭੈਣ-ਭਾਈ ਦਾ ਕਿੰਨਾ ਦੁੱਖ ਹੁੰਦਾ ਹੈ। ਜਦੋਂ ਐਸਾ ਮਾਹੌਲ ਬਣ ਜਾਵੇ, ਹਰ ਪਾਸਿਓਂ ਮੌਤ ਦਾ ਸੁਨੇਹਾ, ਮੌਤ ਦੀਆਂ ਗੱਲਾਂ।

ਨਸੀਰਾਂ ਮੌਤ ਨਾਲੋਂ ਤਾਂ ਵਿਛੋੜਾ ਚੰਗਾ ਸਮਝਦੀ ਸੀ। ਇਹ ਤਾਂ ਝੱਲਣਾ ਹੀ ਸੀ। ਜਦੋਂ ਆਪਣੇ ਕੋਲ ਬੈਠੀ ਧੰਨੋ ਵੀ ਰੋਂਦੀ ਤਾਂ ਉਸ ਦਾ ਦੁੱਖ ਜਾਣੋਂ ਵੰਡਿਆ ਗਿਆ ਹੋਵੇ। ਉਹ ਸਬਰ ਕਰ ਲੈਂਦੀ।

ਧੰਨੋ ਤੇ ਉਸ ਦੇ ਘਰ ਵਾਲੇ ਗਿਆਨ ਸਿੰਘ ਨੇ ਭਾਨ ਨੂੰ ਸਮਝਾਇਆ ਕਿ ਉਹ ਨਸੀਰਾਂ ਨੂੰ ਪਿੰਡ ਲੈ ਕੇ ਚਲਾ ਜਾਵੇ। ਹੁਣ ਇੱਥੇ ਸ਼ਹਿਰ ਵਿਚ ਠੀਕ ਨਹੀਂ।

ਭਾਨ ਨਸੀਰਾਂ ਨੂੰ ਲੈ ਕੇ ਪਿੰਡ ਆ ਗਿਆ। ਘਰ ਦਾ ਬੂਹਾ ਬੰਦ ਪਿਆ ਸੀ। ਹੁਣ ਭਾਨ ਦੇ ਨਾਲ ਇਕ ਜਵਾਨ ਮੁਟਿਆਰ ਵਹੁਟੀ ਸੀ। ਭਾਂ-ਭਾਂ ਕਰਦਾ ਘਰ ਫੁੱਲਵਾੜੀ ਵਾਂਗ ਖਿੜ ਗਿਆ।

ਚੁਲ੍ਹੇ 'ਤੇ ਕਦੇ ਕਿਸੇ ਤੀਵੀਂ ਨੇ ਰੋਟੀ ਨਹੀਂ ਪਕਾਈ ਸੀ ਇਹ ਤਾਂ ਛੜਿਆਂ ਦਾ ਘਰ ਸੀ। ਸਮਾਂ ਬਦਲ ਗਿਆ। ਪਤਝੜ ਦੀ ਥਾਂ ਬਸੰਤ ਰੁੱਤ ਆ ਗਈ।

ਕਈ ਦਿਨਾਂ ਬਾਅਦ ਧੰਨੋ ਪਿੰਡ ਆਈ। ਉਸ ਨੂੰ ਨਸੀਰਾਂ ਦਾ ਬਹੁਤ ਫ਼ਿਕਰ ਸੀ। ਧੰਨੋ ਨੇ ਹੁਣ ਕਦੇ ਨਸੀਰਾਂ ਨਹੀਂ ਕਿਹਾ, ਉਹ ਨਸੀਬ ਕੌਰ ਆਖ ਕੇ ਬੁਲਾਉਂਦੀ। ਨਸੀਰਾਂ ਨੂੰ ਤਾਂ ਧੰਨੋ ਨਾਲ ਬਹੁਤ ਪਿਆਰ ਪੈ ਗਿਆ ਸੀ। ਧੰਨੋ ਨੂੰ ਇਉਂ ਜਾਪਦਾ, ਜਿਵੇਂ ਉਸ ਦਾ ਭਾਈ ਵਿਆਹਿਆ ਗਿਆ ਹੋਵੇ। ਉਸ ਨੂੰ ਇਸ ਗੱਲ ਦਾ ਵੀ ਚਾਅ ਸੀ ਕਿ ਭਾਈ ਦਾ ਘਰ ਬੱਝ ਗਿਆ। ਨਾਲੇ ਨਸੀਰਾਂ ਦੀ ਜ਼ਿੰਦਗੀ ਬਚ ਗਈ।

ਨਸੀਰਾਂ ਫੇਰ ਵੀ ਧੰਨੋ ਦੇ ਗਲ ਲੱਗ ਕੇ ਰੋਣ ਲੱਗ ਜਾਂਦੀ। ਧੰਨੋ ਅੱਗੋਂ ਆਖ ਦਿੰਦੀ, "ਐਵੇਂ ਨਾ ਚਿੱਤ ਭੈੜਾ ਕਰਿਆ ਕਰ। ਹੋ ਗਿਆ, ਸੋ ਹੋ ਗਿਆ। ਨਸੀਬ ਕੁਰੇ ਛੱਡ, ਖੁਸ਼ ਹੋ ਕੇ ਵਸੋ-ਰਸੋ।"

ਨਸੀਬ ਕੌਰ ਵੀ ਆਪਣੀ ਨਣਦ ਦਾ ਪੂਰਾ ਸਤਿਕਾਰ ਕਰਦੀ। ਉਸ ਦਾ ਸਾਊ ਸੁਭਾਅ, ਮਿੱਠੀ ਬੋਲੀ ਨੇ ਗੁਆਂਢ ਵਿਚ ਵੀ ਮੋਹ ਪਾ ਲਿਆ ਸੀ।

ਇਸ ਤਰ੍ਹਾਂ ਮੁਸਲਮਾਨਾਂ ਦੀਆਂ ਕੁੜੀਆਂ ਛੜਿਆਂ ਤੇ ਰੰਡਿਆਂ ਦੇ ਘਰ ਵਸੀਆਂ ਦਾ ਕੋਈ ਅਚਰਜ ਨਹੀਂ ਸੀ।

ਹੁਣ ਤਾਂ ਰੌਲੇ ਨੂੰ ਕਈ ਸਾਲ ਹੋ ਗਏ ਸਨ। ਨਸੀਬ ਕੌਰ ਤੇ ਭਾਨ ਵੀ ਕਈ ਵਾਰੀ ਬਠਿੰਡੇ ਜਾ ਕੇ ਭੈਣ ਨੂੰ ਮਿਲ ਆਏ ਸਨ । ਨਸੀਬ ਕੌਰ ਕੋਲੇ ਹੁਣ ਦੋ ਨਿਆਣੇ ਸਨ। ਇਕ ਮੁੰਡਾ, ਇਕ ਕੁੜੀ। ਕੁੜੀ ਵੱਡੀ ਸੀ। ਜਵਾਕਾਂ ਦੇ ਮੋਹ ਵਿਚ ਪਿਛਲਾ ਦੁੱਖ ਭੁੱਲ ਗਈ ਸੀ।

ਨਵੇਂ ਸਾਕ-ਸਬੰਧੀਆਂ ਨਾਲ ਪਿਆਰ ਪੈ ਗਿਆ ਸੀ। ਧੰਨੋ ਕੋਲੇ ਤਾਂ ਉਹ ਕਈ-ਕਈ ਦਿਨ ਲਾ ਆਉਂਦੀ। ਨਸੀਬ ਕੌਰ ਦਾ ਜਿੰਨਾ ਪਿਆਰ ਧੰਨੋ ਨਣਦ ਨਾਲ ਸੀ, ਹੋਰ ਕਿਸੇ ਨਾਲ ਵੀ ਨਹੀਂ ਸੀ।

ਧੰਨੋ ਤੇ ਗਿਆਨ ਸਿੰਘ ਦਾ ਅੰਮ੍ਰਿਤ ਛਕਿਆ ਹੋਇਆ ਸੀ। ਨਸੀਬ ਕੌਰ ਧੰਨੋ ਨੂੰ ਪੁੱਛਦੀ, "ਭੈਣ ਜੀ, ਇਹ ਅੰਮ੍ਰਿਤ ਕੀ ਹੁੰਦੈ।"

"ਇਹ ਨਸੀਬ ਕੌਰ, ਆਪਣੇ ਦੇਸ਼ ਵਿਚ ਜ਼ੁਲਮ ਬਹੁਤ ਹੁੰਦੇ ਸਨ। ਮੁਸਲਮਾਨ ਲੋਕ ਸਾਡੀਆਂ ਧੀਆਂ ਭੈਣਾਂ ਨੂੰ ਮੱਲੋ-

ਮੱਲੀ ਖੋਹ ਕੇ ਲੈ ਜਾਂਦੇ। ਹਿੰਦੂਆਂ ਨੂੰ ਧੱਕੇ ਨਾਲ ਮੁਸਲਮਾਨ ਬਣਾਉਂਦੇ। ਹਿੰਦੂ-ਸਿੱਖ ਤੇ ਮੁਸਲਮਾਨਾਂ ਦਾ ਜੱਦੀ ਵੈਰ ਸੀ। ਜਿਹੜੇ ਪਿੰਡਾਂ ਵਿਚ ਹਿੰਦੂ ਘੱਟ ਹੁੰਦੇ, ਉਥੋਂ ਤਾਂ ਉਹਨਾਂ ਦਾ ਜੀਣਾ ਦੁੱਭਰ ਸੀ। ਜ਼ੁਲਮ ਨੂੰ ਰੋਕਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕੀਤਾ। ਪੰਜ ਪਿਆਰੇ ਸਾਜੇ। ਪਹਿਲਾਂ ਪੰਜਾਂ ਨੂੰ ਅੰਮ੍ਰਿਤ ਛਕਾਇਆ ਤੇ ਫੇਰ ਮਹਾਰਾਜ ਨੇ ਉਹਨਾਂ ਤੋਂ ਆਪ ਅੰਮ੍ਰਿਤ ਪਾਨ ਕੀਤਾ... ਇਕ ਨਵੀਂ ਕੌਮ ਦੀ ਨੀਂਹ ਰੱਖੀ। ਸਿੱਖਾਂ ਤੋਂ ਸਿੰਘ ਬਣਾ ਦਿੱਤਾ। ਉਹ ਗੁਰੂ ਕਾ ਖ਼ਾਲਸਾ ਅਖਵਾਇਆ। ਗੁਰੂ ਕੀ ਫੌਜ ਅਖਵਾਉਣ ਲੱਗੇ। ਖ਼ਾਲਸਾ ਜ਼ੁਲਮ ਦੇ ਵਿਰੁੱਧ ਲੜਿਆ।"

ਧੰਨੋ ਦਾ ਗੱਲਾਂ ਕਰਦੀ ਦਾ ਮਨ ਭਰ ਆਇਆ ਤੇ ਨਸੀਬ ਕੌਰ ਨੂੰ ਆਪਣੀ ਬੁੱਕਲ ਵਿਚ ਲੈ ਲਿਆ।

"ਫੇਰ ਇਥੇ ਅੰਗਰੇਜ਼ਾਂ ਨੇ ਰਾਜ ਕੀਤਾ। ਹੁਣ ਅੰਗਰੇਜ਼ ਚਲੇ ਗਏ ਤੇ ਦੇਸ਼ ਦੀ ਵੰਡ ਵੇਲੇ ਕਟਾ-ਵੱਢੀ ਹੋਈ। ਪੁਰਾਣੇ ਗੁੱਸੇ ਸਨ ਮੁਸਲਮਾਨਾਂ ਨਾਲ। ਤਾਂ ਹੀ ਤੇਰੇ ਵਰਗੀਆਂ ਕੂੰਜਾਂ ਵਿਛੜ ਗਈਆਂ।"

ਬੇਸ਼ਕ ਨਸੀਬ ਕੌਰ ਪਿਛੋਕੜ ਯਾਦ ਕਰ ਲੈਂਦੀ ਪਰ ਧੰਨੋ ਦਾ ਪਿਆਰ ਉਸ ਨੂੰ ਕੀਲ੍ਹ ਲੈਂਦਾ। ਧੰਨੋ ਦੀਆਂ ਗੱਲਾਂ ਸੁਣ ਕੇ ਨਸੀਬ ਕੌਰ ਪ੍ਰਭਾਵਿਤ ਹੁੰਦੀ। ਉਹ ਗੁਰਬਾਣੀ ਸੁਣ ਕੇ ਸਿੱਖੀ ਨਾਲ ਪਿਆਰ ਕਰਦੀ। ਉਸ ਦਾ ਮਨ ਕਰਦਾ ਕਿ ਉਹ ਵੀ ਅੰਮ੍ਰਿਤ ਪਾਨ ਕਰੇ। ਗੁਆਂਢਣ ਨਾਲ ਉਹ ਗੁਰੂ ਘਰ ਵੀ ਜਾਂਦੀ। ਉਸ ਦਾ ਤਾਂ ਜੀਵਨ ਬਦਲ ਗਿਆ ਸੀ।

ਕਦੇ ਭਾਨ ਪਿਛਲੀ ਗੱਲ ਛੇੜ ਲੈਂਦਾ। ਪੁੱਛਦਾ, "ਤੇਰੇ ਨਾਲ ਕਿਵੇਂ ਬੀਤੀ?"

"ਤੂੰ ਹੁਣ ਕਿਉਂ ਪਿਛਲੇ ਦੁੱਖ ਯਾਦ ਕਰਵਾਉਣੇ? ਹੋਈ-ਬੀਤੀ।"

ਪਰ ਭਾਨ ਜਿੱਦ ਪੈ ਜਾਂਦਾ। ਤਾਂ ਨਸੀਬ ਕੌਰ ਦੱਸਦੀ, "ਸਾਡਾ ਪਿੰਡ ਬਠਿੰਡੇ ਦੇ ਛਿਪਦੇ ਆਲੇ ਪਾਸੇ ਛੈਣੇ ਆਲਾ ਸੀ। ਅਸੀਂ ਉੱਥੇ ਕੋਈ ਦਸ ਘਰ ਸਾਂ। ਸਾਰੇ ਇਕੱਠੇ ਹੋ ਕੇ ਬਠਿੰਡੇ ਆ ਰਹੇ ਸਾਂ। ਸਾਨੂੰ ਖ਼ਬਰ ਸੀ ਕਿ ਪਾਕਿਸਤਾਨ ਅੱਡ ਬਣ ਗਿਆ ਹੈ। ਸਾਰੇ ਮੁਸਲਮਾਨਾਂ ਨੇ ਉਧਰ ਜਾਣਾ ਹੈ। ਅਸੀਂ ਬਠਿੰਡਿਓਂ ਗੱਡੀ ਚੜ੍ਹ ਕੇ ਪਾਕਿਸਤਾਨ ਜਾਣਾ ਸੀ। ਅਸੀਂ ਅਜੇ ਸ਼ਹਿਰ ਤੋਂ ਦੂਰ ਹੀ ਸਾਂ। ਸਾਨੂੰ ਲੁਟੇਰਿਆਂ ਨੇ ਘੇਰ ਲਿਆ। ਸਾਡੇ ਬਹੁਤ ਬੰਦੇ ਮਾਰੇ ਗਏ। ਕਈ ਭੱਜ ਗਏ। ਕਈ ਫਸਲਾਂ ਵਿਚ ਲੁਕ ਗਏ। ਜਾਨ ਸਭ ਨੂੰ ਪਿਆਰੀ ਹੁੰਦੀ ਐ।... ਬੜੀ ਭੈੜੀ ਲੜਾਈ ਹੋਈ। ਮੈਂ ਛੋਟੀ ਜਿਹੀ ਸੀ, ਬੱਸ ਬਾਰਾਂ-ਤੇਰਾਂ ਸਾਲਾਂ ਦੀ। ਜਦੋਂ ਮੈਂ ਪਰ੍ਹੇ ਭੱਜਣ ਲੱਗੀ ਤਾਂ ਮੇਰੀ ਬਾਂਹ ਫੜ੍ਹ ਕੇ ਸ਼ਾਮ ਇਕ ਪਾਸੇ ਲੈ ਗਿਆ ਤੇ ਸ਼ਹਿਰ ਵਿਚ ਆ ਗਿਆ। ਮੈਨੂੰ ਆਪਣੀ ਭੈਣ ਧੰਨੋ ਕੋਲ ਛੱਡ ਕੇ ਫੇਰ ਉਧਰ ਹੀ ਚਲਾ ਗਿਆ ਤੇ ਫੇਰ ਉਸ ਨੂੰ ਕਿਸੇ ਨੇ ਮਾਰ ਦਿੱਤਾ।... ਮੇਰਾ ਕੀ ਜ਼ੋਰ ਸੀ? ਮੈਂ ਬਚ ਗਈ। ਤੇਰੇ ਨਾਲ ਸੰਯੋਗ ਸੀ।" ਭਾਨ ਹੱਸ ਪਿਆ ਤੇ ਕਹਿੰਦਾ, "ਜੇ ਤੂੰ ਨਾ ਹੁੰਦੀ ਤਾਂ ਮੈਂ ਵੀ ਛੜਾ ਹੀ ਹੁੰਦਾ।"

ਗੱਲਾਂ ਕਰਦੀ ਦਾ ਮਨ ਅਜੇ ਵੀ ਭਰ ਆਉਂਦਾ। ਨਸੀਬ ਕੌਰ ਕੁੱਝ ਚਿਰ ਚੁੱਪ ਰਹੀ, ਜਿਵੇਂ ਕੁੱਝ ਸੋਚਦੀ ਹੋਵੇ। ਡੂੰਘੇ ਫਿਕਰਾਂ ਵਿਚ ਪੈ ਜਾਂਦੀ। ਆਪਣੇ ਪਰਿਵਾਰ ਦਾ ਨਕਸ਼ਾ ਅੱਖਾਂ ਅੱਗੇ ਘੁੰਮਣ ਲੱਗਦਾ। ਉਸ ਨੂੰ ਉਦਾਸ ਦੇਖ ਕੇ ਭਾਨ ਵੀ ਚੁੱਪ ਕਰ ਜਾਂਦਾ ਤੇ ਉਸਦੇ ਮੂੰਹ ਵੱਲ ਝਾਕਦਾ ਰਹਿੰਦਾ।

ਪਿੰਡ ਫੱਗੂ, ਜ਼ਿਲ੍ਹਾ-ਸਿਰਸਾ
(ਹਰਿਆਣਾ)
97294-62367

**ਜਿਸ ਆਦਮੀ ਨੇ ਕਦੇ ਕੋਈ ਗਲਤੀ ਨਹੀਂ ਕੀਤੀ , ਉਸਨੇ ਜ਼ਿੰਦਗੀ 'ਚ ਕਦੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।**

**ਅਲਬਰਟ ਆਈਨਸਟਾਈਨ**

# ਵੱਡਾ ਦਿਨ ਕ੍ਰਿਸਮਸ

ਚਰਨਜੀਤ ਕੌਰ



ਕ੍ਰਿਸਮਸ ਈਸਾਈ ਧਰਮ ਦੇ ਲੋਕਾਂ ਦਾ ਮੁੱਖ ਤਿਉਹਾਰ ਹੈ ਤੇ ਇਹ ਤਿਉਹਾਰ ਪੂਰੇ ਵਿਸ਼ਵ ਵਿਚ ਫੈਲੇ ਈਸਾ ਮਸੀਹ ਦੇ ਕਰੋੜਾਂ ਚੇਲਿਆਂ ਲਈ ਪਵਿੱਤਰਤਾ ਦਾ ਸੁਨੇਹਾ ਲੈ ਕੇ ਆਉਂਦਾ ਹੈ। ਇਹ ਤਿਉਹਾਰ ਸਭ ਲਈ ਆਸਾਂ ਤੇ ਖ਼ੁਸ਼ੀਆਂ ਲੈ ਕੇ ਆਉਂਦਾ ਹੈ। ਇਹ ਤਿਉਹਾਰ ਪ੍ਰਭੂ ਯਿਸੂ ਦੀਆਂ ਸਿੱਖਿਆਵਾਂ ’ਤੇ ਚੱਲਣ ਲਈ ਪ੍ਰੇਰਨਾ ਦਿੰਦਾ ਹੈ। ਅੱਜ ਤੋਂ ਦੋ ਹਜ਼ਾਰ ਬਾਈ ਸਾਲ ਪਹਿਲਾਂ ਯਿਸੂ ਦਾ ਜਨਮ ਹੋਇਆ ਸੀ। ਬਾਈਬਲ ਅਨੁਸਾਰ ਯਿਸੂ ਦੇ ਜਨਮ ਤੋਂ ਪਹਿਲਾਂ ਇਹ ਭਵਿੱਖਬਾਣੀ ਹੋ ਗਈ ਸੀ ਕਿ ਧਰਤੀ ’ਤੇ ਈਸ਼ਵਰ ਦੇ ਪੁੱਤਰ ਦਾ ਜਨਮ ਹੋਏਗਾ ਜੋ ਦੁਨੀਆ ਦਾ ਉਧਾਰ ਕਰੇਗਾ। ਯਿਸੂ ਦਾ ਜਨਮ ਇਕ ਗਊਸ਼ਾਲਾ ਵਿਚ ਹੋਇਆ ਸੀ ਜਿਸ ਦੀ ਪਹਿਲੀ ਖ਼ਬਰ ਇਕ ਚਰਵਾਹੇ ਨੂੰ ਮਿਲੀ ਸੀ। ਉਨ੍ਹਾਂ ਦਾ ਇਸ ਸੰਸਾਰ ਵਿਚ ਪ੍ਰਮਾਤਮਾ ਦਾ ਦੂਤ ਬਣ ਕੇ ਆਉਣਾ ਮੰਨਿਆ ਜਾਂਦਾ ਹੈ ਜੋ ਪ੍ਰੇਮ-ਪਿਆਰ ਦਾ ਸੰਦੇਸ਼ ਲੈ ਕੇ ਆਏ ਸਨ। ਮੰਨਿਆ ਜਾਂਦਾ ਹੈ ਕਿ ਪ੍ਰਮਾਤਮਾ ਦੇ ਅਸਲੀ ਰੂਪ ਨੂੰ ਲੋਕਾਂ ਤਕ ਉਜਾਗਰ ਕਰਨ ਲਈ ਤੇ ਉਸ ਸਮੇਂ ਯਹੂਦੀਆਂ ’ਤੇ ਹੋ ਰਹੇ ਅੱਤਿਆਚਾਰਾਂ ਨੂੰ ਖ਼ਤਮ ਕਰਨ ਲਈ ਹੋਇਆ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿੱਚ ਜੋ ਕੁਝ ਹੈ ਉਨ੍ਹਾਂ ਨੂੰ ਬਣਾਉਣ ਵਾਲਾ ਇਕ ਈਸ਼ਵਰ ਹੈ। ਉਹ ਮਨੁੱਖ ਪ੍ਰਮਾਤਮਾ ਦੇ ਅਸ਼ੀਰਵਾਦ ਦੇ ਪਾਤਰ ਹਨ ਜਿਹੜੇ ਕਿ ਨਿਆਂ ਦੇ ਭੁੱਖੇ ਪਿਆਸੇ ਹਨ ਕਿਉਂਕਿ ਉਹ ਰੱਜੇ ਹੋਣਗੇ ਪ੍ਰੰਤੂ ਨਿਆਂ ਹੀ ਸਿਰਫ਼ ਕਾਫ਼ੀ ਨਹੀਂ ਹੈ, ਨਿਆਂ ਦੀ ਰੋਟੀ ਨੂੰ ਰੱਬ ਦੀ ਬਖ਼ਸ਼ੀ ਹੋਈ ਦਇਆ ਦੀ ਦਾਤ ਰੂਪੀ ਰੋਟੀ ਨਾਲ ਸੇਵਨ ਕੀਤਾ ਜਾਣਾ ਚਾਹੀਦਾ ਹੈ। ਉਹ ਧੰਨ ਹਨ ਜੋ ਦਇਆ ਭਾਵਨਾ ਰੱਖਦੇ ਹਨ ਕਿਉਂਕਿ ਦਇਆ ਉਹਨਾਂ ਦੇ ਹਿੱਸੇ ਆਏਗੀ। ਸ਼ੁਰੂ ਵਿਚ ਉਨ੍ਹਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਪਰ ਹੌਲੀ-ਹੌਲੀ ਲੋਕ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਣਨ ਲੱਗੇ ਤੇ ਉਨ੍ਹਾਂ ਦੇ ਚੇਲਿਆਂ ਦੀ ਸੰਖਿਆ ਵਧਣ ਲੱਗੀ। ਉਨ੍ਹਾਂ ਨੇ ਸੰਸਾਰ ਵਿੱਚ ਫੈਲੇ ਅਗਿਆਨਤਾ ਦੇ ਹਨੇਰੇ ਤੇ ਲੋਕਾਂ ਦੇ ਦੁੱਖਾਂ ਨੂੰ ਦੂਰ ਕਰਨ ਦਾ ਯਤਨ ਕੀਤਾ। ਜਦੋਂ ਯਿਸੂ ਦਾ ਜਨਮ ਹੋਇਆ ਉਸ ਵੇਲੇ ਰੋਮ ਵਿੱਚ ਰੋਮੀ ਹਕੂਮਤ ਰਾਜ ਕਰਦੀ ਸੀ। ਜੋ ਰੋਮਨ ਹਕੂਮਤ ਕਹਿੰਦੀ ਸੀ ਉਹੀ ਫ਼ੈਸਲਾ ਹੁੰਦਾ ਸੀ, ਕਿਸੇ ਨੂੰ ਬੋਲਣ ਦਾ ਅਧਿਕਾਰ ਨਹੀਂ ਸੀ। ਉਸ ਸਮੇਂ ਦੀ ਹਕੂਮਤ ਉਨ੍ਹਾਂ ਦੀ ਵਧਦੀ ਹੋਈ ਲੋਕਪ੍ਰਿਯਤਾ ਦੇਖ ਕੇ ਪਰੇਸ਼ਾਨ ਹੋ ਗਈ ਤੇ ਉਨ੍ਹਾਂ ਨੂੰ ਸਲੀਬੀ ਮੌਤ ਦੇ ਹਵਾਲੇ ਕਰ ਦਿੱਤਾ ਗਿਆ। ਈਸਾਈ ਧਰਮ ਦੇ ਲੋਕਾਂ ਦਾ ਵਿਸ਼ਵਾਸ ਹੈ ਕਿਉਂ ਮੁਰਦਿਆਂ ਵਿਚੋਂ ਤੀਸਰੇ ਦਿਨ ਜੀਅ ਉੱਠੇ ਤਾਂ ਜੋ ਮਾਨਵਤਾ ਦਾ ਕਲਿਆਣ ਹੋ ਸਕੇ। ਈਸਾਈਆਂ ਅਨੁਸਾਰ ਪੂਰੀ ਦੁਨੀਆ ਵਿੱਚ ਜਿੰਨੇ ਵੀ ਲੋਕ ਮਰੇ ਉਨ੍ਹਾਂ ਸਭਨਾਂ ਦੀਆਂ ਕਬਰਾਂ ਬੰਦ ਹਨ ਪਰ ਇਤਿਹਾਸ ਅਨੁਸਾਰ ਅੱਜ ਸਿਰਫ਼ ਇੱਕ ਕਬਰ ਹੈ ਜੋ ਖੁੱਲ੍ਹੀ ਹੈ ਤੇ ਉਹ ਪ੍ਰਭੂ ਯਿਸੂ ਜੀ ਦੀ ਕਬਰ ਹੈ ਕਿਉਂਕਿ ਸਿਰਫ ਯਿਸੂ ਹੀ ਜ਼ਿੰਦਾ ਹੋਏ ਸਨ। ਯਿਸੂ ਮਸੀਹ ਬੜਾ ਸਾਦਾ ਜੀਵਨ ਬਤੀਤ ਕਰਦੇ ਸਨ, ਉੱਚੇ ਆਦਰਸ਼ ਲੋਕਾਂ ਸਾਹਮਣੇ ਰੱਖੇ ਤੇ ਆਪਣਾ ਆਪ ਪ੍ਰਮਾਤਮਾ ਨੂੰ ਸੌਂਪ ਦਿੱਤਾ ਤੇ ਦੀਨ ਦੁਖੀਆਂ ਦੀ ਮਦਦ ਕਰਦੇ ਸਨ। ਪੱਚੀ ਦਸੰਬਰ ਉਨ੍ਹਾਂ ਦੇ ਜਨਮ ਦੀ ਕੋਈ ਅਸਲੀ ਤਾਰੀਖ਼ ਨਹੀਂ ਹੈ ਪਰ ਰੋਮਨ ਕੈਲੰਡਰ ਅਨੁਸਾਰ ਤਿੰਨ ਸੌ ਛੱਤੀ ਈਸਵੀ ਵਿੱਚ ਪੱਚੀ ਦਸੰਬਰ ਨੂੰ ਇਹ ਤਿਉਹਾਰ ਰੋਮ ਵਿੱਚ ਮਨਾਇਆ ਗਿਆ ਸੀ। ਇਸ ਤੋਂ ਬਾਅਦ ਹਰ ਸਾਲ ਪੱਚੀ ਦਸੰਬਰ ਨੂੰ ਕ੍ਰਿਸਮਿਸ ਮਨਾਈ ਜਾਣ ਲੱਗੀ। ਈਸਾ ਮਸੀਹ ਊਚ-ਨੀਚ ਦੇ ਭੇਦਭਾਵ ਨੂੰ ਨਹੀਂ ਮੰਨਦੇ ਸਨ। ਉਹ ਸਭ ਨੂੰ ਬਰਾਬਰ ਸਮਝਦੇ ਸਨ। ਇਸ ਲਈ ਇਹ ਤਿਉਹਾਰ ਪੂਰੇ ਸੰਸਾਰ ਵਿੱਚ ਬੜੀ ਖ਼ੁਸ਼ੀ ਨਾਲ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਮਨਾਉਣ ਲਈ ਲੋਕਾਂ ਵਿੱਚ ਪੂਰਾ ਉਤਸ਼ਾਹ ਹੁੰਦਾ ਹੈ। ਕਈ ਦਿਨ ਪਹਿਲਾਂ ਤੋਂ

ਹੀ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਲੋਕ ਆਪਣੇ ਘਰਾਂ ਨੂੰ ਵਿਸ਼ੇਸ਼ ਤਰੀਕੇ ਨਾਲ ਸਜਾਉਂਦੇ ਹਨ, ਗਿਰਜਾਘਰਾਂ ਵਿਚ ਸੇਵਾ ਸ਼ੁਰੂ ਹੋ ਜਾਂਦੀ ਹੈ, ਦੋਸਤਾਂ-ਰਿਸ਼ਤੇਦਾਰਾਂ ਨੂੰ ਤੋਹਫ਼ੇ ਦਿੱਤੇ ਜਾਂਦੇ ਹਨ। ਕੁਝ ਦਿਨ ਪਹਿਲਾਂ ਤੋਂ ਹੀ ਈਸਾਈ ਧਰਮ ਦੇ ਲੋਕ ਇਕੱਠੇ ਹੋ ਕੇ ਕ੍ਰਿਸਮਸ ਤੇ ਗੀਤ ਗਾਉਂਦੇ ਤੇ ਨਾਲ ਹੀ ਸ਼ਾਂਤਾ ਕਲਾਜ਼ ਬਣ ਕੇ ਬੱਚਿਆਂ ਨੂੰ ਤੋਹਫ਼ੇ ਵੰਡਦੇ ਇੱਕ ਦੂਜੇ ਦੇ ਘਰ ਜਾਂਦੇ ਹਨ। ਇਸ ਦਿਨ ਨੂੰ ਦੁਨੀਆ ਦਾ ਸਭ ਤੋਂ ਵੱਡਾ ਦਿਨ ਕਿਹਾ ਜਾਂਦਾ ਹੈ ਤੇ ਇਹ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਲੋਕਾਂ ਵਿੱਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਕ੍ਰਿਸਮਸ ਮੌਕੇ ਕ੍ਰਿਸਮਸ ਰੁੱਖ ਨੂੰ ਰੰਗ ਬਰੰਗੀਆਂ ਰੌਸ਼ਨੀਆਂ ਤੇ ਤੋਹਫ਼ਿਆਂ ਨਾਲ ਸਜਾਇਆ ਜਾਂਦਾ ਹੈ। ਇਸ ਨੂੰ ਸਜਾਉਣ ਦਾ ਵੀ ਵਿਸ਼ੇਸ਼ ਮਹੱਤਵ ਇਸ ਰੁੱਖ ਨੂੰ ਸਜਾਉਣ ਦੀ ਪਰੰਪਰਾ ਜਰਮਨੀ ਤੋਂ ਸ਼ੁਰੂ ਹੋਈ। ਉਸ ਤੋਂ ਬਾਅਦ ਉਨੀਵੀਂ ਸ਼ਤਾਬਦੀ ਵਿਚ ਇਹ ਰਿਵਾਜ ਇੰਗਲੈਂਡ ਪਹੁੰਚ ਗਿਆ। ਫਿਰ ਪੂਰੀ ਦੁਨੀਆ ਵਿੱਚ ਫੈਲ ਗਿਆ। ਇਹ ਵੀ ਮੰਨਿਆ ਜਾਂਦਾ ਹੈ ਕਿ ਇਸ ਰੁੱਖ ਦਾ ਸਬੰਧ ਪ੍ਰਭੂ ਯਿਸੂ ਮਸੀਹ ਦੇ ਜਨਮ ਨਾਲ ਹੈ। ਕਿਹਾ ਜਾਂਦਾ ਹੈ ਜਦੋਂ ਯਿਸੂ ਦਾ ਜਨਮ ਹੋਇਆ ਤਾਂ ਉਸ ਜਗ੍ਹਾ ’ਤੇ ਮੌਜੂਦ ਸਾਰੇ ਪਸ਼ੂਆਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ ਤੇ ਦੇਖਦੇ ਹੀ ਦੇਖਦੇ ਜੰਗਲ ਦੇ ਸਾਰੇ ਰੁੱਖ ਸਦਾਬਹਾਰ ਪੱਤੀਆਂ ਨਾਲ ਲੱਦ ਗਏ। ਉਦੋਂ ਤੋਂ ਇਹ ਇਕ ਅਜਿਹਾ ਰੁੱਖ ਹੈ ਜਿਸ ਦੀਆਂ ਪੱਤੀਆਂ ਨਾ ਤਾਂ ਕਿਸੇ ਮੌਸਮ ਵਿਚ ਝੜਦੀਆਂ ਹਨ ਤੇ ਨਾ ਹੀ ਮੁਰਝਾਉਂਦੀਆਂ ਹਨ। ਇਹ ਰੁੱਖ ਬਰਫ਼ ਵਿੱਚ ਵੀ ਹਮੇਸ਼ਾਂ ਹਰਿਆ-ਭਰਿਆ ਰਹਿੰਦਾ ਹੈ। ਕ੍ਰਿਸਮਸ ਤੋਂ ਇਕ ਦਿਨ ਪਹਿਲਾਂ ਗਿਰਜਾਘਰਾਂ ਵਿੱਚ ਪ੍ਰਾਰਥਨਾਵਾਂ ਸਭਾ ਹੁੰਦੀਆਂ ਹਨ। ਪ੍ਰਭੂ ਯਿਸੂ ਨੂੰ ਯਾਦ ਕੀਤਾ ਜਾਂਦਾ ਹੈ ਤੇ ਠੀਕ ਬਾਰਾਂ ਵਜੇ ਲੋਕ ਇਕ ਦੂਜੇ ਨੂੰ ਕ੍ਰਿਸਮਸ ਦੀਆਂ ਵਧਾਈਆਂ ਦਿੰਦੇ ਹਨ। ਮੋਮਬਤੀਆਂ ਜਗਾਈਆਂ ਜਾਂਦੀਆਂ ਹਨ। ਸਾਂਤਾ ਕਲਾਜ਼ ਬੱਚਿਆਂ ਨੂੰ ਤੋਹਫ਼ੇ ਦਿੰਦੇ ਹਨ, ਕੇਕ ਕੱਟੇ ਜਾਂਦੇ ਹਨ। ਇਸ ਦਿਨ ਕੇਕ ਕੱਟਣ ਦਾ ਵੀ ਵਿਸ਼ੇਸ਼ ਮਹੱਤਵ ਹੈ। ਬੱਚੇ ਸਾਂਤਾ ਕਲਾਜ਼ ਦੇ ਆਉਣ ਦਾ ਇੰਤਜ਼ਾਰ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਤੋਹਫ਼ੇ ਦੇਣਗੇ ਤੇ ਬੱਚੇ ਉਨ੍ਹਾਂ ਤੋਂ ਤੋਹਫ਼ੇ ਪਾ ਕੇ ਬਹੁਤ ਖ਼ੁਸ਼ ਹੁੰਦੇ ਹਨ। ਇਸ ਲਈ ਮਾਤਾ-ਪਿਤਾ ਬੱਚਿਆਂ ਲਈ ਉਨ੍ਹਾਂ ਦੇ ਸਿਰਹਾਣੇ ਰਾਤ ਨੂੰ ਚੁੱਪ-ਚਾਪ ਤੋਹਫ਼ੇ ਰੱਖ ਦਿੰਦੇ ਹਨ। ਜਦੋਂ ਸਵੇਰੇ ਬੱਚੇ ਉੱਠਦੇ ਹਨ ਤੇ ਆਪਣੇ ਸਿਰਹਾਣੇ ਤੋਹਫ਼ੇ ਪਾ ਕੇ ਖ਼ੁਸ਼ ਹੁੰਦੇ ਹਨ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਸਾਂਤਾ ਕਲਾਜ਼ ਉਨ੍ਹਾਂ ਨੂੰ ਰਾਤ ਨੂੰ ਤੋਹਫ਼ੇ ਦੇ ਗਏ ਹਨ। ਸਾਂਤਾ ਕਲਾਜ਼ ਦਾ ਸਬੰਧ ‘ਸੰਤ ਨਿਕੋਲਸ’ ਨਾਮ ਦੇ ਇਕ ਦਰਿਆ ਦਿਲ ਵਿਅਕਤੀ ਨਾਲ ਜੁੜਿਆ ਹੈ। ‘ਸੰਤ ਨਿਕੋਲਸ’ ਦਾ ਜਨਮ ਤੀਸਰੀ ਸਦੀ ਵਿੱਚ ਈਸਾ ਮਸੀਹ ਦੀ ਮੌਤ ਦੇ ਦੋ ਸੌ ਅੱਸੀ ਸਾਲ ਬਾਅਦ ਹੋਇਆ। ਬਚਪਨ ਵਿੱਚ ਹੀ ਉਨ੍ਹਾਂ ਦੇ ਮਾਤਾ ਪਿਤਾ ਮਰ ਗਏ ਸਨ। ਸੰਤ ਨਿਕੋਲਸ ਵੱਡੇ ਹੋ ਕੇ ਪਾਦਰੀ ਤੇ ਬਾਅਦ ਵਿਚ ਬਿਸ਼ਪ ਬਣੇ। ਉਨ੍ਹਾਂ ਨੂੰ ਜ਼ਰੂਰਤਮੰਦਾਂ ਦੀ ਮਦਦ ਕਰਨਾ ਤੇ ਤੋਹਫ਼ੇ ਦੇਣਾ ਚੰਗਾ ਲੱਗਦਾ ਸੀ। ਉਹ ਤੋਹਫ਼ੇ ਰਾਤ ਨੂੰ ਹੀ ਦਿੰਦੇ ਸਨ ਕਿਉਂਕਿ ਉਹ ਇਹ ਨਹੀਂ ਚਾਹੁੰਦੇ ਸਨ ਕਿ ਲੋਕ ਉਨ੍ਹਾਂ ਨੂੰ ਪਛਾਣ ਸਕਣ। ਇਸੀ ਕਾਰਨ ਬੱਚੇ ਅੱਜ ਵੀ ਸਾਂਤਾ ਕਲਾਜ਼ ਦਾ ਰਾਤ ਨੂੰ ਇੰਤਜ਼ਾਰ ਕਰਦੇ ਹਨ ਕਿ ਉਹ ਆਉਣਗੇ ਤੇ ਬੱਚਿਆਂ ਨੂੰ ਤੋਹਫ਼ੇ ਦੇਣਗੇ। ਕ੍ਰਿਸਮਸ ਦਾ ਤਿਉਹਾਰ ਸਾਨੂੰ ਸੰਦੇਸ਼ ਦਿੰਦਾ ਹੈ ਕਿ ਭਾਵੇਂ ਕਿੰਨੀਆਂ ਹੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇ, ਸਾਨੂੰ ਸਹੀ ਮਾਰਗ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ, ਸਾਨੂੰ ਆਪਸੀ ਭੇਦ-ਭਾਵ ਵੈਰ-ਵਿਰੋਧ ਦੀ ਭਾਵਨਾ ਨੂੰ ਮਿਟਾ ਕੇ ਸਭ ਨੂੰ ਇੱਕ ਪ੍ਰਮਾਤਮਾ ਦੀ ਸੰਤਾਨ ਮੰਨਣਾ ਚਾਹੀਦਾ ਹੈ। ਆਪਣੇ ਅੰਦਰ ਮੁਆਫ਼ ਕਰਨ ਦੀ ਪ੍ਰਵਿਰਤੀ ਪੈਦਾ ਕਰਨੀ ਚਾਹੀਦੀ ਹੈ। ਗ਼ਰੀਬਾਂ, ਬੇਸਹਾਰਿਆਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਤਿਉਹਾਰ ਨੂੰ ਇਕੱਲੇ ਖ਼ੁਸ਼ੀਆਂ ਦਾ ਤਿਉਹਾਰ ਨਾ ਮੰਨਦੇ ਹੋਏ ਉਨ੍ਹਾਂ ਵੱਲੋਂ ਦਿੱਤੇ ਗਏ ਲੋਕ ਭਲਾਈ ਤੇ ਸੇਵਾ ਦੇ ਕੰਮ ਕਰਨੇ ਚਾਹੀਦੇ ਹਨ।

#255, ਫੇਜ਼-2,
ਮੋਹਾਲੀ (ਪੰਜਾਬ)
98887-85390

# ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ : ਭਾਈ ਵੀਰ ਸਿੰਘ

ਦਲਜੀਤ ਰਾਏ ਕਾਲੀਆ



ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਭਾਈ ਵੀਰ ਸਿੰਘ ਜੀ ਨੇ ਆਪਣਾ ਸਾਹਿਤਕ ਜੀਵਨ ਨਾਵਲ ਲਿਖਣ ਨਾਲ ਸ਼ੁਰੂ ਕੀਤਾ, ਪਰ ਆਧੁਨਿਕ ਪੰਜਾਬੀ ਸਾਹਿਤ ਵਿਚ ਉਹਨਾਂ ਦਾ ਵਿਸ਼ੇਸ਼ ਸਥਾਨ ਕਵੀ ਦੇ ਤੌਰ 'ਤੇ ਹੈ। ਭਾਈ ਵੀਰ ਸਿੰਘ 19ਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਇਕ ਅਜਿਹੇ ਮਹਾਨ ਕਵੀ ਹੋਏ ਹਨ, ਜਿਹਨਾਂ ਦੀਆਂ ਪਾਈਆਂ ਲੀਹਾਂ 'ਤੇ ਆਧੁਨਿਕ ਲਿਖਾਰੀ ਤੁਰ ਰਹੇ ਹਨ ਅਤੇ ਪੰਜਾਬੀ ਸਾਹਿਤ ਅਮੀਰ ਹੋ ਰਿਹਾ ਹੈ। ਭਾਈ ਸਾਹਿਬ ਨਾ ਸਿਰਫ਼ ਕਵੀ ਹੀ ਸਨ, ਸਗੋਂ ਨਾਵਲਕਾਰ, ਟੀਕਾਕਾਰ ਅਤੇ ਉੱਘੇ ਵਾਰਤਕ ਲਿਖਾਰੀ ਵੀ ਸਨ। ਉਹਨਾਂ ਦੀ ਪੰਜਾਬੀ ਸਾਹਿਤ ਨੂੰ ਮਹਾਨ ਦੇਣ ਹੈ। ਇਸੇ ਕਰਕੇ ਪ੍ਰਸਿੱਧ ਵਿਦਵਾਨ ਦੀਵਾਨ ਸਿੰਘ ਲਿਖਦੇ ਹਨ, "ਨਵੀਨ ਪੰਜਾਬੀ ਸਾਹਿਤ ਦਾ ਦੂਜਾ ਕਾਲ ਵੀਹਵੀਂ ਸਦੀ ਦਾ ਕਾਲ ਹੈ ਤੇ ਇਸ ਦਾ ਮੁੱਢ ਭਾਈ ਵੀਰ ਸਿੰਘ ਨਾਲ ਸ਼ੁਰੂ ਹੁੰਦਾ ਹੈ। ਉਸ ਨੇ ਪੁਰਾਣੀ ਅਧਿਆਤਮਿਕ ਪਰੰਪਰਾ ਨੂੰ ਅਪਣਾਇਆ ਤੇ ਉਜਾਗਰ ਕੀਤਾ ਹੈ। ਸੱਚਮੁਚ ਉਸ ਦੀ ਪਦਵੀ ਪ੍ਰਸਿੱਧ ਸਿੱਖ ਸਾਹਿਤਕਾਰਾਂ ਭਾਈ ਗੁਰਦਾਸ, ਭਾਈ ਮਨੀ ਸਿੰਘ ਤੇ ਭਾਈ ਸੰਤੋਖ ਸਿੰਘ ਨਾਲ ਮਿਲਦੀ ਹੈ। ਇਸੇ ਲਈ ਉਸ ਦੇ ਨਾਂ ਨਾਲ ਭਾਈ ਵਿਸ਼ੇਸ਼ਣ ਖੁਦ ਲੱਗ ਗਿਆ ਹੈ। ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਆਧੁਨਿਕ ਬਣਾਉਣ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ ਅਤੇ ਸਭ ਤੋਂ ਵੱਧ ਪ੍ਰਸਿੱਧਤਾ ਪ੍ਰਾਪਤ ਕੀਤੀ ਹੈ। ਨਿਰਸੰਦੇਹ ਉਹ ਆਧੁਨਿਕ ਪੰਜਾਬੀ ਸਾਹਿਤ ਦਾ ਮੋਢੀ ਤੇ ਪਿਤਾ ਹੈ"। (20 ਵੀਂ ਸਦੀ ਦਾ ਪੰਜਾਬੀ ਸਾਹਿਤ, ਦੀਵਾਨ ਸਿੰਘ, ਪੰਨਾ 13)।

ਪੰਜਾਬੀ ਸਾਹਿਤ ਦੇ ਇਸ ਮਹਾਨ ਸਾਹਿਤਕਾਰ ਦਾ ਜਨਮ 5 ਦਸੰਬਰ, 1872 ਈ: ਨੂੰ ਅੰਮ੍ਰਿਤਸਰ ਦੇ ਕੱਟੜਾ ਗਰਬਾ ਸਿੰਘ ਵਿਚ ਡਾ. ਚਰਨ ਸਿੰਘ ਦੇ ਘਰ ਮਾਤਾ ਉੱਤਮ ਕੌਰ ਦੀ ਕੁੱਖੋਂ ਹੋਇਆ। ਉਹਨਾਂ ਦੇ ਪਿਤਾ ਚਰਨ ਸਿੰਘ ਬ੍ਰਿਜ ਭਾਸ਼ਾ ਅਤੇ ਸੰਸਕ੍ਰਿਤ ਦੇ ਵਿਦਵਾਨ ਸਨ। ਉਹ ਅੰਗਰੇਜ਼ੀ ਅਤੇ ਫ਼ਾਰਸੀ ਦਾ ਵੀ ਚੋਖਾ ਗਿਆਨ ਰੱਖਦੇ ਸਨ। ਉਹਨਾਂ ਨੇ ਪੰਜਾਬੀ ਵਿਚ 'ਜੰਗ ਮੁੜੌਲੀ' ਅਤੇ 'ਸ਼ਰਾਬ ਕੌਰ' ਦੀ ਰਚਨਾ ਕੀਤੀ ਅਤੇ ਹੀਰ ਭਾਈ ਗੁਰਦਾਸ ਦੀ ਸੰਪਾਦਨਾ ਵੀ ਕੀਤੀ। ਉਹਨਾਂ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਵੀ ਗੁਰਬਾਣੀ ਦੇ ਸਿਰਕੱਢ ਵਿਦਵਾਨ ਸਨ। ਗਿਆਨੀ ਹਜ਼ਾਰਾ ਸਿੰਘ ਨੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ ਤਿਆਰ ਕੀਤਾ ਸੀ। ਇਸ ਤੋਂ ਇਲਾਵਾ ਗਿਆਨੀ ਜੀ ਨੇ ਸ਼ੇਖ ਸ਼ਾਅਦੀ ਦੀ ਪ੍ਰਸਿੱਧ ਰਚਨਾ 'ਗੁਲਸਿਤਾਂ' ਤੇ 'ਬੋਸਤਾਂ' ਦਾ ਪੰਜਾਬੀ ਅਨੁਵਾਦ ਵੀ ਕੀਤਾ। ਇਸ ਤਰ੍ਹਾਂ ਭਾਈ ਵੀਰ ਸਿੰਘ ਨੂੰ ਆਪਣੇ ਦਾਦਕਿਆਂ ਅਤੇ ਨਾਨਕਿਆਂ ਦੋਹਾਂ ਪਾਸਿਆਂ ਤੋਂ ਸਾਹਿਤਕ ਰੁਚੀਆਂ ਵਿਰਸੇ ਵਿਚ ਪ੍ਰਾਪਤ ਹੋਈਆਂ। ਭਾਈ ਸਾਹਿਬ ਦੇ ਦਾਦਾ ਬਾਬਾ ਕਾਹਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਦੀਵਾਨ ਕੌੜਾ ਮੱਲ ਦੀ ਵੰਸ਼ ਵਿਚੋਂ ਸਨ, ਜਿਹਨਾਂ ਨੂੰ ਸਿੱਖ ਇਤਿਹਾਸ ਵਿਚ ਮਿੱਠਾ ਮੱਲ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। ਇਸ ਤਰ੍ਹਾਂ ਸਿੱਖੀ ਅਤੇ ਸਾਹਿਤਕ ਵਿਰਸਾ ਭਾਈ ਸਾਹਿਬ ਨੂੰ ਘਰੋਂ ਹੀ ਪ੍ਰਾਪਤ ਹੋਇਆ। ਭਾਈ ਸਾਹਿਬ ਦੀ ਸ਼ਖ਼ਸੀਅਤ ਵਿਚ ਨਿਖਾਰ ਲਿਆਉਣ ਦਾ ਸਿਹਰਾ ਉਹਨਾਂ ਦੇ ਬਾਬਾ ਕਾਹਨ ਸਿੰਘ, ਪਿਤਾ ਡਾ. ਚਰਨ ਸਿੰਘ ਅਤੇ ਨਾਨਾ ਗਿਆਨੀ ਹਜਾਰਾ ਸਿੰਘ ਦੇ ਸਿਰ ਬੱਝਦਾ ਹੈ।

ਭਾਈ ਵੀਰ ਸਿੰਘ ਜੀ ਨੇ ਸੰਸਕ੍ਰਿਤ ਅਤੇ ਬ੍ਰਿਜ ਭਾਸ਼ਾ ਦੀ ਸਿੱਖਿਆ ਗਿਆਨੀ ਹਜ਼ਾਰਾ ਸਿੰਘ ਜੀ ਤੋਂ ਪ੍ਰਾਪਤ ਕੀਤੀ। ਉਹਨਾਂ ਨੇ ਫ਼ਾਰਸੀ ਅਤੇ ਉਰਦੂ ਇਕ ਮੁਸਲਮਾਨ ਮੌਲਵੀ ਪਾਸੋਂ ਮਸੀਤ ਵਿਚ ਸਿੱਖੇ। ਉਹਨਾਂ ਨੇ ਸਿੱਖ ਧਰਮ ਦੇ ਗ੍ਰੰਥਾਂ ਦਾ ਅਧਿਐਨ ਸੇਵਾ-ਪੰਥੀ ਸੰਤ ਭਗਵਾਨ ਸਿੰਘ ਦੀ ਦੇਖ-ਰੇਖ ਹੇਠ ਪੂਰਾ ਕੀਤਾ। ਉਹਨਾਂ ਨੇ 1889 ਈ: ਵਿਚ ਮਿਸ਼ਨ ਸਕੂਲ ਅੰਮ੍ਰਿਤਸਰ ਤੋਂ ਅੱਠਵੀਂ ਦਾ ਇਮਤਿਹਾਨ ਪਾਸ ਕੀਤਾ। ਇਥੋਂ ਹੀ ਉਹਨਾਂ 1891 ਵਿਚ ਦਸਵੀਂ ਦਾ ਇਮਤਿਹਾਨ ਜ਼ਿਲ੍ਹੇ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤਾ ਅਤੇ ਜ਼ਿਲ੍ਹਾ ਬੋਰਡ ਵਲੋਂ ਸੋਨੇ ਦਾ ਤਮਗਾ ਇਨਾਮ

ਵਿਚ ਹਾਸਲ ਕੀਤਾ। ਸਤਾਰਾਂ ਸਾਲ ਦੀ ਉਮਰ ਵਿਚ ਉਹਨਾਂ ਦਾ ਵਿਆਹ ਅੰਮ੍ਰਿਤਸਰ ਦੇ ਸਰਦਾਰ ਨਰਾਇਣ ਸਿੰਘ ਦੀ ਸਪੁੱਤਰੀ ਚਤਰ ਕੌਰ ਨਾਲ ਹੋਇਆ।

1892 ਈ: ਵਿਚ ਉਹਨਾਂ ਨੇ ਵਜ਼ੀਰ ਸਿੰਘ ਨਾਲ ਮਿਲ ਕੇ ਅੰਮ੍ਰਿਤਸਰ ਵਿਖੇ 'ਵਜੀਰ ਹਿੰਦ ਪ੍ਰੈਸ' ਖੋਲ੍ਹਿਆ। ਭਾਈ ਸਾਹਿਬ ਨੇ ਆਪਣੀ ਲਗਨ, ਮਿਹਨਤ ਅਤੇ ਸਿਦਕ ਦਿਲੀ ਸਦਕਾ ਇਸ ਪ੍ਰੈਸ ਨੂੰ ਕਾਮਯਾਬ ਕੀਤਾ। ਭਾਈ ਵੀਰ ਸਿੰਘ ਨੇ ਸਿੱਖ ਧਰਮ ਦੇ ਸਰਬ ਪੱਖੀ ਵਿਕਾਸ, ਵਿਦਿਅਕ ਵਿਕਾਸ, ਸਮਾਜਿਕ ਵਿਕਾਸ ਦੇ ਉਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਦਸੰਬਰ, 1894 ਈ: ਵਿਚ 'ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ' ਦੀ ਸਥਾਪਨਾ ਕੀਤੀ। ਇਸ ਸੁਸਾਇਟੀ ਨੇ ਦਸੰਬਰ, 1892 ਈ: ਵਿਚ ਡਾ: ਚਰਨ ਸਿੰਘ ਜੀ ਵਲੋਂ ਕੱਢੇ ਮਾਸਿਕ 'ਨਿਰਗੁਣਿਆਰਾ' ਨੂੰ ਆਪਣੇ ਪੱਤਰ ਵਜੋਂ ਅਪਣਾ ਲਿਆ। ਭਾਈ ਵੀਰ ਸਿੰਘ ਦੀਆਂ ਰਚਨਾਵਾਂ ਪਹਿਲਾਂ ਪਹਿਲ ਨਿਰਗੁਣਿਆਰਾ ਵਿਚ ਹੀ ਲੜੀਵਾਰ ਛਪਕੇ ਪਾਠਕਾਂ ਤੱਕ ਪਹੁੰਚਣੀਆਂ ਸ਼ੁਰੂ ਹੋਈਆਂ। 17 ਨਵੰਬਰ, 1899 ਨੂੰ ਭਾਈ ਵੀਰ ਸਿੰਘ ਨੇ ਸਪਤਾਹਿਕ ਪੱਤਰ 'ਖਾਲਸਾ ਸਮਾਚਾਰ' ਸ਼ੁਰੂ ਕੀਤਾ। ਇਸ ਅਖਬਾਰ ਦੇ ਪ੍ਰਕਾਸ਼ਿਤ ਕਰਨ ਦਾ ਮਨੋਰਥ ਪਹਿਲੇ ਅੰਕ ਵਿਚੋਂ ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ। 'ਆਪਣੀ ਕੌਮ ਅਤੇ ਧਰਮ ਦੀ ਇਜ਼ਤ ਵਧਾਉਣ ਲਈ, ਅਰ ਕੌਮ ਦੀ ਸੱਚੀ ਸੇਵਾ ਕਰਨ ਲਈ ਇਸ ਸ਼ਹਿਰ ਵਿਚੋਂ ਅਖਬਾਰ ਨਿਕਾਲਨ ਦੀ ਲੋੜ ਪ੍ਰਤੀਤ ਹੋ ਰਹੀ ਸੀ, ਉਸ ਲੋੜ ਨੂੰ ਪੂਰਾ ਕਰਨ ਲਈ ਇਹ ਅਖ਼ਬਾਰ ਨਿਕਲਿਆ ਹੈ। (ਪੰਜਾਬੀ ਪੱਤਰਕਾਰੀ ਦਾ ਇਤਿਹਾਸ, ਡਾ: ਮੋਘਾ ਸਿੰਘ, ਪੰਨਾ 64)। ਨਿਰਗੁਣਿਆਰਾ ਅਤੇ ਖਾਲਸਾ ਸਮਾਚਾਰ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ। ਨਿਰਗੁਣਿਆਰਾ ਦੁਆਰਾ ਪੰਜਾਬੀ ਸਾਹਿਤ ਦੇ ਨਵੇਂ ਰੂਪ ਕਹਾਣੀ, ਨਾਟਕ, ਜੀਵਨੀ, ਸਫ਼ਰਨਾਮਾ ਆਦਿ ਦੇ ਛਪਣ ਦੀ ਸ਼ੁਰੂਆਤ ਹੋਈ, ਜਦੋਂ ਕਿ ਖਾਲਸਾ ਸਮਾਚਾਰ ਵਿਚ ਵਧੇਰੇ ਰਚਨਾਵਾਂ ਸਿੱਖ ਧਰਮ ਅਤੇ ਦਰਸ਼ਨ ਨਾਲ ਸਬੰਧਤ ਛਪਣੀਆਂ ਸ਼ੁਰੂ ਹੋਈਆਂ। ਡਾ. ਮੋਘਾ ਸਿੰਘ ਖਾਲਸਾ ਸਮਾਚਾਰ ਨੂੰ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਪਰੰਪਰਾ ਦਾ ਮੋਢੀ ਮੰਨਦੇ ਹਨ।

1901 ਈ: ਵਿਚ ਹੋਂਦ ਵਿਚ ਆਏ ਚੀਫ ਖਾਲਸਾ ਦੀਵਾਨ ਦੀ ਸਥਾਪਤੀ ਵਿਚ ਭਾਈ ਵੀਰ ਸਿੰਘ ਦਾ ਅਹਿਮ ਯੋਗਦਾਨ ਸੀ। 1904 ਈ: ਵਿਚ ਉਹਨਾਂ ਨੇ ਕੇਂਦਰੀ ਖਾਲਸਾ ਯਤੀਮਖਾਨਾ ਅਤੇ 1935 ਈ: ਵਿਚ ਸੂਰਮਾ ਸਿੰਘ ਆਸ਼ਰਮ ਦੀ ਨੀਂਹ ਸਮਾਜ ਸੁਧਾਰ ਦੇ ਉਦੇਸ਼ ਨੂੰ ਪੂਰਿਆਂ ਕਰਨ ਲਈ ਰੱਖੀ। 1908 ਈ: ਵਿਚ ਉਹਨਾਂ ਨੇ ਆਪਣੇ ਕੁਝ ਦੋਸਤਾਂ ਨਾਲ ਮਿਲਕੇ ਪੰਜਾਬ ਐਂਡ ਸਿੰਧ ਬੈਂਕ ਦੀ ਨੀਂਹ ਰੱਖੀ।

ਭਾਈ ਸਾਹਿਬ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਚਾਰ ਨਾਵਲ 'ਸੁੰਦਰੀ' (1898 ਈ:), 'ਬਿਜੈ ਸਿੰਘ' (1899 ਈ:), 'ਸਤਵੰਤ ਕੌਰ' ਪਹਿਲਾ ਭਾਗ (1900 ਈ:) ਅਤੇ ਦੂਜਾ ਭਾਗ (1927 ਈ:) ਅਤੇ 'ਬਾਬਾ ਨੌਧ ਸਿੰਘ' (1921 ਈ:) ਦਿੱਤੇ ਹਨ। "ਸੁੰਦਰੀ, ਬਿਜੈ ਸਿੰਘ ਅਤੇ ਸਤਵੰਤ ਕੌਰ ਤਾਂ ਇਕ ਤਰ੍ਹਾਂ ਦੇ ਇਤਿਹਾਸਕ ਨਾਵਲ ਹਨ, ਜਿਨ੍ਹਾਂ ਵਿਚ ਭਾਈ ਸਾਹਿਬ ਨੇ ਬਹਾਦਰ ਸਿੰਘ ਤੇ ਸਿੰਘਣੀਆਂ ਦੇ ਬਹਾਦਰੀ, ਕੁਰਬਾਨੀ, ਜਤ ਸਤ ਅਤੇ ਗੁਰਸਿਖੀ ਜੀਵਨ ਨੂੰ ਨਾਵਲਾਂ ਦੇ ਰੂਪ ਵਿਚ ਪੇਸ਼ ਕੀਤਾ ਹੈ ਤੇ ਬਾਬਾ ਨੌਧ ਸਿੰਘ ਵਿਚ ਆਪ ਨੇ ਉਸ ਇਤਿਹਾਸਕ ਖੇਤਰ ਨੂੰ ਛੱਡਕੇ ਵਰਤਮਾਨ ਸਮੇਂ ਵਿਚ ਪ੍ਰਚਲਤ ਧਰਮਾਂ ਦਾ ਟਾਕਰਾ ਸਿੱਖ ਧਰਮ ਨਾਲ ਕਰਕੇ ਉਸ ਨੂੰ ਬੜਾ ਉੱਚਾ ਤੇ ਸਰੇਸ਼ਟ ਧਰਮ ਸਾਬਤ ਕੀਤਾ ਹੈ।"(ਵਰਤਮਾਨ ਪੰਜਾਬੀ ਵਾਰਤਕ ਲਿਖਾਰੀ, ਪ੍ਰੋ: ਗੁਰਚਰਨ ਸਿੰਘ ਐਮ. ਏ. ਪੰਨਾ 38)। 'ਸੁੰਦਰੀ' ਤੇ 'ਬਿਜੈ ਸਿੰਘ' ਦੋਨਾਂ ਨਾਵਲਾਂ ਦੀ ਗੋਂਦ ਸੰਖੇਪ ਅਤੇ ਸਰਲ ਹੈ। ਡਾ. ਗੁਪਾਲ ਸਿੰਘ ਦਰਦੀ ਦਾ ਭਾਈ ਵੀਰ ਸਿੰਘ ਦੇ ਨਾਵਲਾਂ ਬਾਰੇ ਕਥਨ ਹੈ, " ਇਨ੍ਹਾਂ ਨਾਵਲਾਂ ਦੀ ਪਾਤਰ ਉਸਾਰੀ ਆਦਰਸ਼ਵਾਦੀ ਹੈ, ਪਰ ਬੋਲੀ ਠੇਠ ਤੇ ਮਿੱਠੀ, ਕਹਾਣੀ ਦਾ ਸੁਆਦ ਤੀਬਰ ਤੇ ਪਲਾਟ ਦੀ ਗੋਂਦ ਹੁਨਰੀ ਹੈ । (20ਵੀਂ ਸਦੀ ਦਾ ਪੰਜਾਬੀ ਸਾਹਿਤ, ਦੀਵਾਨ ਸਿੰਘ, ਪੰਨਾ 26)। ਸ਼ਾਇਦ 'ਸੁੰਦਰੀ' ਪੰਜਾਬੀ ਦੀ ਸਭ ਤੋਂ ਵੱਧ ਪੜ੍ਹੀ ਅਤੇ ਛਪੀ ਪੁਸਤਕ ਹੈ, ਜਿਸ ਦੀਆਂ ਹੁਣ ਤੱਕ ਕਈ ਐਡੀਸ਼ਨਾਂ ਛਪ ਚੁੱਕੀਆਂ ਹਨ।

ਭਾਈ ਸਾਹਿਬ ਦੀ ਪਹਿਲੀ ਕਾਵਿ-ਰਚਨਾ 'ਰਾਣਾ ਸੂਰਤ ਸਿੰਘ' (1902-04) ਮਹਾਂ ਕਾਵਿ ਹੈ। ਜਿਸ ਵਿਚ ਭਾਈ ਸਾਹਿਬ ਨੇ ਸਿੱਖ ਜਾਤੀ ਦੇ ਰਾਜਸੀ ਪਤਨ ਦੇ ਦੁਖਾਂਤ ਨੂੰ ਸਿੱਖ ਧਰਮ ਦੀ ਆਤਮਿਕ ਸ਼ਕਤੀ ਦੁਆਰਾ ਸੰਤੁਲਿਤ

ਕਰਨ ਦਾ ਯਤਨ ਕੀਤਾ ਹੈ। 'ਰਾਣਾ ਸੂਰਤ ਸਿੰਘ' ਪਹਿਲਾਂ ਪਹਿਲ ਟ੍ਰੈਕਟਾਂ ਦੇ ਰੂਪ ਵਿਚ ਛਪਦਾ ਰਿਹਾ ਹੈ ਅਤੇ 1919 ਈ: ਵਿਚ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਹੋਇਆ। ਇਹ ਸਿਰਖੰਡੀ ਛੰਦ ਵਿਚ ਰਚਿਆ ਹੋਇਆ ਹੈ ਅਤੇ ਭਾਈ ਸਾਹਿਬ ਦੀ ਸ਼ਾਹਕਾਰ ਰਚਨਾ ਹੈ। ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਨੂੰ ਹੇਠ ਲਿਖੇ ਕਾਵਿ-ਸੰਗ੍ਰਹਿ ਪ੍ਰਦਾਨ ਕੀਤੇ ਹਨ, 'ਦਿਲ ਤਰੰਗ' (1920 ਈ:), 'ਤਰੇਲ ਤੁਪਕੇ' (1921 ਈ:), 'ਮਟਰ ਹੁਲਾਰੇ' (1922 ਈ:), 'ਬਿਜਲੀਆਂ ਦੇ ਹਾਰ' (1927 ਈ.), 'ਪ੍ਰੀਤ ਵੀਣਾ' (1928 ਈ:), 'ਕੰਬਦੀ ਕਲਾਈ' (1933 ਈ:), 'ਕੰਤ ਮਹੇਲੀ' (1950 ਈ:) ਅਤੇ 'ਮੇਰੇ ਸਾਈਆਂ ਜੀਓ' (1953 ਈ:)। 1955 ਈ: ਵਿਚ ਉਹਨਾਂ ਦੇ ਕਾਵਿ-ਸੰਗ੍ਰਹਿ 'ਮੇਰੇ ਸਾਈਆਂ ਜੀਓ' ਨੂੰ ਭਾਰਤੀ ਸਾਹਿਤ ਅਕਾਦਮੀ ਦਾ ਪ੍ਰਥਮ ਐਵਾਰਡ ਪ੍ਰਾਪਤ ਹੋਇਆ। 'ਸਾਹਿਤਕ ਕਲੀਆਂ'(1973),'ਸਿੱਕਾਂ ਸੱਧਰਾਂ'(1973) ਅਤੇ 'ਆਵਾਜ਼ ਆਈ'(1974) ਕਾਵਿ ਸੰਗ੍ਰਹਿ ਉਹਨਾਂ ਦੀ ਮੌਤ ਉਪਰੰਤ ਪ੍ਰਕਾਸ਼ਿਤ ਹੋਏ।

'ਲਹਿਰਾਂ ਦੇ ਹਾਰ' (1921 ਈ:) ਸੰਗ੍ਰਹਿ ਵਿੱਚ ਦੋ ਕਾਵਿ-ਸੰਗ੍ਰਹਿਆਂ 'ਤ੍ਰੇਲ ਤੁਪਕੇ' ਅਤੇ 'ਦਿਲ ਤਰੰਗ' ਵਿਚ ਸ਼ਾਮਲ ਕਵਿਤਾਵਾਂ ਤੋਂ ਇਲਾਵਾ ਚਾਰ ਲੰਮੇਰੀਆਂ ਕਵਿਤਾਵਾਂ 'ਜੀਵਨ ਕੀ ਹੈ', 'ਬੁਲਬੁਲ ਤੇ ਰਾਹੀ', 'ਪੁਸ਼ਪਾਵਤੀ-ਚੰਦਰਾਵਤ', 'ਬਿਸਮਿਲ ਮੋਰ' ਅਤੇ ਦੋ ਹੋਰ ਛੋਟੀਆਂ ਕਵਿਤਾਵਾਂ 'ਫੁੰਡਿਆ ਤੋਤਾ' ਅਤੇ 'ਗੁਦਾਵਰੀ ਦਾ ਗੀਤ' ਸ਼ਾਮਲ ਹਨ। ਇਸ ਸੰਗ੍ਰਹਿ ਵਿਚ ਭਾਈ ਸਾਹਿਬ ਨੇ 56 ਤੁਰਿਆਈਆਂ ਅੰਕਿਤ ਕੀਤੀਆਂ ਹਨ।

ਭਾਈ ਵੀਰ ਸਿੰਘ ਨੇ ਪਹਿਲੀ ਵਾਰ ਪੰਜਾਬੀ ਕਵਿਤਾ ਵਿੱਚ ਪ੍ਰਕਿਰਤੀ ਚਿਤਰਣ ਦੀ ਲੀਹ ਤੋਰੀ। ਭਾਈ ਸਾਹਿਬ ਦਾ ਕੁਦਰਤ ਪਿਆਰ ਮਟਕ ਹੁਲਾਰੇ ਨਾਂ ਦੇ ਕਾਵਿ-ਸੰਗ੍ਰਹਿ ਵਿੱਚ ਕਸ਼ਮੀਰ ਦੀ ਸੁੰਦਰਤਾ ਸਬੰਧੀ ਅੰਕਿਤ ਕਵਿਤਾਵਾਂ ਵਿੱਚ ਪ੍ਰਕਿਰਤੀ ਦੇ ਦ੍ਰਿਸ਼ਾਂ ਦੇ ਬੜੇ ਮਨਮੋਹਕ ਚਿੱਤਰ ਪੇਸ਼ ਕਰਦਾ ਹੈ। ਭਾਈ ਵੀਰ ਸਿੰਘ ਨੇ ਪਹਿਲੀ ਵਾਰ ਪੰਜਾਬੀ ਕਵਿਤਾ ਵਿਚ ਪ੍ਰਕਿਰਤੀ ਚਿਤਰਣ ਦੀ ਲੀਹ ਤੋਰੀ। ਭਾਈ ਸਾਹਿਬ ਦਾ ਕੁਦਰਤ ਪਿਆਰ 'ਮਟਕ ਹੁਲਾਰੇ' ਨਾਂ ਦੇ ਕਾਵਿ-ਸੰਗ੍ਰਹਿ ਵਿਚ ਕਸ਼ਮੀਰ ਦੀ ਸੁੰਦਰਤਾ ਸੰਬੰਧੀ ਅੰਕਿਤ ਕਵਿਤਾਵਾਂ ਵਿਚ ਪ੍ਰਕਿਰਤੀ ਦੇ ਦ੍ਰਿਸ਼ਾਂ ਦੇ ਬੜੇ ਮਨਮੋਹਕ ਚਿੱਤਰ ਪੇਸ਼ ਕਰਦਾ ਹੈ। 'ਮਟਕ ਹੁਲਾਰੇ' ਦੇ ਪਹਿਲੇ ਭਾਗ ਵਿਚ ਕਵਿਤਾਵਾਂ ਕਸ਼ਮੀਰ ਦੀ ਸੁੰਦਰਤਾ ਬਾਰੇ ਹਨ। ਦੂਜੇ ਭਾਗ ਵਿਚ ਕਸ਼ਮੀਰ ਦੀ ਅਲੋਪ ਹੋ ਚੁੱਕੀ ਸਭਿਅਤਾ ਬਾਰੇ ਹਉਕੇ ਹਨ। ਤੀਜੇ ਭਾਗ 'ਕਸ਼ਮੀਰ ਨਜ਼ਾਰੇ', ਜਿਵੇਂ ਨਾਂ ਤੋਂ ਹੀ ਸਪੱਸ਼ਟ ਹੈ, ਵਿਚ ਕਸ਼ਮੀਰ ਦੇ ਪ੍ਰਾਕ੍ਰਿਤਕ ਦ੍ਰਿਸ਼ਾਂ ਦਾ ਵਰਨਣ ਬੜੀ ਬਾਖੂਬੀ ਨਾਲ ਕੀਤਾ ਹੈ। ਕਵੀ ਕਸ਼ਮੀਰ ਦੀ ਸੁੰਦਰਤਾ ਤੋਂ ਪ੍ਰਭਾਵਤ ਹੋ ਕੇ ਉਸ ਨੂੰ ਟੁਕੜੀ ਜੱਗ ਤੋਂ ਨਿਆਰੀ' ਕਹਿੰਦਾ ਹੈ।

ਭਾਈ ਵੀਰ ਸਿੰਘ ਦੇ ਦੇਸ਼ ਪਿਆਰ ਦਾ 'ਗੰਗਾ ਰਾਮ', 'ਕੁਤਬ ਦੀ ਲਾਠ' 'ਅਟਕ' 'ਅਵਾਂਤੀਪੁਰ ਦੇ ਖੰਡਰ', 'ਪਿੰਜਰੇ ਪਿਆ ਪੰਛੀ' ਆਦਿ ਕਵਿਤਾਵਾਂ ਵਿਚੋਂ ਝਲਕਾਰਾ ਪੈਂਦਾ ਹੈ। ਉਸ ਨੇ ਪੰਜਾਬੀ ਕਵੀਆਂ ਗੁਰਮੁਖ ਸਿੰਘ ਮੁਸਾਫ਼ਿਰ, ਹੀਰਾ ਸਿੰਘ ਦਰਦ, ਮੁਣਸ਼ਾ ਸਿੰਘ ਦੁਖੀ ਆਦਿ ਦੀ ਤਰ੍ਹਾਂ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਹਿੱਸਾ ਨਹੀਂ ਲਿਆ। ਇਹ ਹੀ ਕਾਰਣ ਹੈ ਕਿ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਇਨ੍ਹਾਂ ਕਵੀਆਂ ਦੀ ਤਰ੍ਹਾਂ ਦੇਸ਼ ਪਿਆਰ ਦਾ ਵਰਨਣ ਨਹੀਂ ਮਿਲਦਾ। ਖੇਦ ਦੀ ਗੱਲ ਹੈ ਕਿ ਭਾਈ ਵੀਰ ਸਿੰਘ ਦੇ ਭਾਵ-ਸੰਕਲਪ ਦੇ ਖੇਤਰ ਵਿਚ ਨਾ ਹੀ ਪੰਜਾਬ ਤੇ ਨਾ ਹੀ ਭਾਰਤ, ਆਪਣੇ ਸਮੁੱਚੇ ਰੂਪ ਵਿਚ ਕਿਧਰੇ ਸਾਕਾਰ ਹੁੰਦਾ ਪ੍ਰਤੀਤ ਹੁੰਦਾ ਹੈ। ਉਹ ਕੂਕਦੇ ਠੀਕ ਹਨ ਕਿ ਹਿੰਦੁਸਤਾਨ ਫਾੜੀਆਂ ਵਾਲਾ ਫ਼ਲ ਹੈ, ਪਰ ਇਹ ਕੂਕਣਾ ਹੀ ਇਸ ਗੱਲ ਦੀ ਸਾਖੀ ਹੈ ਕਿ ਉਹ ਆਪ ਇਸ ਦੀ ਇਕ ਫਾੜੀ ਨਾਲ ਹੀ ਸਬੰਧ ਰੱਖਦੇ ਹਨ। (ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ, ਸੰਤ ਸਿੰਘ ਸੇਖੋਂ, ਪੰਨਾ 216)

ਉਹਨਾਂ ਦੀ ਕਵਿਤਾ ਦਾ ਮੁੱਖ ਵਿਸ਼ਾ ਅਧਿਆਤਮਕ ਜਗਤ ਵਿਚ ਵਿਚਰਨ ਲਈ ਪਾਠਕਾਂ ਨੂੰ ਪ੍ਰੇਰਨਾ ਦੇਣਾ ਅਤੇ ਮਾਰਗ ਦਰਸ਼ਨ ਕਰਨਾ ਸੀ। ਇਹ ਵਿਸ਼ਾ ਉਹਨਾਂ ਦੀ ਹਰ ਕਵਿਤਾ ਵਿਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਵਿਦਮਾਨ ਹੈ। ਪੰਜਾਬੀ ਕਵਿਤਾ ਨੂੰ ਰੂਪਕ ਪੱਖੋਂ ਆਧੁਨਿਕ ਰੰਗ ਰੂਪ ਦੇਣ ਵਿਚ ਉਹਨਾਂ ਨੇ ਸੁਚੇਤ ਤੌਰ 'ਤੇ ਯਤਨ ਕੀਤੇ ਹਨ। ਉਹਨਾਂ ਨੇ ਜਿਥੇ ਲੰਬੀਆਂ ਕਵਿਤਾਵਾਂ ਲਿਖੀਆਂ ਉਥੇ ਛੋਟੀਆਂ-ਛੋਟੀਆਂ ਕਵਿਤਾਵਾਂ ਲਿਖ ਕੇ ਕਮਾਲ ਦੇ ਖਿਆਲਾਂ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਨਿਰਸੰਦੇਹ ਉਹ ਆਧੁਨਿਕ

ਪੰਜਾਬੀ ਕਵਿਤਾ ਦੇ ਮੋਢੀ ਸਨ ਅਤੇ ਬਹੁਤ ਸਾਰੇ ਪੰਜਾਬੀ ਕਵੀਆਂ ਨੇ ਉਹਨਾਂ ਦੇ ਪ੍ਰਭਾਵ ਅਧੀਨ ਆਪਣੀ ਰਚਨਾ ਕੀਤੀ।

ਉਹਨਾਂ ਨੇ 'ਰਾਜਾ ਲਖਦਾਤਾ ਸਿੰਘ' ਨਾਟਕ (1910 ਈ:) ਵਿਚ ਛਪਵਾਇਆ। ਇਹ ਸਿੱਖੀ ਸੁਧਾਰ ਦਾ ਪਹਿਲਾ ਪੰਜਾਬੀ ਨਾਟਕ ਹੈ। ਭਾਈ ਸਾਹਿਬ ਨੇ 'ਗੁਰੂ ਕਲਗੀਧਰ ਚਮਤਕਾਰ'(1925 ਈ:), 'ਗੁਰੂ ਨਾਨਕ ਚਮਤਕਾਰ' (1928 ਈ:) ਅਤੇ 'ਅਸ਼ਟ ਗੁਰੂ ਚਮਤਕਾਰ' ਆਦਿ ਵਾਰਤਕ ਰਚਨਾਵਾਂ ਦੀ ਵੀ ਰਚਨਾ ਕੀਤੀ। 'ਗੁਰੂ ਕਲਗੀਧਰ ਚਮਤਕਾਰ' ਅਤੇ 'ਗੁਰੂ ਨਾਨਕ ਚਮਤਕਾਰ' ਪਹਿਲਾਂ ਟ੍ਰੈਕਟਾਂ ਦੀ ਸ਼ਕਲ ਵਿਚ ਛਪੇ ਅਤੇ ਫਿਰ ਕਿਤਾਬੀ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ। 'ਅਸ਼ਟ ਗੁਰੂ ਚਮਤਕਾਰ' ਜਿਸ ਵਿਚ ਸਿੱਖਾਂ ਦੇ ਦੂਜੇ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਨੌਵੇਂ ਗੁਰੂ ਤੇਗ ਬਹਾਦਰ ਜੀ ਤੱਕ ਦੇ ਜੀਵਨ-ਚਰਿਤ੍ਰ ਹਨ, ਉਹਨਾਂ 1952 ਈ: ਵਿਚ ਲਿਖਿਆ। ਭਾਈ ਸਾਹਿਬ ਨੇ ਗੁਰੂ ਸਾਹਿਬਾਨ ਸਬੰਧੀ ਬਿਰਤਾਂਤ ਚਮਤਕਾਰੀ ਢੰਗ ਨਾਲ ਸ਼ਰਧਾਵਾਨ ਸਿੱਖ ਵਜੋਂ ਪੇਸ਼ ਕੀਤੇ ਹਨ। ਭਾਈ ਸਾਹਿਬ ਦੀਆਂ ਇਹਨਾਂ ਕ੍ਰਿਤਾਂ ਨੂੰ ਪੁਰਾਤਨ ਜਨਮ ਸਾਖੀਆਂ ਦੀ ਪਰੰਪਰਾ ਦਾ ਹੀ ਵਿਕਾਸ ਸਮਝਦੇ ਹੋਏ ਆਧੁਨਿਕ ਜਨਮ ਸਾਖੀਆਂ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ। ਇਹਨਾਂ ਨੂੰ ਇਤਿਹਾਸਕ ਜੀਵਨੀਆਂ ਦੀ ਸ੍ਰੇਣੀ ਵਿਚ ਕਦਾਚਿਤ ਨਹੀਂ ਵਿਚਾਰਿਆ ਜਾ ਸਕਦਾ। ਸੰਤ ਸਿੰਘ ਸੇਖੋਂ ਵੀ ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ ਦੇ ਪੰਨਾ 196 'ਤੇ ਲਿਖਦੇ ਹਨ 'ਉਹ ਸਾਖੀਆਂ ਜਿਨ੍ਹਾਂ ਨੂੰ ਜਨਮ ਸਾਖੀਆਂ ਵਿਚ ਕਰਾਮਾਤੀ ਰੰਗ ਵਿਚ ਬਿਆਨ ਕੀਤਾ ਗਿਆ ਹੈ, ਭਾਈ ਵੀਰ ਸਿੰਘ ਨੇ ਯਥਾਰਥਿਕ ਢੰਗ ਨਾਲ ਵਰਨਣ ਕਰਨ ਦਾ ਯਤਨ ਕੀਤਾ ਹੈ।


ਭਾਈ ਸਾਹਿਬ ਨੇ ਮੌਲਿਕ ਰਚਨਾਵਾਂ ਰਚਣ ਤੋਂ ਇਲਾਵਾ ਕੁਝ ਧਾਰਮਿਕ ਗ੍ਰੰਥਾਂ ਦਾ ਸੰਪਾਦਨ ਵੀ ਕੀਤਾ। ਭਾਈ ਸਾਹਿਬ ਨੇ ਕਈ ਵਰ੍ਹੇ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਧਾਰਮਿਕ ਆਸ਼ੇ ਤੋਂ ਪੜਤਾਲ ਕਰਨ ਵਿਚ ਬਿਤਾਏ। ਉਹਨਾਂ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ 1935 ਈ. ਵਿਚ ਸੰਪਾਦਿਤ ਕਰਕੇ ਛਾਪਿਆ। ਸਿੱਖਾਂ ਦੀ ਭਗਤ ਮਾਲਾ (1912) ਪ੍ਰਾਚੀਨ ਪੰਥ ਪ੍ਰਕਾਸ਼ (1914), ਸ੍ਰੀ ਗੁਰੂ ਗ੍ਰੰਥ ਕੋਸ਼ (1925) ਪੁਰਾਤਨ ਜਨਮ ਸਾਖੀ (1926), ਗਿਆਨ ਰਤਨਾਵਲੀ ਅਤੇ ਕਬਿਤ ਭਾਈ ਗੁਰਦਾਸ (1940) ਸੰਪਾਦਿਤ ਕੀਤੇ। ਇਸੇ ਖੇਤਰ ਵਿਚ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁਕੰਮਲ ਟੀਕਾ ਤਿਆਰ ਕਰਨ ਦੀ ਯੋਜਨਾ ਵੀ ਬਣਾਈ, ਪਰ ਇਸ ਯੋਜਨਾ ਨੂੰ ਪੂਰਾ ਨਾ ਕਰ ਸਕੇ। ਉਹ ਕੇਵਲ 641 ਪੰਨਿਆਂ ਤੱਕ ਹੀ ਟੀਕਾ ਤਿਆਰ ਕਰ ਸਕੇ |

ਪੰਜਾਬੀ ਵਾਰਤਕ ਅਤੇ ਕਵਿਤਾ ਨੂੰ ਭਾਈ ਸਾਹਿਬ ਦੀ ਅਹਿਮ ਦੇਣ ਹੈ। ਪੰਜਾਬੀ ਸਾਹਿਤ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਯੂਨੀਵਰਸਿਟੀ ਨੇ 1949 ਈ: ਵਿਚ ਡਾਕਟਰ ਆਫ ਓਰੀਐਂਟਲ ਲਰਨਿੰਗ ਦੀ ਡਿਗਰੀ ਨਾਲ ਸਨਮਾਨਿਆ। ਪੰਜਾਬ ਸਰਕਾਰ ਦੇ ਮਹਿਕਮਾ ਪੰਜਾਬੀ (ਹੁਣ ਭਾਸ਼ਾ ਵਿਭਾਗ) ਨੇ 1951 ਈ: ਵਿਚ ਉਹਨਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਵਜੋਂ ਸਨਮਾਨਿਤ ਕੀਤਾ। 1952 ਈ: ਵਿਚ ਬੰਬਈ ਵਿਖੇ ਹੋਈ ਸਰਬ ਹਿੰਦ ਸਿੱਖ ਵਿਦਿਅਕ ਕਾਨਫਰੰਸ ਸਮੇਂ ਉਹਨਾਂ ਨੂੰ ਅਭਿਨੰਦਨ ਗ੍ਰੰਥ ਭੇਂਟ ਕੀਤਾ ਗਿਆ। 1952 ਈ: ਵਿਚ ਹੀ ਉਹਨਾਂ ਨੂੰ ਪੰਜਾਬ ਵਿਧਾਨ ਪਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ। 1956 ਈ: ਵਿਚ ਉਹਨਾਂ ਨੂੰ ਭਾਰਤ ਸਰਕਾਰ ਵਲੋਂ 'ਪਦਮ ਭੂਸ਼ਨ' ਦੇ ਸਨਮਾਨ ਨਾਲ ਨਿਵਾਜਿਆ ਗਿਆ। ਉਹ 10 ਜੂਨ, 1957 ਨੂੰ ਅੰਮ੍ਰਿਤਸਰ ਵਿਖੇ ਅਕਾਲ ਚਲਾਣਾ ਕਰ ਗਏ ਪਰ ਉਹ ਅੱਜ ਵੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਛਾਏ ਹੋਏ ਹਨ। ਪ੍ਰਿੰਸੀਪਲ ਤੇਜਾ ਸਿੰਘ ਨੇ ਠੀਕ ਹੀ ਕਿਹਾ ਸੀ ਕਿ "ਜੋ ਕੰਮ ਭਾਈ ਵੀਰ ਸਿੰਘ ਨੇ ਪੰਜਾਬੀ ਸਾਹਿਤ ਅਤੇ ਕੌਮ ਦੀ ਉਸਾਰੀ ਵਜੋਂ ਕੀਤਾ, ਉਹ ਦੋ ਸੌ ਵਿਦਵਾਨ ਮਿਲ ਕੇ ਨਹੀਂ ਕਰ ਸਕਦੇ ਸਨ। ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਹਮੇਸ਼ਾ ਹੀ ਭਾਈ ਭਾਈ ਵੀਰ ਸਿੰਘ ਜੀ ਦਾ ਵਿਲੱਖਣ ਸਥਾਨ ਬਣਿਆ ਰਹੇਗਾ। ਭਾਈ ਵੀਰ ਸਿੰਘ ਸਾਨੂੰ ਸਦਾ ਅੱਗੇ ਵਧਣ ਅਤੇ ਉੱਚਾ ਉੱਠਣ ਦੀ ਪ੍ਰੇਰਨਾ ਦਿੰਦੇ ਰਹਿਣਗੇ :

ਉੱਚਾ ਉਠ ਜ਼ਿਮੀਂ ਤੋਂ ਪਿਆਰੇ,
ਤੈਨੂੰ ਖੰਭ ਰੱਬ ਨੇ ਲਾਏ।
ਉਹ ਕਿਉਂ ਰਿੜੇ ਗੋਡਿਆਂ ਪਰਨੇ,
ਜੋ ਉਡ ਅਸਮਾਨੀ ਜਾਏ।
ਉੱਚੀ ਨਜ਼ਰ ਤੇ ਹਿੰਮਤ ਉਚੀ,

ਦਾਈਆ ਉੱਚਾ ਰਖੀਂ।
ਅਰਸ਼ੀ ਭਾਣ ਜਿਵੇਂ ਹੋ ਪੱਲੇ,
ਉਹ ਕਿਉਂ ਭੁੰਜੇ ਆਏ।। (ਉੱਚੀ ਨਜ਼ਰ- ਤ੍ਰੇਲ ਤੁਪਕੇ)
ਜਾਂ ਉਹ ਸਾਨੂੰ ਇਸ ਤਰ੍ਹਾਂ ਪ੍ਰੇਰਨਾ ਕਰਦੇ ਹਨ:
"ਸੀਨੇ ਖਿਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦਰ? ਉਹ ਦਿਨੇ ਰਾਤ ਪਏ ਵਹਿੰਦੇ।"

ਪੁਰਾਣੀ ਤਲਵੰਡੀ ਰੋਡ, ਜ਼ੀਰਾ,
ਜ਼ਿਲ੍ਹਾ ਫ਼ਿਰੋਜ਼ਪੁਰ-142047
97812-00168




## ਸ਼ਾਂਤਾ ਕਲਾਜ

ਓਮਕਾਰ ਸੂਦ ਬਹੋਨਾ

ਪੱਚੀ ਦਸੰਬਰ ਆਇਆ ਹੈ।
ਸ਼ਾਂਤਾ ਕਲਾਜ ਨੂੰ ਲਿਆਇਆ ਹੈ।
ਲਾਲ ਸਫੈਦ ਕੱਪੜੇ ਪਾ ਕੇ,
ਚਿੱਟੀ ਦਾਹੜੀ ਨੂੰ ਚਮਕਾ ਕੇ,
ਬਾਬਾ ਜਿਹਾ ਇੱਕ ਆਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਮੋਢੇ ਉੱਤੇ ਝੋਲਾ ਧਰਕੇ,
ਖੁਸ਼ੀਆਂ ਇਸ ਦੇ ਵਿਚ ਭਰਕੇ,
ਸਭ ਨੂੰ ਵੰਡਣ ਆਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਬੱਚਿਆਂ ਦਾ ਇਹ ਪਿਆਰਾ ਬਾਬਾ,
ਹੈ ਸਾਰੇ ਦਾ ਸਾਰਾ ਬਾਬਾ,
ਨੱਚਦਾ ਟੱਪਦਾ ਆਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਝੋਲੇ ਦੇ ਵਿਚ ਤੋਹਫ਼ੇ ਭਰ ਕੇ,
ਹੱਥ ਵਿਚ ਕ੍ਰਿਸਮਸ ਟੱਲੀ ਫੜ੍ਹਕੇ,
ਹੱਸਣ ਹਸਾਉਣ ਆਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਬੜੇ ਉਦਾਸੇ ਸਾਲ ਰਹੇ ਨੇ,
ਚੱਲਦੇ ਆਪਣੀ ਚਾਲ ਰਹੇ ਨੇ,
ਉਹੀ ਭੁਲਾਵਣ ਆਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਸਭ ਧਰਮਾਂ ਦੀ ਸਾਂਝ ਵਧਾਵੇ,
ਸਾਰੇ ਭੇਦ ਭਾਵ ਮਿਟਾਵੇ,
ਮਰੀਅਮ ਮਾਂ ਦਾ ਜਾਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
ਸਭ ਲਈ ਤੋਹਫ਼ੇ ਲੈ ਕੇ ਆਉਂਦਾ,
ਟਾਫੀਆਂ ਚਾਕਲੇਟ ਵਰਤਾਉਂਦਾ,
ਸਭ ਦੇ ਮਨਾਂ ਨੂੰ ਭਾਇਆ ਹੈ।
ਸ਼ਾਂਤਾ ਕਲਾਜ ਆਇਆ ਹੈ।
'ਮੈਰੀ ਕ੍ਰਿਸਮਿਸ' ਸਭ ਨੂੰ ਕਹੀਏ,
ਹੱਸਦੇ ਹਸਾਉਂਦੇ ਰਹੀਏ,
ਖੁਸ਼ੀ ਸਾਡਾ ਸਰਮਾਇਆ ਹੈ।
ਸ਼ਾਂਤਾ ਕਲਾਜ ਆਇਆ ਹੈ।

ਐਸ.ਜੀ.ਐਮ. ਨਗਰ, ਫਰੀਦਾਬਾਦ
(ਹਰਿਆਣਾ)-121001
96540-36080

## ਸ਼ਹੀਦ ਊਧਮ ਸਿੰਘ



ਬੀ. ਡੀ. ਕਾਲੀਆ

ਰਾਮ ਮੁਹਮੰਦ ਸਿੰਘ ਦੀ ਧਰਤੀ, ਤੁਝ ਕੋ ਮੇਰਾ ਸਲਾਮ
ਦੇਸ਼ ਪ੍ਰੇਮ ਕੇ ਗੀਤ ਸੁਨਾਏਂ, ਤੇਰੇ ਸੁਬਹੋ-ਸ਼ਾਮ।
ਇਸ ਮੱਟੀ ਸੇ ਮਾਥੇ ਪਰ, ਮੈਂ ਪਹਿਲੇ ਲਗਾ ਲੂੰ ਟੀਕਾ
ਫਿਰ ਦਿਲ ਮੇਂ ਇਕ ਦੀਪ ਜਲਾਊਂ ਦੇਸ਼ ਪ੍ਰੇਮ ਕੇ ਘੀ ਕਾ।
ਚੋਲੇ ਕੋ ਮੈਂ ਐਸਾ ਰੰਗ ਦੂੰ, ਕਭੀ ਨਾ ਹੋ ਜੋ ਫ਼ੀਕਾ
ਆਜ ਸ਼ਹੀਦੋਂ ਕਾ ਦੇਨਾ ਹੈ ਤੁਮ ਸਭ ਕੋ ਪੈਗਾਮ
ਤੁਝ ਕੋ ਮੇਰਾ ਸਲਾਮ, ਤੁਝ ਕੋ ਮੇਰਾ ਸਲਾਮ।

ਹਿੰਦੂ, ਮੁਸਲਿਮ, ਸਿੱਖ, ਈਸਾਈ, ਸਭ ਹੈਂ ਭਾਈ ਭਾਈ
ਸਭ ਧਰਮੋਂ ਨੇ ਮਿਲਕਰ ਦੇਖੋ ਕੈਸੀ ਜੋਤ ਜਗਾਈ
ਏਕ ਨੂਰ ਸੇ ਹੀ ਉਪਜੀ ਹੈ, ਇਹ ਸਭ ਲੋਕ ਲੁਕਾਈ
ਊਧਮ ਸਿੰਘ ਭੀ ਬੋਲਾ ਦਿਲ ਸੇ, ਵਾਹਿਗੁਰੂ ਅਲਾਹ ਰਾਮ
ਤੁਝ ਕੋ ਮੇਰਾ ਸਲਾਮ, ਤੁਝ ਕੋ ਮੇਰਾ ਸਲਾਮ।

ਇਸ ਧਰਤੀ ਕੇ ਗਭਰੂ ਕੈਸੇ, ਬਾਂਕੇ ਵੀਰ ਜਵਾਨ
ਵਕਤ ਪੜੇ ਤੋ ਦੇਸ਼ ਪੇ ਵਾਰੇਂ, ਹਸ ਹਸ ਅਪਨੀ ਜਾਨ
ਕੁਰਬਾਨੀ ਸੇ ਹੀ ਬਨਤਾ ਹੈ, ਆਖਿਰ ਦੇਸ਼ ਮਹਾਨ
ਦੇਸ ਕੇ ਵਾਸੀ ਹੱਸ-ਹੱਸ ਪੀਤੇ ਸ਼ਹੀਦੀ ਜਾਮ
ਤੁਝ ਕੋ ਮੇਰਾ ਸਲਾਮ, ਤੁਝ ਕੋ ਮੇਰਾ ਸਲਾਮ।

ਇਸ ਕੀ ਨਦੀਯੋਂ ਮੇ ਬਹਿਤਾ, ਅਮ੍ਰਿਤ ਬਨ ਕਰ ਪਾਣੀ
ਇਸ ਧਰਤੀ ਕੋ ਸੀਸ ਝੁਕਾਏ, ਹਰ ਪਰਬਤ ਅਭਿਮਾਨੀ
ਬੋਲ ਰਹੀ ਹੈ ਕਣ-ਕਣ ਮੇਂ, ਸਬ ਵੀਰੋਂ ਕੀ ਕੁਰਬਾਨੀ
ਹਮ ਨੇ ਸ਼ਹੀਦੋਂ ਕੇ ਆਂਗਨ ਮੇਂ ਦੇਖੇ ਚਾਰੋਂ ਧਾਮ
ਤੁਝ ਕੋ ਮੇਰਾ ਸਲਾਮ ਤੁਝ ਕੋ ਮੇਰਾ ਸਲਾਮ।

ਦੌਲਤ ਕਾ ਅੰਬਾਰ ਲਗਾਏ ਖੇਤੋਂ ਕੀ ਹਰਿਆਲੀ
ਖ਼ੂਨ ਸ਼ਹੀਦੋਂ ਕਾ ਦੇਤਾ ਹੈ ਨਿੱਤ ਊਸ਼ਾ ਕੋ ਲਾਲੀ
ਹੋਠੋਂ ਪਰ ਮੁਸਕਾਨ ਖਿਲੇ ਔਰ ਹਰ ਦਿਲ ਮੇ ਖੁਸ਼ਹਾਲੀ
ਸਭ ਸੇ ਸੁੰਦਰ ਨਾਮ ਕੋ 'ਹਮਦਮ' ਕਹਤੇ ਲੋਗ ਸੁਨਾਮ
ਤੁਝ ਕੋ ਮੇਰਾ ਸਲਾਮ, ਤੁਝ ਕੋ ਮੇਰਾ ਸਲਾਮ।

ਉਧਮ ਸਿੰਘ ਸਰੀਖੇ ਬੱਚੇ ਮਾਂ ਤੂੰ ਪੈਦਾ ਕਰਨਾ
ਦੇਸ਼ ਕੀ ਖਾਤਿਰ ਜੀਨਾ ਜਿਨਕਾ ਦੇਸ਼ ਕੀ ਖਾਤਿਰ ਮਰਨਾ
ਮਾਂ ਕਾ ਜਬ ਵਰਦਾਨ ਹੋ ਤੋ ਫਿਰ ਕਿਆ ਦੁਸ਼ਮਨ ਸੇ ਡਰਨਾ
ਭਾਰਤ ਮਾਂ ਕੀ ਰਕਸ਼ਾ ਹਮਦਮ ਸਭ ਸੇ ਪਹਿਲਾ ਕਾਮ
ਊਧਮ ਸਿੰਘ ਸ਼ਹੀਦ ਕਾ ਸਭ ਕੇ ਨਾਮ ਯਹੀ ਪੈਗਾਮ
ਰਾਮ ਮੁਹੰਮਦ ਸਿੰਘ ਦੀ ਧਰਤੀ, ਤੁਝ ਕੋ ਮੇਰਾ ਸਲਾਮ
ਦੇਸ਼ ਪ੍ਰੇਮ ਕੇ ਗੀਤ ਸੁਨਾਏਂ, ਤੇਰੇ ਸੁਬਹੋ-ਸ਼ਾਮ।

ਮਕਾਨ ਨੰ. 419, ਸੈਕਟਰ-12
ਪੰਚਕੂਲਾ (ਹਰਿਆਣਾ)
98761-41912

**ਸਿਆਣਿਆਂ ਦੀ ਕਦੇ ਭੀੜ ਨਹੀਂ ਹੁੰਦੀ**
**ਅਤੇ ਭੀੜਾਂ ਕਦੇ ਸਿਆਣੀਆਂ ਨਹੀਂ ਹੁੰਦੀਆਂ।**
**ਡਾ: ਇਬਰਾਹੀਮ ਟੀ ਕਵੂਰ**



# ਸੰਪਾਦਕ ਦੇ ਨਾਂ ਪੱਤਰ

**ਸ਼ੋਕ ਮਤਾ**

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਬਹੁਤ ਹੀ ਪਿਆਰੇ ਇਨਸਾਨ ਉੱਚ-ਕੋਟੀ ਦੇ ਲੇਖਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਡਾਇਰੈਕਟਰ ਸ੍ਰੀ ਸੀ.ਆਰ.ਮੌਦਗਿੱਲ ਜੀ ਦੇ ਚਲੇ ਜਾਣ ’ਤੇ ਦੁਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

ਉਹਨਾਂ ਦੇ ਵਿਛੋੜੇ ਨਾਲ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਬਹੁਤ ਮਿਲਾਪੜੇ ਸੁਭਾਅ ਵਾਲੇ ਮਿਠਬੋਲੇ ਇਨਸਾਨ ਸਨ। ਸਾਹਿਤ ਸਭਾ ਦੀਆਂ ਉਹਨਾਂ ਨਾਲ ਬਹੁਤ ਪਿਆਰੀਆਂ ਯਾਦਾਂ ਜੁੜੀਆਂ ਹੋਈਆਂ ਹਨ।

ਸਾਹਿਤ ਸਭਾ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਉਹਨਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ। ਉਹਨਾਂ ਦੀ ਯਾਦ ਵਿੱਚ ਸਭਾ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

**ਲਖਵਿੰਦਰ ਸਿੰਘ ਬਾਜਵਾ**

---

**ਸ਼ੋਕ ਮਤਾ**

ਪੰਜਾਬੀ ਲੋਕ ਸਾਹਿਤ ਸਭਾ ਰਾਣੀਆਂ ਬਹੁਤ ਹੀ ਸਤਿਕਾਰ ਯੋਗ ਇਨਸਾਨ ਉੱਚਕੋਟੀ ਦੇ ਲੇਖਕ ਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਡਾਇਰੈਕਟਰ ਸ੍ਰੀ ਸੀ. ਆਰ. ਮੌਦਗਿੱਲ ਜੀ ਦੇ ਵਿੱਛੜ ਜਾਣ 'ਤੇ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

ਉਹਨਾਂ ਦੇ ਵਿਛੋੜੇ ਨਾਲ ਸਾਹਿਤ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਬਹੁਤ ਮਿਲਾਪੜੇ ਸੁਭਾਅ ਵਾਲੇ ਸੁਹਿਰਦ ਮਿਠਬੋਲੇ ਇਨਸਾਨ ਸਨ। ਸਾਹਿਤ ਸਭਾ ਦੀਆਂ ਉਹਨਾਂ ਨਾਲ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਈਆਂ ਹਨ। ਸਾਹਿਤਕਾਰਾਂ ਨਾਲ ਉਹਨਾ ਦਾ ਵਿਸ਼ੇਸ਼ ਲਗਾਅ ਹਮੇਸ਼ਾਂ ਬਣਿਆ ਰਿਹਾ।

ਸਾਹਿਤ ਸਭਾ ਪ੍ਰਮਾਤਮਾ ਦੇ ਚਰਨਾ ਵਿੱਚ ਅਰਦਾਸ ਕਰਦੀ ਹੈ ਕਿ ਪ੍ਰਮਾਤਮਾ ਉਹਨਾ ਦੀ ਜੀਵ ਆਤਮਾ ਨੂੰ ਸ਼ਾਂਤੀ ਬਖਸ਼ੇ। ਪੰਜਾਬੀ ਲੋਕ ਸਾਹਿਤ ਸਭਾ ਰਾਣੀਆਂ ਵੱਲੋਂ ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਦਿੱਤੀ ਗਈ।

**ਸੁਭਾਸ਼ ਸਲੂਜਾ**

---

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਬੜੇ ਵਿਸ਼ੇਸ਼ ਉਪਰਾਲੇ ਪਿਛਲੇ ਕੁਝ ਸਮੇਂ ਤੋਂ ਜੋ ਹੋਏ, ਉਹ ਆਪ ਜੀ ਦੀ ਕਾਬਲ ਸਰਦਾਰੀ ਹੇਠ ਹੋਰ ਵੀ ਚਮਕ ਪਏ ਨੇ। ਬਾਕੀ ਅਕਾਦਮੀਆਂ ਤੇ ਉਪਰਾਲੇ ਇਸ ਵਿਸ਼ੇਸ਼ ਯਤਨ ਨੂੰ ਪਿੱਛੇ ਨਹੀਂ ਪਾ ਸਕਦੇ। ਆਪ, ਪੰਜਾਬੀ ਵਿਰਸੇ, ਪੰਜਾਬੀਅਤ ਅਤੇ ਪੰਜਾਬੀ ਬੋਲੀ ਦੀ ਸੇਵਾ ਕਰਦਿਆਂ ਪੰਜਾਬੀ ਸਾਹਿਤਕਾਰਿਤਾ ਵਿਚ ਆਪਣਾ ਨਿਵੇਕਲਾ ਸਥਾਨ ਬਣਾ ਰਹੇ ਹੋ, ਵਧਾਈ ਦੇ ਪਾਤਰ ਹੋ।

ਅਗਲਾ ਕਦਮ ਭਾਰਤ ਦੀ ਸਮੁੱਚੀ ਵਿਲੱਖਣਤਾ ਵਿਚ ਸਾਡੀ ਸਾਂਝ ਨੂੰ ਹੋਰ ਅੱਗੇ ਲਿਜਾਣਾ ਹੈ। ਜੋ ਮਹਾਨ ਸਾਹਿਤ ਪੰਜਾਬੀ ਕਲਮਾਂ ਨੇ ਹਰਿਆਣਾ ’ਚ ਬੈਠ ਰਚਿਆ ਹੈ, ਉਹ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਵੀ ਉੱਲਥਿਆ ਜਾਣਾ ਚਾਹੀਦੈ। ਰਾਸ਼ਟਰੀ ਪੱਧਰ ’ਤੇ ਵੀ ਅਸਾਡੀਆਂ ਮਹਾਨ ਕ੍ਰਿਤੀਆਂ ਨੂੰ ਥਾਂ ਮਿਲਣੀ ਚਾਹੀਦੀ ਹੈ। ਪੰਜਾਬੀ ਵਿਰਸੇ ਨਾਲ ਜੋ ਵਤੀਰਾ ਹੋਇਆ ਹੈ, ਉਸ ਨੂੰ ਹੁਣ ਸੰਭਾਲਣ ਦੀ ਲੋੜ ਹੈ। ਇਸ ਲਈ ਆਪ ਦੀ ਸਖ਼ਸ਼ੀਅਤ ਵਾਹਿਤ ਨਿਸ਼ਾਨ ਦਿੱਸ ਰਹੀ ਹੈ। ਕਦੀ ਮੇਲ ਹੋਏ ਤਾਂ ਵਿਚਾਰਾਂਗੇ ਰਹੇ।

ਬਹੁਤ ਸਾਰੇ ਸਨੇਹ ਅਤੇ ਨਿੱਜੀ ਸਤਿਕਾਰ ਸਹਿਤ!

**ਸੁਰਜੀਤ ਕੁੰਜਾਹੀ, ਫਰੀਦਾਬਾਦ**

# ਲੇਖਕ ਸੱਜਣਾਂ ਲਈ ਬੇਨਤੀ

1. ਆਪਣੀ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾ ਹੀ 'ਸ਼ਬਦ ਬੂੰਦ' ਲਈ ਭੇਜੀ ਜਾਵੇ।
2. ਰਚਨਾ ਫੁੱਲ-ਸਕੇਪ ਕਾਗਜ਼ 'ਤੇ ਇੱਕ ਪਾਸੇ, ਟਾਈਪ ਕੀਤੀ ਜਾਂ ਸ਼ੁੱਧ ਲਿਖਤ ਵਿਚ ਹੋਣੀ ਚਾਹੀਦੀ ਹੈ। ਅਸਪੱਸ਼ਟ, ਨਾ ਪੜ੍ਹੀ ਜਾ ਸਕਣ ਵਾਲੀ ਅਤੇ ਅਪ੍ਰਕਾਸ਼ਿਤ ਰਚਨਾ ਲੇਖਕ ਨੂੰ ਵਾਪਸ ਨਹੀਂ ਭੇਜੀ ਜਾਵੇਗੀ।
3. ਆਉਣ ਵਾਲੇ ਮਹੀਨਿਆਂ ਦੇ ਮਹੱਤਵਪੂਰਨ ਦਿਨ, ਤਿਉਹਾਰਾਂ, ਮਹਾਂਪੁਰਸ਼ਾਂ ਦੇ ਜਨਮ ਦਿਵਸ ਤੇ ਸ਼ਹੀਦੀ ਦਿਵਸਾਂ, ਇਤਿਹਾਸਿਕ ਤਾਰੀਖਾਂ ਨਾਲ ਸੰਬੰਧਤ ਰੌਚਕ ਮੌਲਿਕ ਤੇ ਅਣਛਪੀ ਸਮੱਗਰੀ ਦੋ ਤਿੰਨ ਮਹੀਨੇ ਪਹਿਲਾਂ ਹੀ ਤਿਆਰ ਕਰਕੇ ਭੇਜੋ ਤਾਂ ਕਿ ਉਸ ਮਹੀਨੇ ਦਾ ਅੰਕ ਪ੍ਰਕਾਸ਼ਿਤ ਕਰਦੇ ਸਮੇਂ ਸਮੱਗਰੀ ਦੀ ਸਹੀ ਚੋਣ ਕਰਨ ਵਿੱਚ ਆਸਾਨੀ ਰਹੇ।
4. ਲੇਖਕ ਆਪਣੀ ਰਚਨਾ ਦੀ ਸੌਫ਼ਟ ਕਾਪੀ ਪਰੂਫ ਰੀਡਿੰਗ ਕਰਕੇ ਅਕਾਦਮੀ ਦੀ ਈ-ਮੇਲ : **hpsaa55@gmail.com** 'ਤੇ (**Raavi Font**) ਹੀ ਭੇਜਣ।
5. ਲੇਖਕਾਂ ਅਤੇ ਸਾਹਿਤ-ਸਭਾਵਾਂ ਨੂੰ ਬੇਨਤੀ ਹੈ ਕਿ ਆਪੋ-ਆਪਣੇ ਇਲਾਕੇ ਦੀਆਂ ਪ੍ਰਮੁੱਖ ਸਾਹਿਤਕ ਗਤੀਵਿਧੀਆਂ ਦੀ ਸੰਖੇਪ ਰਿਪੋਰਟ ਫੋਟੋ ਆਦਿ ਸਮੇਤ ਭੇਜੀ ਜਾਵੇ ਤਾਂ ਕਿ ਉਸਨੂੰ ਸਾਹਿਤਕ ਗਤੀਵਿਧੀਆਂ ਵਾਲੇ ਕਾਲਮ ਵਿਚ ਉਚਿਤ ਸਥਾਨ ਦਿੱਤਾ ਜਾ ਸਕੇ।
6. 'ਸ਼ਬਦ ਬੂੰਦ' ਲੇਖਕਾਂ ਦੀ ਆਪਣੀ ਆਵਾਜ਼ ਹੈ। ਇਸ ਆਵਾਜ਼ ਨੂੰ ਸ਼ਕਤੀਸ਼ਾਲੀ ਤੇ ਸਿਹਤਮੰਦ ਬਣਾਉਣ ਵਿਚ ਤੁਹਾਡਾ ਯੋਗਦਾਨ ਕਾਰਗਰ ਸਿੱਧ ਹੋ ਸਕਦਾ ਹੈ।
7. ਸੰਪਾਦਕ ਦੇ ਨਾਮ ਲਿਖੇ ਪੱਤਰ ਵਿੱਚ ਸੰਪਾਦਕ ਜਾਂ 'ਸ਼ਬਦ ਬੂੰਦ' ਨਾਲ ਸੰਬੰਧਤ ਕਿਸੇ ਅਧਿਕਾਰੀ ਦੀ ਪ੍ਰਸੰਸਾ/ਨਿੰਦਿਆ ਕਰਨ ਦੀ ਬਜਾਏ ਪਤ੍ਰਿਕਾ ਵਿਚ ਪ੍ਰਕਾਸ਼ਿਤ ਸਮੱਗਰੀ 'ਤੇ ਹੀ ਸੰਖੇਪ, ਸਾਹਿਤਕ ਭਾਸ਼ਾ ਵਿੱਚ ਸਕਾਰਾਤਮਕ ਟਿੱਪਣੀ ਕੀਤੀ ਜਾਵੇ।
8. 'ਸ਼ਬਦ ਬੂੰਦ' ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਰਚਨਾਵਾਂ ਲਈ ਸੰਬੰਧਤ ਲੇਖਕਾਂ ਨੂੰ ਉਚਿਤ ਮਾਨਦੇਅ ਰਾਸ਼ੀ ਵੀ ਦਿੱਤੀ ਜਾਂਦੀ ਹੈ। ਇਸ ਲਈ ਲੇਖਕ ਆਪਣਾ ਬੈਂਕ ਅਕਾਊਂਟ ਨੰਬਰ, ਆਈ.ਐਫ.ਐਸ.ਸੀ. ਕੋਡ, ਬ੍ਰਾਂਚ, ਬੈਂਕ ਦਾ ਨਾਮ, ਪਾਸਬੁੱਕ ਦੇ ਪਹਿਲੇ ਸਫ਼ੇ ਦੀ ਫੋਟੋ ਕਾਪੀ ਜ਼ਰੂਰ ਭੇਜਣ ਤਾਂ ਕਿ ਮਾਨਦੇਅ ਰਾਸ਼ੀ ਸਿੱਧੀ ਸੰਬੰਧਤ ਲੇਖਕ ਦੇ ਖਾਤੇ ਵਿੱਚ ਜਮਾਂ ਕਰਵਾਈ ਜਾ ਸਕੇ।
9. ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 'ਸ਼ਬਦ ਬੂੰਦ' ਬਾਰੇ ਆਪਣੇ ਸੁਝਾਅ ਅਕਾਦਮੀ ਨੂੰ ਭੇਜਣ।

**'ਸ਼ਬਦ ਬੂੰਦ' ਦੇ ਮੈਂਬਰ ਬਣਨ ਲਈ ਆਪਣਾ ਚੰਦਾ ਬੈਂਕ ਡਰਾਫਟ ਜਾਂ ਚੈੱਕ ਦੁਆਰਾ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਨਾਮ 'ਤੇ ਭੇਜਣ ਦੀ ਕ੍ਰਿਪਾਲਤਾ ਕਰੋ।**

ਸਾਲਾਨਾ ਚੰਦਾ 200/- ਰੁਪਏ


ਐਡੀਟਰ, ਪ੍ਰਿੰਟਰ ਤੇ ਪ੍ਰਕਾਸ਼ਕ ਡਾਇਰੈਕਟਰ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਨੇ ਮੈ. ਆਡੀਆ ਕੈਟੇਲਿਸਟ ਆਈ. ਐਨ. ਸੀ. ਪ੍ਰਿੰਟਰਜ਼ ਪਲਾਟ ਨੰ.410 ਜੇ.ਐਲ.ਪੀ.ਐਲ ਇੰਡਸਟਰੀਅਲ ਏਰੀਆ, ਸੈਕਟਰ-82 ਮੋਹਾਲੀ ਤੋਂ ਛਪਵਾ ਕੇ 'ਸ਼ਬਦ ਬੂੰਦ' ਦਸੰਬਰ-2022 ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਆਈ.ਪੀ.-16, ਸੈਕਟਰ-14, ਪੰਚਕੂਲਾ (ਹਰਿਆਣਾ) ਤੋਂ ਜਾਰੀ ਕੀਤਾ।

## ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਲਾਇਬ੍ਰੇਰੀ ਲਈ ਪ੍ਰਾਪਤ ਪੁਸਤਕਾਂ ਲੇਖਕਾਂ ਨੂੰ ਅਕਾਦਮੀ ਵੱਲੋਂ ਬਹੁਤ-ਬਹੁਤ ਮੁਬਾਰਕਾਂ !

**ਮਾਲਵੇ ਦੇ ਸੱਭਿਆਚਾਰ ਦੀ ਖੁਸ਼ਬੋਈ**

**ਵਿਸ਼ਾ :**
ਲੇਖ ਸੰਗ੍ਰਹਿ


**ਲੇਖਕ :**
ਸੁਰਿੰਦਰ ਸ਼ਰਮਾ ਨਾਗਰਾ



**ਹਿੰਮਤ ਦੇ ਹਾਸਲ**

**ਵਿਸ਼ਾ :**
ਸਵੈ-ਜੀਵਨੀ


**ਲੇਖਕ :**
ਦਲੀਪ ਸਿੰਘ ਉੱਪਲ




**ਬੋਹੜਾਂ ਵਾਲਾ ਖੂਹ**

**ਵਿਸ਼ਾ :**
ਕਹਾਣੀ-ਸੰਗ੍ਰਹਿ


**ਲੇਖਕ**
ਮਹਿੰਗਾ ਸਿੰਘ ਕਲਸੀ




**ਮਜਾਜੀ ਰੂਹਾਂ**

**ਵਿਸ਼ਾ :**
ਕਹਾਣੀ-ਸੰਗ੍ਰਹਿ


**ਲੇਖਕ :**
ਐਡਵੋਕੇਟ ਅਮਨਦੀਪ ਸਿੰਘ



**ਬੜੀ ਤਕਲੀਫ਼ ਹੁੰਦੀ ਏ**

**ਵਿਸ਼ਾ :**
ਗ਼ਜ਼ਲ ਸੰਗ੍ਰਹਿ

**ਲੇਖਕ**
ਕੁਲਵੰਤ ਸਿੰਘ 'ਰਫ਼ੀਕ'




**ਉੱਤਰ-ਪਾਠ ਸਮੀਖਿਆ**

**ਵਿਸ਼ਾ :**
ਆਲੋਚਨਾ

**ਲੇਖਕ**
ਡਾ. ਨਰਿੰਦਰ ਪਾਲ ਸਿੰਘ



RNI-HARPUN/2001-5797
ISSN2456-544X

# ਸਾਹਿਤਕ ਗਤੀਵਿਧੀਆਂ


ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਿਪਟੀ ਚੇਅਰਮੈਨ ਸ. ਗੁਰਵਿੰਦਰ ਸਿੰਘ ਧਮੀਜਾ
ਸ੍ਰੀ ਭਾਰਤ ਭੂਸ਼ਣ ਭਾਰਤੀ ਜੀ ਨੂੰ ਮੁੱਖ ਮੰਤਰੀ ਹਰਿਆਣਾ ਦੇ ਰਾਜਨੀਤਿਕ ਸਲਾਹਕਾਰ ਬਣਨ ਤੇ ਵਧਾਈ ਦਿੰਦੇ ਹੋਏ।


ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਨਿਰਦੇਸ਼ਕ ਹਿਮਾਚਲ ਦੇ ਡੀ.ਜੀ.ਪੀ ਨਾਲ ਮੁਲਾਕਾਤ ਕਰਦੇ ਹੋਏ।


ਸਰਬ ਭਾਰਤੀ ਪੰਜਾਬੀ ਕਾਨਫ਼ਰੰਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ


ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ, ਗੁਰੂਸਰ ਸਧਾਰ (ਲੁਧਿਆਣਾ)



ਪੰਜਾਬੀ ਅਧਿਐਨ ਵਿਭਾਗ ਖ਼ਾਲਸਾ ਕਾਲਜ, ਅੰਮ੍ਰਿਤਸਰ


ਵੈਲਫੇਅਰ ਸੁਸਾਇਟੀ ਸਾਹਾ (ਅੰਬਾਲਾ) ਵਲੋਂ ਸਰਕਾਰੀ ਹਾਈ ਸਕੂਲ ਪੇਪਲਾ ਵਿੱਖੇ ਇਨਾਮ ਵੰਡ ਸਮਾਰੋਹ ਦਾ ਆਯੋਜਨ


ਅੰਬਾਲਾ ਸਾਹਿਤਕ ਸਭਾ


ਪੰਜਾਬੀ ਯੂਨੀਵਰਸਿਟੀ ਪਟਿਆਲਾ


ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ-26 ਚੰਡੀਗੜ੍ਹ

*if undelivered please return to:*
Haryana Punjabi Sahitya Akademi
I.P. : 16, Sec-14, Panchkula-134113 (HARYANA)

Printed Matter
**BOOK POST**
Posted Under Periodical Rate